

ਮਹਾਨ ਗਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ
ਪ੍ਰੋ. ਐਚ. ਐਲ. ਕਪੂਰ ਦਾ ਲੇਖ (ਪੜ੍ਹੋ ਸਫਾ 15 ਤੇ)

ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 11
June 18, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com


'ਕੌਮ ਦਾ ਸਿਤਾਰਾ ਸ਼ਹੀਦ ਹਰਨਾਮ ਸਿੰਘ ਸਾਹਰੀ'
ਡਾ. ਜਸਵੰਤ ਰਾਏ ਦੀ ਕਿਤਾਬ ਡਾ. ਰਘਬੀਰ ਕੌਰ ਨੇ ਕੀਤੀ ਰਿਲੀਜ਼ ( ਸਫਾ 10 ਤੇ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਅੰਬੇਡਕਰ ਦਾ ਘਰ ਐਕਵਾਇਰ ਕਰਨ ਦੀ ਤਿਆਰੀ 'ਚ ਭਾਰਤ



**ਲੰਡਨ–** ਭਾਰਤ ਲਗਭਗ 40 ਲੱਖ ਪੌਂਡ ਵਿਚ ਇਥੇ ਸਥਿਤ ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਅਤੇ ਹਿਊਮਨ ਰਾਈਟਸ ਚੈਂਪੀਅਂ ਬਾਬਾ ਸਾਹਿਬ ਡਾ ਭੀਮਰਾਓ ਅੰਬੇਡਕਰ ਨਾਲ ਸਬੰਧਿਤ ਇਕ ਪ੍ਰਮੁੱਖ ਜਾਇਦਾਦ ਨੂੰ ਅਕਵ-ਾਇਰ ਕਰਨ ਦੀ ਤਿਆਰੀ ਵਿਚ ਹੈ ਜਿੱਥੇ ਡਾ. ਅੰਬੇਡਕਰ 1920 ਦੇ ਦਹਾਕੇ ਵਿਚ ਆਪਣੇ ਵਿਦਿਆਰਥੀ ਜੀਵਨ ਦੌਰਾਨ ਰਹਿੰਦੇ ਸਨ। ਉੱਤਰੀ ਲੰਡਨ ਦੇ ਚਾਕ ਫਾਰਮ ਖੇਤਰ ਵਿਚ 10 ਕਿੰਗ ਹੈਨਰੀ ਰੋਡ ਸਥਿਤ ਟਾਊਨ ਹਾਲ ਦੇ ਬਾਹਰ ਇਕ ਦਸਤਖਤਸ਼ੁਦਾ ਇਕ 'ਅੰਡਰਆਫਰ' ਤੋਂ ਪਤਾ ਲੱਗਦਾ ਹੈ ਕਿ ਵਿਕਰੀ ਪ੍ਰਕਿਰਿਆ ਪੂਰੀ ਹੋਣ ਦੇ ਨੇੜੇ ਹੈ।

## ਅਮਰੀਕੀ ਸੰਸਦ 'ਚ ਗੂੰਜੀ ਸਿੱਖਾਂ ਦੀ ਅਪੀਲ



**ਵਾਸ਼ਿੰਗਟਨ–** ਇਕ ਪ੍ਰਭਾਵਸ਼ਾਲੀ ਅਮਰੀਕੀ ਸੰਸਦ ਨੇ ਕਿਹਾ ਕਿ ਅਮਰੀਕੀ ਫੌਜ ਨੂੰ ਨਿਯਮਾਂ ਮੁਤਾਬਕ *(ਬਾਕੀ ਖਬਰ ਸਫਾ 9 ਤੇ ਦੇਖੋ)*

# 81 ਫੁੱਟ ਉਚਾ ਦੁਨੀਆਂ ਦਾ ਸਭ ਤੋਂ ਵੱਡਾ ਖੰਡਾ ਕੌਮ ਹਵਾਲੇ ਕੀਤਾ

## ਖ਼ਾਲਸਈ ਜਾਹੋ ਜਲਾਲ ਨਾਲ ਸਥਾਪਨਾ ਦਿਵਸ ਸਮਾਗਮ ਸ਼ੁਰੂ

**ਸ੍ਰੀ ਆਨੰਦਪੁਰ ਸਾਹਿਬ–** ਸ੍ਰੀ ਆਨੰਦਪੁਰ ਸਾਹਿਬ ਦੇ 350ਵੇਂ ਸਥਾਪਨਾ ਦਿਵਸ ਸਬੰਧੀ ਤਿੰਨ ਦਿਨਾਂ ਸਮਾਗਮਾਂ ਦੀ ਸ਼ੁਰੂਆਤ ਅੱਜ ਖਾਲਸਾਈ ਜੈਕਾਰਿਆਂ ਤੇ ਧਾਰਮਿਕ ਰਵਾਇਤਾਂ ਨਾਲ ਹੋ ਗਈ। ਇਸ ਮੌਕੇ ਜਿੱਥੇ ਗੁਰਦੁਆਰਾ ਭੋਰਾ ਸਾਹਿਬ ਵਿੱਚ 15 ਜੂਨ ਤੋਂ ਸ਼ੁਰੂ ਕੀਤੇ ਅਖੰਡ ਪਾਠ ਦੇ ਭੋਗ ਪਾਏ ਗਏ, ਉੱਥੇ ਮੁੜ ਅਖੰਡ ਪਾਠ ਅਰੰਭ ਕਰਵਾਏ ਗਏ, ਜਿਹੜੇ 19 ਜੂਨ ਨੂੰ ਸੰਪੂਰਨ ਹੋਣਗੇ। ਕਿਲਾ ਲੋਹਗੜ੍ਹ ਸਾਹਿਬ ਦੀ ਪੁਰਾਤਨ ਦਿੱਖ ਅਨੁਸਾਰ ਕਾਰ ਸੇਵਾ ਮਗਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਨੂੰ ਸੰਗਤ ਨੂੰ ਸਮਰਪਿਤ ਕੀਤਾ। ਆਨੰਦਪੁਰ ਸਾਹਿਬ ਦੇ ਪੰਜ ਪਿਆਰਾ ਪਾਰਕ ਵਿੱਚ ਸਥਾਪਤ 81 ਫੁੱਟ ਉੱਚੇ ਖੰਡੇ ਨੂੰ ਅੱਜ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਨੁੱਖਤਾ ਨੂੰ ਸਮਰਪਿਤ ਕੀਤਾ। ਇਸ ਮੌਕੇ ਪੂਰਾ ਪੰਜ ਪਿਆਰਾ ਪਾਰਕ ਖਾਲਸਾਈ ਰੰਗ ਵਿੱਚ ਰੰਗਿਆ ਹੋਇਆ ਸੀ। ਜਿੱਥੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਪੰਜ ਨਗਾਰੇ ਵਜਾਏ ਜਾ ਰਹੇ ਸਨ, ਉੱਥੇ ਨਰਸਿੰਘੇ ਵਜਾ ਕੇ ਵੀ ਖਾਲਸਾਈ ਜਾਹੋ ਜਲਾਲ ਦਾ ਅਹਿਸਾਸ ਕਰਵਾਇਆ ਜਾ ਰਿਹਾ ਸੀ। ਪਾਰਕ ਵਿੱਚ ਨੌਜਵਾਨਾਂ ਵੱਲੋਂ ਗੱਤਕੇ ਦੇ ਪ੍ਰਦਰਸ਼ਨ ਦੇ ਨਾਲ ਮਾਹੌਲ ਵੇਖਦਿਆਂ ਹੀ ਬਣਦਾ ਸੀ। ਇਸ ਵੱਡ ਅਕਾਰੀ ਖੰਡੇ ਦੇ ਪ੍ਰਾਜੈਕਟ ਨੂੰ ਨੇਪਰੇ ਚਾੜ੍ਹਨ ਵਾਲੀ ਟੀਮ ਵਿੱਚ ਸ਼ਾਮਲ ਜੀ. ਐਸ. ਰੇਡੀਏਟਰਸ ਦੇ ਐਮ.ਡੀ. ਰਣਜੋਧ ਸਿੰਘ ਨੇ ਕਿਹਾ ਕਿ ਖਾਲਸਾਈ ਸ਼ਾਨ ਦੇ ਪ੍ਰਤੀਕ ਇਸ ਧਾਰਮਿਕ ਚਿੰਨ੍ਹ ਦੇ ਵਿਸ਼ਾਲ ਆਕਾਰ ਦੇ ਨਿਰਮਾਣ ਲਈ ਬਾਬਾ ਕਰਨੈਲ ਸਿੰਘ ਟੱਲੇਵਾਲ, ਚਮਕੌਰ ਸਿੰਘ ਟੱਲੇਵਾਲ ਅਤੇ ਸਤਨਾਮ ਇੰਜਨੀਅਰਿੰਗ ਮੋਗਾ ਦੇ ਮਾਲਕਾਂ ਨੇ ਸਹਿਯੋਗ ਦਿੱਤਾ।



ਇਸ ਮੌਕੇ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਕਮੇਟੀ ਨੇ ਇਹ ਅਹਿਦ ਲਿਆ ਸੀ ਕਿ ਸਥਾਪਨਾ ਦਿਵਸ ਦੇ ਮੱਦੇਨਜ਼ਰ ਇੱਥੇ ਸਥਿਤ ਕਿਲਿਆਂ ਨੂੰ ਮਹਿਜ਼ ਗੁਰਦੁਆਰੇ ਨਾ ਰੱਖ ਕੇ ਪੁਰਾਤਨ ਕਿਲਿਆਂ ਵਾਂਗ ਵਿਕਸਤ ਕੀਤਾ ਜਾਵੇ। ਇਸ ਤਹਿਤ ਕਿਲਾ ਲੋਹਗੜ੍ਹ ਸਾਹਿਬ ਦੀ ਕਾਰ ਸੇਵਾ ਬਾਬਾ ਜੋਗਿੰਦਰ ਸਿੰਘ ਡੂਮੇਲੀ ਵਾਲਿਆਂ ਨੂੰ ਦਿੱਤੀ ਗਈ ਸੀ। ਉਨ੍ਹਾਂ ਰਿਕਾਰਡ ਸਮੇਂ ਵਿੱਚ ਸੇਵਾ ਨੂੰ ਨੇਪਰੇ ਚਾੜ੍ਹਿਆ। ਭਾਵੇਂ ਅਜੇ ਹੋਰ ਵੀ ਕੰਮ ਹੋਣਾ ਹੈ ਪਰ ਜਿਸ ਤਰ੍ਹਾਂ ਕਿਲੇ ਦੀ ਬਾਹਰੀ ਦਿੱਖ ਤਿਆਰ ਕਰਵਾਈ ਗਈ ਹੈ, ਉਹ

(ਬਾਕੀ ਸਫਾ 18 ਤੇ ਦੇਖੋ)

## ਪਹਿਲਾ ਕੌਮਾਂਤਰੀ ਯੋਗਾ ਦਿਵਸ ਮਨਾਵੇਗਾ ਭਾਰਤੀ ਕੌਂਸਲੇਟ ਜਨਰਲ ਸਾਨਫਰਾਂਸਿਸਕੋ



**ਸਾਨ ਫਰਾਂਸਿਸਕੋ–** ਸੰਯੁਕਤ ਰਾਸ਼ਟਰ ਦੁਆਰਾ 21 ਜੂਨ ਨੂੰ ਕੌਮਾਂਤਰੀ ਯੋਗਾ ਦਿਵਸ ਵਜੋਂ ਐਲਾਨ ਕੀਤੇ ਜਾਣ ਤੋ ਂਬਾਅਦ ਪਹਿਲੀ ਵਾਰ ਭਾਰਤੀ ਕੌਂਸਲੇਟ ਜਨਰਲ ਸਾਨ ਫਰਾਂਸਿ-ਸਕੋ ਵੱਲੋਂ ਇਸ ਦਿਨ ਨੂੰ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਵਰਣਨਯੋਗ ਹੈ ਕਿ ਕੌਮਾਂਤਰੀ ਯੋਗਾ ਦਿਵਸ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯਤਨਾਂ ਸਦਕਾ ਸਫਲ ਹੋ ਸਕਿਆ ਹੈ। ਨਰਿੰਦਰ ਮੋਦੀ ਨੇ ਪਿਛਲੇ ਸਾਲ ਸੰਯੁਕਤ ਰਾਸ਼ਟਰ ਅਸੈਂਬਲੀ ਵਿਚ ਇਹ ਮੁੱਦਾ ਉਠਾਇਆ ਸੀ। (ਬਾਕੀ ਸਫਾ 9 ਤੇ)


Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com


GR Video Production
Where precious moments are captured
Gurinder Purewal
Videographer/Photographer
For bookings, call (510) 921-6626
or Kash Fabrics: (510) 538-1138
grvideoproduction01@gmail.com
www.grvideoproduction.com

KSR AUTO REPAIR
Complete Auto Repair
Import & Domestic
Honda & Acura Specialist Toyta, Lexus, Nissan, Mazda
Mercedes Benz, BMW, Volvo, Volkswager

50 % Off
On Labor
Brackes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd
Santa Clara, CA 95054
408-235-8654
Cell 510-579-8583
Fax 408-235-8674


MANDEEP SANDHU
msandhu2014@gmail.com
Note: I am not an Immigration Attorney.
SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
(209-373-3562)
3222 PENELOPE DR.
STOCKTON, CA- 95212
(NEAR HWY 99 ON MORADA LANE)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
510- 733- 2222
1421 Industrial PKWY
West#F Hayward, CA 94544
Prop: Jasbir Singh Takhar
510-755-2132

Harmandeep Singh


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539




ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵਿਖੇ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਪੰਜਵੀਂ ਪਾਤਸ਼ਾਹੀ ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 21 ਜੂਨ (ਦਿਨ ਐਤਵਾਰ) ਨੂੰ ਪੂਰਨ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 19 ਜੂਨ (ਸ਼ੁੱਕਰਵਾਰ)
ਪਾਠ ਦੇ ਭੋਗ ਅਤੇ ਕੀਰਤਨ ਦਰਬਾਰ 21 ਜੂਨ (ਐਤਵਾਰ)




ਗੁਰੂ ਘਰ ਦੀ ਕਮੇਟੀ ਵੱਲੋਂ ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਇਸ ਦਿਹਾੜੇ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

## ਵੱਲੋਂ: ਸਮੂਹ ਪ੍ਰਬੰਧਕ ਕਮੇਟੀ

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823
ਦਲਵਿੰਦਰ ਰੱਲ੍ਹ (ਕੈਸ਼ੀਅਰ)
530-933-3938

ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ
ਗੁਰੂ ਘਰ ਦਾ ਫੋਨ ਨੰਬਰ
**530-674-2564**

ਪ੍ਰਸ਼ੋਤਮ ਸੂਦ (ਚੇਅਰਮੈਨ)
530-845-4508
ਰਾਮ ਸੇਵਕ ਭਾਟੀਆ
530-701-4370

SHRI GURU RAVIDASS TEMPLE 1480 HAYNE AVENUE, YUBA CITY, CA 95993



# Golden State Truck Sales Inc.

## ਗੋਲਡਨ ਸਟੇਟ ਟਰੱਕ ਸੇਲਜ਼ ਇੰਕ.



Buy Quality Used Trucks



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।

ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ

ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ (ਦੀਵਾਲੀਆਪਣ), ਫਸਟ ਟਾਈਮ ਬਾਇਰ (ਪਹਿਲੀ ਵਾਰ ਖਰੀਦਣ ਵਾਲੇ), ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।

**Call : Dharminder Singh**

**Cell : 530-870-6600**



Email: myfuturetruck@gmail.com
2535 Front St. West Sacramento, CA 95691

Cell : 530-870-6600
Fax : 530-405-1429

# ਸੈਕਰਾਮੈਂਟੋ/ ਐਲਕ ਗਰੋਵ ਦਾ ਤੀਆਂ ਦਾ ਮੇਲਾ 16 ਅਗਸਤ ਨੂੰ

**ਸੈਕਰਾਮੈਂਟੋ–** ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸੈਕਰਾਮੈਂਟੋ ਵੱਲੋਂ ਇਸ ਵਾਰ ਦੇ ਤੀਆਂ ਦੇ ਮੇਲੇ ਸਬੰਧੀ ਇਸਤਰੀ ਵਿੰਗ ਦੀ ਇਕ ਅਹਿਮ ਮੀਟਿੰਗ 14 ਜੂਨ ਦਿਨ ਐਤਵਾਰ ਨੂੰ ਐਲਕ ਗਰੋਵ ਪਾਰਕ ਵਿਖੇ ਹੋਈ, ਜਿਸ ਵਿਚ ਵੱਧ ਚੜ੍ਹ ਕੇ ਪਰਿਵਾਰਾਂ ਸਮੇਤ ਬੀਬੀਆਂ ਨੇ ਭਾਗ ਲਿਆ। ਤੀਆਂ ਦਾ ਮੇਲਾ ਇਸ ਸਾਲ 16 ਅਗਸਤ ਦਿਨ ਐਤਵਾਰ ਨੂੰ 1 ਵਜੇ ਐਸ. ਈ. ਐਸ. ਹਾਲ 10427 ਈਸਟ ਸਟਾਕਟਨ ਬੁਲਾਵਰਡ ਵਿਖੇ ਕਰਵਾਇਆ ਜਾ ਰਿਹਾ ਹੈ।

ਇਹ ਤਿਉਹਾਰ ਕੁੜੀਆਂ-ਚਿੜੀਆਂ ਦਾ ਤਿਉਹਾਰ ਹੈ। ਪੰਜਾਬੀ ਸਭਿਆਚਾਰ ਤਹਿਤ ਸਾਉਣ ਦੇ ਮਹੀਨੇ 'ਚ ਵਿਆਹੀਆਂ-ਵਰ੍ਹੀਆਂ ਕੁੜੀਆਂ ਪੇਕੀਂ ਵਾਪਸ ਪਰਤ ਆਉਂਦੀਆਂ ਹਨ ਤੇ ਦੇਰ ਰਾਤ ਤੱਕ ਗਿੱਧਾ, ਬੋਲੀਆਂ, ਵੀਰਾਂ ਦੇ ਸੁੱਖਾਂ ਵਾਲੇ ਗੀਤ ਗਾਉਂਦੀਆਂ ਹਨ ਤੇ ਖੁਸ਼ੀ ਮਨਾਉਂਦੀਆਂ ਹਨ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਸੁਸਾਇਟੀ ਪਿੱਛਲੇ 26 ਸਾਲ ਤੋਂ ਦੋ ਸਭਿਆਚਾਰਕ ਮੇਲੇ ਕਰਵਾਉਂਦੀ ਹੈ।

ਮੁੱਖ ਮਕਸਦ ਸਾਡਾ ਇਹੀ ਹੈ ਕਿ ਅਸੀਂ ਆਪਣੇ ਸਭਿਆਚਾਰ ਨੂੰ ਇੱਥੋਂ ਦੇ ਬੱਚਿਆਂ ਵਿਚ ਤੇ ਇੱਥੋਂ ਦੀ ਕਮਿਊਨਿਟੀ ਵਿਚ ਲਿਜਾ ਸਕੀਏ। ਇਸ ਮੇਲੇ 'ਚ ਹਰ ਸਾਲ ਦੀ ਤਰ੍ਹਾਂ ਗਿੱਧਾ, ਗੀਤ-ਸੰਗੀਤ ਤੇ ਲਾਈਵ ਬੋਲੀਆਂ ਪੇਸ਼ ਕੀਤੀਆਂ ਜਾਣਗੀਆਂ। ਹਰ ਉਮਰ ਦੀਆਂ ਔਰਤਾਂ ਨੂੰ ਇਸ ਮੇਲੇ ਵਿਚ ਆਉਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਇਸ ਮੇਲੇ ਦੀ ਕੋਈ ਟਿਕਟ ਨਹੀਂ ਹੈ। ਮੇਲੇ ਵਿਚ ਕੱਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਗਾਏ ਜਾਣਗੇ।



ਅੰਤ ਵਿਚ ਮਨਦੀਪ ਫਰਵਾਲਾ ਨੇ ਆਈਆਂ ਸਾਰੀਆਂ ਭੈਣਾਂ ਦਾ ਧੰਨਵਾਦ ਕੀਤਾ। ਪਿਛਲੇ ਸਾਲ ਦੇ ਮੇਲੇ ਦੀ ਕਾਮਯਾਬੀ ਦੀ ਸਾਰਿਆਂ ਨੂੰ ਵਧਾਈ ਦਿੱਤੀ।

ਇਸ ਮੀਟਿੰਗ ਵਿਚ ਜਿਹਨਾਂ ਭੈਣਾਂ ਨੇ ਹਾਜ਼ਰੀ ਲਗਵਾਈ ਉਹਨਾਂ ਵਿਚ ਜਤਿੰਦਰ, ਰਾਜਵੀਰ ਕੌਰ, ਮਨਦੀਪ, ਰਵਿੰਦਰ ਕੌਰ, ਨਿਰਮਲ ਕੌਰ, ਦਲਜੀਤ ਕੌਰ, ਰੁਪਿੰਦਰ ਮੱਲ੍ਹੀ, ਪਰਮਜੀਤ ਕੌਰ, ਰੁਪਿੰਦਰ ਕੌਰ, ਬਲਜਿੰਦਰ ਢਿੱਲੋਂ, ਰਾਜਵਿੰਦਰ ਕੌਰ, ਸੁਰਿੰਦਰ ਕੌਰ, ਪਰਮਜੀਤ ਕੌਰ, ਬਲਦੇਵ ਕੌਰ, ਰਸ਼ਪਾਲ ਕੌਰ, ਭਵਨਦੀਪ ਗਿੱਲ, ਸਰਬਜੀਤ ਕੌਰ, ਪਰਮਜੀਤ ਔਲਖ, ਜਸਵਿੰਦਰ ਕੌਰ, ਪਰਮਜੀਤ ਕੌਰ, ਰਾਣੀ ਸਰਹੱਦੀ, ਕਮਲਪ੍ਰੀਤ ਢਿੱਲੋਂ, ਹਰਪ੍ਰੀਤ ਸਹੋਤਾ, ਰਮਨਦੀਪ ਕੌਰ, ਅਮਨਦੀਪ ਕੌਰ, ਸਿਮਰਨ ਸੰਧੂ, ਰਾਣੀ ਬਿੰਦਰਾ, ਰਾਜਵਿੰਦਰ ਕੌਰ ਤੇ ਮਨਦੀਪ ਫਰਵਾਲਾ, ਮਨਜੀਤ ਗਰੇਵਾਲ, ਸਿੰਦਰ ਕੌਰ ਆਦਿ ਨੇ ਭਾਗ ਲਿਆ। ਹੋਰ ਜਾਣਕਾਰੀ ਲਈ ਮਨਦੀਪ ਫਰਵਾਲਾ 212-1826, ਬਲਦੇਵ ਕੌਰ 996-2010, ਰਸ਼ਪਾਲ ਪਰਹਾਰ 730-7191 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਰਿਵਰਸਾਈਡ ਵੱਲੋਂ ਭਾਈ ਹਵਾਰੇ ਦੇ ਮਾਤਾ ਜੀ ਦਾ ਸਨਮਾਨ



**ਰਿਵਰਸਾਈਡ (ਬਲਵਿੰਦਰਪਾਲ ਸਿੰਘ ਖਾਲਸਾ)** ਸਾਊਥ ਕੈਲੇਫੋਰਨੀਆ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ ਰਿਵਰਸਾਈਡ ਦੀ ਪ੍ਰਬੰਧਕ ਕਮੇਟੀ ਨੇ ਪੰਥਕ ਜਥੇਬੰਦੀਆਂ ਵਿਚੋਂ ਕੈਲੇਫੋਰਨੀਆ ਗਤਕਾ ਦਲ ਤੇ ਸੰਗਤਾਂ ਦੇ ਸਹਿਯੋਗ ਨਾਲ ਸਿੱਖ ਕੌਮ ਦੇ ਬਹਾਦਰ ਤੇ ਜਾਂਬਾਜ਼ ਨਾਇਕਾਂ ਵਿਚੋਂ ਇਕ ਭਾਈ ਜਗਤਾਰ ਸਿੰਘ ਹਵਾਰਾ ਦੇ ਮਾਤਾ ਜੀ ਬੀਬੀ ਨਰਿੰਦਰ ਕੌਰ ਨੂੰ ਬੀਤੇ ਦਿਨੀ ਹਫਤਾਵਾਰੀ ਦੀਵਾਨ ਵਿਚ ਸਤਿਕਾਰ ਨਾਲ ਸਨਮਾਨਿਤ ਕੀਤਾ। ਜੂਨ 1984 ਦੇ ਘੱਲੂਘਾਰੇ ਦੇ ਸਮਾਗਮਾਂ ਦੇ ਚਲਦਿਆਂ ਇੰਗਲੈਂਡ ਤੋਂ ਜਾਗੋ ਵਾਲਿਆਂ ਦਾ ਕਵੀਸ਼ਰੀ ਜਥੇ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀਆਂ ਭਰਦਿਆਂ ਘੱਲੂਘਾਰੇ ਦੇ ਨਤੀਜੇ ਵਜੋਂ ਖਾਲਿਸਤਾਨ ਦੀ ਕਾਇਮੀ ਲਈ ਚੱਲ ਰਹੀ ਜੱਦੋ ਜਹਿਦ ਬਾਰੇ ਕਵੀਸ਼ਰੀ ਕਲਾ ਦੀਆਂ ਨਜ਼ਮਾਂ ਤੇ ਕੌਮ ਦੇ ਮਹਾਨ ਨਾਇਕ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਦੀ ਕੁਰਬਾਨੀ ਦੀਆਂ ਦਾਸਤਾਨਾਂ ਸੰਗਤਾਂ ਨੂੰ ਲਗਾਤਾਰ ਸੁਣਾਈਆਂ, ਸਿੱਖ ਜਗਤ ਵਿਚ ਬੇਹੱਦ ਮਕਬੂਲ ਜਾਗੋ ਵਾਲੇ ਜਥੇ ਨੇ ਇਸ ਦਿਨ ਆਪਣੀ ਕਲਾ ਦੀ ਪੇਸ਼ਕਾਰੀ ਕਰਦਿਆ, ਜੋਸ਼ੀਲੀਆਂ ਕਵਿਤਾਵਾਂ ਨਾਲ ਬਹਾਦਰਾਂ ਦੇ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਮਾਤਾ ਜੀ ਦੇ ਆਉਣ ਉਤੇ ਕੈਲੇਫੋਰਨੀਆ ਗਤਕਾ ਦਲ ਨੇ ਸਤਿਕਾਰ ਵਜੋਂ ਤਲਵਾਰਾਂ ਨਾਲ ਮਾਤਾ ਜੀ ਨੂੰ ਸਲਾਮੀ ਪੇਸ ਕੀਤੀ।

ਹਫਤਾਵਾਰੀ ਦੀਵਾਨ ਵਿਚ ਪ੍ਰਬੰਧਕ ਕਮੇਟੀ ਨੇ ਮਾਤਾ ਜੀ ਨੂੰ ਵਿਸ਼ੇਸ਼ ਤੌਰ ਉਤੇ ਸੱਦਾ ਭੇਜ ਕੇ ਸਿਰੋਪਾ ਸਾਹਿਬ ਦੀ ਬਖਸਿਸ਼ ਨਾਲ ਸਨਮਾਨਿਤ ਕੀਤਾ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੁਰਪ੍ਰੀਤ ਸਿੰਘ, ਚੇਅਰਮੈਨ ਭਾਈ ਉਜਾਗਰ ਸਿੰਘ ਉਪੱਲ, ਸਾਬਕਾ ਚੇਅਰਮੈਨ ਭਾਈ ਪਰਮਜੀਤ ਸਿੰਘ ਤੇ ਮੁੱਖ ਗਰੰਥੀ ਭਾਈ ਤਜਿੰਦਰ ਸਿੰਘ ਜੋ ਪ੍ਰਸਿੱਧ ਕਥਾਕਾਰ ਭਾਈ ਪਿੰਦਰਪਾਲ ਸਿੰਘ ਦੇ ਭਰਾ ਹਨ, ਨੇ ਸੰਗਤਾਂ ਨਾਲ ਵੀਚਾਰ ਸਾਂਝੇ ਕਰਦਿਆਂ ਭਾਈ ਹਵਾਰਾ ਤੇ ਹੋਰ ਦਲੇਰ ਸਿੰਘਾਂ ਦੀਆਂ ਜੀਵਨੀਆਂ ਤੇ ਮੌਜੂਦਾ ਸੰਘਰਸ਼ ਬਾਰੇ ਵੀਚਾਰਾਂ ਸੰਗਤਾਂ ਨਾਲ ਸਾਂਝੀਆਂ ਕੀਤੀਆ।

## ਕਮਲ ਬੰਗਾ ਪਰਿਵਾਰ ਨੂੰ ਅਸਹਿ ਸਦਮਾ



**ਸੈਕਰਾਮੈਂਟੋ–** ਇਹ ਬੜੇ ਹੀ ਦੁੱਖ ਦੀ ਘੜੀ ਤੇ ਨਾ ਸਹਿਣ ਵਾਲੀ ਖਬਰ ਹੈ ਜਦੋਂ ਕਿ ਧਰਮਪਾਲ (ਪਾਲ ਸੱਲ੍ਹਣ) ਸੋਮਵਾਰ ਨੂੰ ਅਚਾਨਕ ਬਰੇਨ ਹੈਮਰਜ਼ ਹੋਣ ਨਾਲ ਕੁਦਰਤ ਵੱਲੋਂ 54 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਤੋਂ ਸਦਾ ਲਈ ਵਿਛੜ ਗਿਆ ਹੈ। ਜਿਸ ਨਾਲ ਘਰ ਅਤੇ ਦਿਲਾਂ ਵਿਚ ਸੋਗ ਛਾ ਗਿਆ। ਪਾਲ ਆਪਣੇ ਪਿੱਛੇ ਪਤਨੀ ਸੁਰਿੰਦਰ ਕੌਰ, ਬੇਟੀ ਮੋਨਿਕਾ ਕਾਜਲਾ, ਬੇਟੀ ਰੇਖਾ ਅਤੇ ਬੇਟਾ ਗੁਲਜੀਤ ਸੱਲ੍ਹਣ ਨੂੰ ਰੋਂਦੇ ਕੁਰਲਾਉਂਦੇ ਛੱਡ ਗਿਆ। ਇਸ ਉਪਰੰਤ ਆਪਣਾ ਪਿਤਾ ਰਾਮ ਪ੍ਰਕਾਸ਼, ਭਰਾ ਸੁੱਚਾ ਰਾਮ, ਭਰਾ ਸ਼ਾਇਰ ਕਮਲ ਬੰਗਾ, ਭੈਣ ਪਰਮਜੀਤ ਭਾਟੀਆ ਤੇ ਭੈਣ ਰਾਣੀ ਅਹੀਰ ਨਾਲ ਵੀ ਦਹਾਕਿਆਂ ਦਾ ਮੋਹ ਤੋੜ ਗਿਆ। ਉਹਨਾਂ ਦਾ ਅੰਤਿਮ ਸਸਕਾਰ ਸਨਿਚਰਵਾਰ 20 ਜੂਨ ਨੂੰ ਸਟਾਕਟਨ ਬੁਲੇਵਾਰਡ ਸੈਕਰਾਮੈਂਟੋ ਮੈਮੋਰੀਅਲ ਲਾਨ 'ਚ 10 ਤੋਂ ਇਕ ਵਜੇ ਤੱਕ ਕੀਤਾ ਜਾਵੇਗਾ ਅਤੇ ਬਾਅਦ ਵਿਚ 3 ਵਜੇ ਅੰਤਿਮ ਅਰਦਾਸ ਗੁਰੂ ਘਰ ਰਿਓਲਿੰਡਾ ਵਿਖੇ ਹੋਵੇਗੀ। ਬੰਗਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ 916-388-8337 ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਦਾਰਾ 'ਦੇਸ਼ ਦੁਆਬਾ' ਇਸ ਦੁੱਖ ਦੀ ਘੜੀ ਨਾਲ ਬੰਗਾ ਪਰਿਵਾਰ ਨਾਲ ਦੁੱਖ ਪ੍ਰਗਟ ਕਰਦਾ ਹੈ।

## ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਦੀ ਚੋਣ ਸੰਪੰਨ-ਡਾ. ਗੁਰੂਮੇਲ ਸਿੱਧੂ ਅਗਲੇ ਦੋ ਸਾਲਾਂ ਕਈ ਚੇਅਰਮੈਨ ਚੁਣੇ ਗਏ

**ਹੇਵਰਡ–** ਬੀਤੇ ਦਿਨੀਂ ਵਿਪਸਾਅ ਵਲੋਂ ਸੁਖਦੇਵ ਸਾਹਿਲ ਦੇ ਗ੍ਰਹਿ ਵਿਖੇ ਇਕ ਸਾਹਿਤਕ ਮਿਲਣੀ ਆਯੋਜਿਤ ਕੀਤੀ ਗਈ। ਇਸ ਮੌਕੇ ਸੁਖਵਿੰਦਰ ਸਿੰਘ ਕੰਬੋਜ ਨੇ ਆਪਣੇ ਕਾਰਜ ਕਾਲ ਦੌਰਾਨ ਹੋਈਆਂ ਸਾਹਿਤਕ ਸਰਗਰਮੀਆਂ ਦਾ ਜ਼ਿਕਰ ਕਰਦਿਆਂ ਆਪਣੀ ਟੀਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਟੀਮ ਵਲੋਂ ਸਥਾਨਿਕ ਸਾਹਿਤਕਾਰਾਂ ਬਾਰੇ ਰੂ ਬ ਰੂ ਇਕ ਨਿਵੇਕਲੀ ਪ੍ਰਾਪਤੀ ਹੈ। ਇਸ ਤੋਂ ਬਾਅਦ ਵਿਪਸਾਅ ਦੀਆਂ ਗਤੀਵਿਧੀਆਂ ਨੂੰ ਹੋਰ ਗਤੀਸ਼ੀਲ ਕਰਨ ਲਈ ਵਿਚਾਰਾਂ ਹੋਈਆਂ। ਨਨੂੰ ਨੂਰ ਤੇ ਵਿਪਸਆ ਦੀ ਵੈੱਬ ਸਾਈਟ ਬਣਾਉਣ ਦੀ ਜ਼ਿਮੇਵਾਰੀ ਲਈ। ਇਕ ਲੰਮੇ ਵਿਚਾਰ-ਵਟਾਂਦਰੇ ਤੋਂ ਬਾਅਦ ਡਾ ਗੁਰੂਮੇਲ ਸਿੱਧੂ ਨੂੰ ਅਗਲੇ ਦੋ ਸਾਲਾਂ ਲਈ ਚੇਅਰਮੈਨ ਥਾਪਿਆ ਗਿਆ। ਉਹ ਆਪਣੀ ਕਾਰਜ ਕਾਰਨੀ ਦੀ ਘੋਸ਼ਣਾ ਜਲਦੀ ਕਰਨਗੇ। ਇਸ ਉਪਰੰਤ ਜਗਜੀਤ ਨੌਸ਼ਿਹਰਵੀ ਨਾਲ ਰੂ ਬ ਰੂ ਕੀਤਾ ਗਿਆ। ਜਗਜੀਤ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਗੱਲ ਬਾਤ ਕਰਨ ਤੋਂ ਬਾਅਦ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਡਾ ਗੁਰੂਮੇਲ ਸਿੱਧੂ ਨੇ ਕਿਹਾ ਕਿ ਜਗਜੀਤ ਦੀ ਕਾਵਿ -ਕਲਾ ਦੀ ਵਿਸ਼ੇਸ਼ਤਾ ਉਸ ਵਲੋਂ ਚੁਣੇ ਜਾਂਦੇ ਨਿਵੇਕਲੇ ਵਿਸ਼ੇ ਹਨ। ਕਿਸੇ ਵੀ ਰਚਨਾ ਦੇ ਵਿਸ਼ੇ ਦਾ ਆਪਣੇ ਆਪ ਵਿਚ ਵਿਲੱਖਣ ਹੋਣਾ ਵੱਡੀ ਗੱਲ ਹੈ। ਹਰਜਿੰਦਰ ਕੰਗ ਨੇ ਕਿਹਾ ਕਿ ਜਗਜੀਤ ਬਹੁਤ ਸੰਜੀਦਾ ਕਵੀ ਹੈ। ਉਸਦੀ ਸ਼ਇਰੀ ਵਿਚਲੀ ਗੰਭੀਰਤਾ ਮਨ ਨੂੰ ਟੁੰਬਦੀ ਹੈ। ਸੁਖਵਿੰਦਰ ਕੰਬੋਜ ਨੇ ਕਿਹਾ ਕਿ ਉਸਨੇ ਜਗਜੀਤ ਦੀ ਕਵਿਤਾ ਨੂੰ ਵਿਕਸਤ ਹੁੰਦੇ ਤੱਕਿਆ ਹੈ। ਉਸਦੀ ਵਿਕਾਸ ਮੁਖੀ ਕਵਿਤਾ ਨੇ ਚੇਤਨਾ ਨਾਲ ਰਿਸ਼ਤਾ ਜੋੜਿਆ ਹੈ।



ਸੁਰਿੰਦਰ ਸੀਰਤ ਨੇ ਜਗਜੀਤ ਦੀ ਸਮੁੱਚੀ ਸ਼ਾਇਰੀ ਤੇ ਵਿਸਥਾਰ ਨਾਲ ਪਰਚਾ ਪੜ੍ਹਦੇ ਕਿਹਾ ਕਿ ਉਸਦੀ ਸ਼ਾਇਰੀ ਵਿਚ ਸਪੱਸ਼ਟਤਾ ਅਤੇ ਸੰਕਲਪ ਦੇ ਨਾਲ਼-ਨਾਲ਼ ਹੇਰਵਾ ਹੈ।

ਗੁਲਸ਼ਨ ਦਿਆਲ ਨੇ ਕਿਹਾ ਕਿ ਜਗਜੀਤ ਇਕ ਵਧੀਆ ਸ਼ਾਇਰ ਹੋਣ ਦੇ ਨਾਲ- ਨਾਲ ਵਧੀਆ ਇਨਸਾਨ ਵੀ ਹੈ। ਕੁਲਵਿੰਦਰ ਨੇ ਕਿਹਾ ਕਿ ਉਹ ਜਗਜੀਤ ਦੀ ਸ਼ਾਇਰੀ ਦਾ ਮੁਰੀਦ ਹੈ। ਡਾ ਖੁਆਜਾ ਨੇ ਕਿਹਾ ਕਿ ਉਹ ਜਗਜੀਤ ਦੀ ਸ਼ਾਇਰੀ ਤੋਂ ਬਹੁਤ ਪ੍ਰਭਾਵਿਤ ਹਨ। ਉਹ ਜਗਜੀਤ ਦਾ ਪ੍ਰਕਾਸਿਤ ਕਾਵਿ-ਸੰਗ੍ਰਿਹ ਜਲਦੀ ਦੇਖਣਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਜਗਜੀਤ ਦੀ ਸ਼ਾਇਰੀ ਉਰਦੂ ਭਾਸ਼ਾ ਵਿਚ ਵੀ ਮਕਬੂਲ ਹੋਵੇਗੀ। ਇਸ ਸਮੇਂ ਇੰਡੀਆ ਤੋਂ ਸਾਹਿਤ ਜਗਤ ਦੇ ਜਾਣੇ ਪਛਾਣੇ ਸਾਹਿਤਕਾਰ ਜਨਮੇਜਾ ਸਿਘ ਜੌਹਲ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਉਨ੍ਹਾਂ ਪੰਜਾਬ ਦੀਆਂ ਸਾਹਿਤਕ ਗਤੀ-ਵਿਧੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਅਮਰੀਕੀ ਪੰਜਾਬੀ ਸਾਹਿਤ ਨੂੰ ਪੰਜਾਬ ਦੀ ਨੌਜਵਾਨ ਪੀੜ੍ਹੀ ਦੇ ਹੱਥਾਂ ਤੱਕ ਪਹੁੰਚਾਉਣ ਲਈ ਉਸਾਰੂ ਸੁਝਾਅ ਵੀ ਦਿੱਤੇ।

ਦੁਪਹਿਰ ਦੇ ਖਾਣੇ ਤੋਂ ਬਾਅਦ ਕਵੀ ਦਰਬਾਰ ਹੋਇਆ ਜਿਸ ਵਿਚ ਰੇਸ਼ਮ ਸਿੱਧੂ, ਸੁਖਵਿੰਦਰ ਕੰਬੋਜ, ਗੁਲਸ਼ਨ ਦਿਆਲ, ਜਗਜੀਤ ਨੌਸ਼ਿਹਰਵੀ, ਸੁਰਿੰਦਰ ਸੀਰਤ, ਪਿੰਸੀਪਲ ਹਜ਼ੂਰਾ ਸਿੰਘ, ਕਮਲ ਪਾਲ, ਡਾ ਖੁਆਜਾ ਓਮ ਪ੍ਰਕਾਸ਼, ਨਨੂੰ ਨੂਰ, ਨੀਲਮ ਸੈਣੀ, ਤਾਰਾ ਸਿੰਘ ਸਾਗਰ ਅਤੇ ਕੁਲਵਿੰਦਰ ਨੇ ਭਾਗ ਲਿਆ।

ਸੁਖਦੇਵ ਸਾਹਿਲ ਨੇ ਸ਼ਿਵ ਦੇ ਗੀਤਾਂ ਨਾਲ ਮਹਿਫ਼ਲ ਨੂੰ ਚਾਰ ਚੰਨ ਲਗਾਏ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਕੁਲਵਿੰਦਰ ਨੇ ਬਾਖ਼ੂਬੀ ਨਿਭਾਇਆ।

# ਬਸਪਾ ਨੂੰ ਮਜਬੂਤ ਕਰਨ ਲਈ ਅਹੁਦੇਦਾਰਾਂ ਦਾ ਲਗਾਇਆ ਕੈਡਰ ਕੈਂਪ

## ਸ੍ਰੀ ਕਸ਼ਯਪ ਤੇ ਸ. ਕਰੀਮਪੁਰੀ ਨੇ ਲਿਆ ਕੈਡਰ ਕੈਂਪ, ਨੌਜਵਾਨਾਂ ਦੀ ਸੰਗਠਨ ਵਿਚ 50 ਫੀਸਦੀ ਸ਼ਮੂਲੀਅਤ ਕੀਤੀ ਲਾਜਮੀ



**ਫਗਵਾੜਾ (ਬੀ. ਕੇ. ਰੱਤੂ)-** ਬਹੁਜਨ ਸਮਾਜ ਪਾਰਟੀ (ਬਸਪਾ) ਨੂੰ ਸੂਬੇ ਵਿਚ ਸੱਤ੍ਹਾ ਤੱਕ ਲੈ ਜਾਣ ਦੀਆਂ ਤਿਆਰੀਆਂ ਦੇ ਤਹਿਤ ਅੱਜ ਇੱਥੇ ਪਾਰਟੀ ਦੇ ਸੂਬਾ ਦਫਤਰ ਵਿਖੇ ਜਲੰਧਰ ਜੋਨ ਦੇ ਅਹੁਦੇਦਾਰਾਂ ਦਾ ਇਕ ਕੈਡਰ ਕੈਂਪ ਲਗਾਇਆ ਗਿਆ। ਜਿਸ ਵਿਚ ਬਸਪਾ ਦੇ ਰਾਸ਼ਟਰੀ ਜਨਰਲ ਸਕੱਤਰ, ਰਾਜਸਭਾ ਮੈਂਬਰ ਤੇ ਪੰਜਾਬ ਇੰਚਾਰਜ ਸ੍ਰੀ ਨਰਿੰਦਰ ਕਸ਼ਯਪ ਤੇ ਬਸਪਾ ਸੂਬਾ ਪ੍ਰਧਾਨ ਤੇ ਸਾਬਕਾ ਰਾਜਸਭਾ ਮੈਂਬਰ ਸ. ਅਵਤਾਰ ਸਿੰਘ ਕਰੀਮਪੁਰੀ ਨੇ ਅਹੁਦੇਦਾਰਾਂ ਨੂੰ ਬਸਪਾ ਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਵਲੋਂ ਦਿੱਤੇ ਨਿਰਦੇਸ਼ਾਂ ਦੇ ਤਹਿਤ ਜਾਗਰੂਕ ਕੀਤਾ ਕਿ ਉਨ੍ਹਾਂ ਕਿਵੇਂ ਸੂਬੇ ਵਿਚ ਪਾਰਟੀ ਸੰਗਠਨ ਦਾ ਨਿਰਮਾਣ ਤੇ ਵਿਸਤਾਰ ਕਰਨਾ ਹੈ। ਸੂਬੇ ਵਿਚ ਪਾਰਟੀ ਸੰਗਠਨ ਦੇ ਕੀਤੇ ਗਏ ਪੁਨਰਗਠਨ ਦੇ ਤਹਿਤ ਪਾਰਟੀ ਨੂੰ ਤਿੰਨ ਜੋਨਾਂ ਜਲੰਧਰ, ਫਿਰੋਜਪੁਰ ਤੇ ਪਟਿਆਲਾ ਵਿਚ ਵੰਡਿਆ ਗਿਆ ਹੈ। ਜਲੰਧਰ ਤੇ ਫਿਰੋਜਪੁਰ ਵਿਚ ਸੱਤ ਸੱਤ ਤੇ ਪਟਿਆਲਾ ਵਿਚ ਅੱਠ ਜਿਲਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਹਰ ਜੋਨ ਦੇ ਤਿੰਨ ਇੰਚਾਰਜ ਲਗਾਏ ਗਏ ਹਨ, ਜੋ ਕਿ ਜੋਨ ਵਿਚ ਸੰਗਠਨ ਦੀ ਮਜਬੂਤੀ ਲਈ ਕੰਮ ਕਰਨਗੇ। ਜਲੰਧਰ ਜੋਨ ਵਿਚ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਤਰਨ ਤਾਰਨ, ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ ਜਿਲਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਅੱਜ ਦੇ ਕੈਡਰ ਕੈਂਪ ਵਿਚ ਇਨ੍ਹਾਂ ਸਾਰੇ ਜਿਲਿਆਂ ਦੀਆਂ ਵਿਧਾਨਸਭਾਵਾਂ ਦੇ ਅਹੁਦੇਦਾਰਾਂ ਨੇ ਹਿੱਸਾ ਲਿਆ। ਇਸ ਵਿਚ ਸ੍ਰੀ ਕਸ਼ਯਪ ਨੇ ਦੱਸਿਆ ਕਿ ਪਾਰਟੀ ਦਾ ਫੋਕਸ ਸੰਗਠਨ ਵਿਚ ਮਜਬੂਤ ਲੀਡਰਸ਼ਿਪ ਤਿਆਰ ਕਰਨਾ ਹੈ ਜੋ ਕਿ ਵਿਰੋ-ਧੀਆਂ ਪਾਰਟੀਆਂ ਵਲੋਂ ਪੈਦੇ ਕੀਤੇ ਹਰ ਤਰ੍ਹਾਂ ਦੇ ਹਾਲਾਤਾਂ ਦਾ ਸਾਹਮਣਾ ਕਰਨ ਲਈ ਤਿਆਰ ਤੇ ਅਡੋਲ ਰਹੇ। ਸਾਰੇ ਅਹੁਦੇਦਾਰਾ ਪਾਰਟੀ ਦੀ ਵਿਚਾਰਧਾਰਾ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੋਣ। ਇਸਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਸੰਗਠਨ ਵਿਚ ਸੂਬੇ ਵਿਚ ਅਨੁਸੂਚਿਤ ਜਾਤੀਆਂ (ਐਸਸੀ) ਨੂੰ ਨੁਮਾਇੰਦਗੀ ਦੇਣ ਦੇ ਨਾਲ ਨਾਲ ਪਛੜੇ ਵਰਗ ਤੇ ਹੋਰ ਵਰਗਾਂ ਨੂੰ ਵੀ ਜੋੜਨ ਵੱਲ ਵਿਸ਼ੇਸ਼ ਧਿਆਨ ਦੇਣਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਵਲੋਂ ਇਹ ਜਰੂਰੀ ਕੀਤਾ ਗਿਆ ਹੈ ਕਿ ਪਾਰਟੀ ਸੰਗਠਨ ਵਿਚ 50 ਫੀਸਦੀ ਅਹੁਦੇ ਨੌਜਵਾਨ ਵਰਗ ਨੂੰ ਦਿੱਤੇ ਜਾਣਗੇ। ਸ੍ਰੀ ਕਸ਼ਯਪ ਨੇ ਇਹ ਵੀ ਦੱਸਿਆ ਕਿ ਜੋ ਅਹੁਦੇਦਾਰ ਵਿਧਾਨਸਭਾਵਾਂ ਦੀਆਂ ਕਮੇਟੀਆਂ ਵਿਚ ਲਏ ਜਾਣਗੇ ਉਨ੍ਹਾਂ ਨੂੰ ਵੀ ਕੈਡੇਰਾਈਜ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਭ ਦਾ ਉਦੇਸ਼ ਵਿਧਾਨਸਭਾ ਚੋਣਾਂ ਤੱਕ ਸੰਗਠਨ ਦੇ ਸਾਰੇ ਅਹੁਦੇਦਾਰਾਂ ਤੇ ਵਰਕਰਾਂ ਨੂੰ ਪੂਰੀ ਤਰ੍ਹਾਂ ਕੈਡੇਰਾਈਜ ਕਰਨਾ ਹੈ ਤਾਂ ਕਿ ਉਹ ਸਾਰੇ ਮਜਬੂਤੀ ਨਾਲ ਚੋਣ ਮੈਦਾਨ ਵਿਚ ਉਤਰਨ ਤੇ ਜਿੱਤ ਹਾਸਿਲ ਕਰਨ। ਇਸ ਤੋਂ ਇਲਾਵਾ ਬਸਪਾ ਸੂਬਾ ਪ੍ਰਧਾਨ ਸ. ਕਰੀਮਪੁਰੀ ਨੇ ਕਿਹਾ ਕਿ ਪਾਰਟੀ ਸੰਗਠਨ ਵਿਚ ਮਿਸ਼ਨਰੀ ਵਰਕਰਾਂ ਨੂੰ ਹੀ ਜਿੰਮੇਵਾਰੀਆਂ ਦਿੱਤੀਆਂ ਜਾ ਰਹੀਆਂ ਹਨ ਤੇ ਅੱਗੇ ਵੀ ਇਸ ਤਰ੍ਹਾਂ ਹੀ ਕੀਤਾ ਜਾਵੇਗਾ। ਉਨ੍ਹਾਂ ਸਾਰੇ ਅਹੁਦੇਦਾਰਾਂ ਨੂੰ ਪਾਰਟੀ ਪ੍ਰਤੀ ਸਮਰਪਣ ਤੇ ਇਮਾਨਦਾਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਦੇ ਸਾਰੇ ਅਹੁਦੇਦਾਰਾਂ ਵਿਚ ਆਪਸੀ ਤਾਲਮੇਲ ਵਧੀਆ ਹੋਵੇ ਤੇ ਇਸ ਤਰ੍ਹਾਂ ਕਰਕੇ ਹੀ ਉਹ ਮਜਬੂਤੀ ਨਾਲ ਇਕ ਟੀਮ ਦੇ ਤੌਰ 'ਤੇ ਪਾਰਟੀ ਲਈ ਵਧੀਆ ਨਤੀਜੇ ਕੱਢ ਸਕਦੇ ਹਨ। ਜਲੰਧਨ ਜੋਨ ਤੋਂ ਇਲਾਵਾ ਪਾਰਟੀ ਦਾ ਇਸ ਤਰ੍ਹਾਂ ਦਾ ਹੀ ਕੈਡਰ ਕੈਂਪ ਫਿਰੋਜਪੁਰ ਤੇ ਪਟਿਆਲਾ ਵਿਚ ਕ੍ਰਮਵਾਰ 13 ਤੇ 14 ਜੂਨ ਨੂੰ ਲਗਾਏ ਜਾਣਗੇ। ਕੈਡਰ ਕੈਂਪਾਂ ਦੇ ਇਸ ਪਹਿਲੇ ਪੜਾਅ ਵਿਚ ਪਾਰਟੀ ਅਹੁਦੇਦਾਰਾਂ ਨੂੰ ਸੰਗਠਨ ਦੇ ਨਿਰਮਾਣ ਬਾਰੇ ਦੱਸਿਆ ਗਿਆ ਜਦਕਿ ਕੈਡਰ ਕੈਂਪਾਂ ਦੇ ਦੂਜੇ ਦੌਰ ਵਿਚ ਅਹੁਦੇਦਾਰਾਂ ਨੂੰ ਵਿਚਾਰਧਾਰਕ ਤੌਰ 'ਤੇ ਜਾਗਰੂਕ ਕੀਤਾ ਜਾਵੇਗਾ। ਇਸ ਮੌਕੇ 'ਤੇ ਜਲੰਧਰ ਜੋਨ ਦੇ ਇੰਚਾਰਜ ਰਛਪਾਲ ਰਾਜੂ, ਰਾਮ ਲੁਭਾਇਆ, ਰੋਹਿਤ ਖੋਖਰ, ਜਲੰਧਰ ਮਹਾਨਗਰ ਦੇ ਇੰਚਾਰਜ ਬਲਵਿੰਦਰ ਕੁਮਾਰ, ਬਲਵੀਰ ਸਿੰਘ ਤੇਹੰਗ, ਸਵਰਣ ਸਿੰਘ ਸੱਗੂ, ਸੇਵਾ ਸਿੰਘ ਰੱਤੂ, ਜਗਦੀਸ਼ ਰਾਣਾ, ਰਜਿੰਦਰ ਰੀਹਲ, ਧਰਮਵੀਰ ਧੰਮਾ, ਨਿਸ਼ਾਨ ਚੌਧਰੀ, ਹਰਭਜ ਮਹਿਮੀ, ਜਸਪਾਲ ਚੇਚੀ, ਤਾਰਾ ਚੰਦ ਭਗਤ, ਰਵਿੰਦਰ ਹੰਸ, ਰਵਿੰਦਰ ਹੰਸ, ਰਚਨਾ ਦੇਵੀ, ਐਡਵੋਕੇਟ ਥੋਰੂ ਰਾਮ, ਤਰਸੇਮ ਥਾਪਰ, ਬੰਟੀ ਸਰੋਆ ਆਦਿ ਵੀ ਮੌਜੂਦ ਸਨ।

# 4 ਰੁਪਏ ਦੇ ਲਈ ਦੋ ਦਲਿਤਾਂ ਦੀ ਜਾਨ ਲੈ ਲਈ

**ਇਲਾਹਾਬਾਦ-** ਕੇਵਲ ਚਾਰ ਰੁਪਏ ਦੇ ਝਗੜੇ ਵਿਚ ਸ਼ੁੱਕਰਵਾਰ ਨੂੰ ਦੋ ਦਲਿਤ ਨੌਜਵਾਨਾਂ ਦੀ ਹੱਤਿਆ ਕਰ ਦੇਣ ਤੋਂ ਬਾਅਦ ਹੰਗਾਮਾ ਮੱਚ ਗਿਆ ਹੈ। ਘੁਰਪੁਰ ਇਲਾਕੇ ਦੇ ਮੋਹਦੀਪੁਰ ਪਿੰਡ ਵਿਚ ਕਣਕ ਦੀ ਪਿਸਾਈ ਦੇ ਪੈਸਿਆਂ ਦੇ ਝਗੜੇ ਦੌਰਾਨ ਚੱਕੀ ਮਾਲਕ ਰਾਕੇਸ਼ ਦਿਵੇਦੀ ਨੇ ਆਟਾ ਲੈਣ ਆਏ ਲੜਕੇ ਰਜਤ ਤੇ ਟਾਕੂਏ ਨਾਲ ਵਾਰ ਕਰ ਦਿੱਤਾ। ਉਸਦੀ ਚੀਖ ਸੁਣ ਕੇ ਪਰਿਵਾਰ ਅਤੇ ਰਿਸ਼ਤੇ ਦੇ ਕਈ ਲੋਕ ਲਾਠੀਆਂ-ਡੰਡੇ ਲੈ ਕੇ ਆ ਗਏ। ਤੈਸ਼ ਵਿਚ ਆ ਕੇ ਚੱਕੀ ਮਾਲਕ ਦੇ ਭਰਾ ਰਾਜੇਸ਼ ਨੇ ਦੋਨਾਲੀ ਬੰਦੂਕ ਨਾਲ ਸ਼ੁਭਮ (18) ਅਤੇ ਰਾਹੁਲ (20) ਨੂੰ ਗੋਲੀ ਨਾਲ ਉਡਾ ਦਿੱਤਾ। ਤਿੰਨ ਹੋਰ ਲੜਕੇ ਜ਼ਖਮੀ ਹੋ ਗਏ ਹਨ। ਇਸ ਤੇ ਭੀੜ ਨੇ ਧਾਵਾ ਬੋਲਿਆ ਤਾਂ ਰਾਕੇਸ਼ ਆਪਣੇ ਭਰਾਵਾਂ ਰਾਜੇਸ਼ ਅਤੇ ਸੁਰੇਸ਼ ਦੇ ਨਾਲ ਘਰੇ ਵੜ ਗਿਆ। ਗੁੱਸੇ ਵਿਚ ਆਈ ਭੀੜ ਨੇ ਬਾਈਕ ਤੋੜ ਦਿੱਤੀ। ਚੱਕੀ ਅਤੇ ਪਸ਼ੂ ਵਾੜੇ ਵਿਚ ਅੱਗ ਲਗਾ ਦਿੱਤੀ। ਖ਼ਬਰ ਮਿਲਦੇ ਹੀ ਆਈ ਜੀ ਅਤੇ ਐਸ ਐਸ ਓ ਨੇ ਪੁਲਿਸ ਫੋਰਸ ਨਾਲ ਸੁਰੱਖਿਆ ਘੇਰਾ ਬਣਾ ਕੇ ਦੋਸ਼ੀਆਂ ਨੂੰ ਪਰਿਵਾਰ ਸਮੇਤ ਕਿਸੇ ਤਰ੍ਹਾਂ ਘਰੋਂ ਕੱਢ ਕੇ ਥਾਣੇ ਪਹੁੰਚਾਇਆ। ਇਸ ਮਾਮਲੇ ਵਿਚ ਚਾਰ ਦੋਸ਼ੀਆਂ ਨੂੰ ਦੋ ਡਬਲ ਬੈਰਲ ਬੰਦੂਕ ਦੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਹੈ। ਝਗੜੇ ਤੇ ਉਤਾਰੂ ਭੀੜ ਨੂੰ ਪੁਲਿਸ ਨੇ ਸੰਭਾਲ ਲਿਆ। ਸ਼ਾਮ ਨੂੰ ਲੋਕਾਂ ਨੇ ਪੋਸਟ ਮਾਰਟਮ ਤੋਂ ਬਾਅਦ ਦੋਵੇਂ ਲਾਸ਼ਾਂ ਨੂੰ ਰੀਵਾ ਰੋਡ ਤੇ ਰੱਖ ਕੇ ਚੱਕਾ ਜਾਮ ਕਰ ਦਿੱਤਾ।

ਸ਼ਹਿਰ ਤੋਂ ਕਰੀਬ ਛੇ ਕਿਲੋਮੀਟਰ ਦੂਰ ਮੋਹਦੀਪਰ ਪਿੰਡ ਦੀ ਦਲਿਤ ਬਸਤੀ ਵਿਚ ਰਹਿਣ ਵਾਲਾ ਇੰਦਰਜੀਤ ਭਾਰਤੀ ਫਤਿਹਪੁਰ ਜੇਲ੍ਹ ਵਿਚ ਜੇਲ੍ਹ ਗਾਰਡ ਹੈ। ਸ਼ੁੱਕਰਵਾਰ ਨੂੰ ਉਸਦੇ ਘਰ ਵਿਚ ਭੰਡਾਰੇ ਦਾ ਪ੍ਰੋਗਰਾਮ ਸੀ ਇਸ ਕਰਕੇ ਸਾਰੇ ਰਿਸ਼ਤੇਦਾਰ ਆਏ ਸਨ। ਇੰਦਰਜੀਤ ਦਾ ਮੁੰਡਾ ਰਜਤ (15) ਵੀਰਵਾਰ ਸ਼ਾਮ ਘਰ ਦੇ ਕੋਲ ਰਾਕੇਸ਼ ਦਿਵੇਦੀ ਦੀ ਚੱਕਰੀ ਤੇ ਕਣਕ ਪਿਹਾਉਣ ਲਈ ਰੱਖ ਆਇਆ ਸੀ।ਸ਼ੁੱਕਰਵਾਰ ਸਵੇਰੇ ਕਰੀਬ ਪੌਣੇ ਛੇ ਵਜੇ ਉਹ ਆਟਾ ਲੈਣ ਗਿਆ ਤਾਂ ਪਿਸਾਈ ਦੇ ਚਾਰ ਰੁਪਏ ਘੱਟ ਸਨ। ਰਾਕੇਸ਼ ਨੇ ਪੂਰੇ ਪੈਸੇ ਮਿਲੇ ਬਿਨਾਂ ਆਟਾ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਰਜਤ ਨੇ ਘਰ ਤੋਂ ਵੀਹ ਰੁਪਏ ਦਾ ਨੋਟ ਲਿਆ ਕੇ ਉਸ ਵੱਲ ਸੁੱਟਿਆ। ਝੜੱਪ ਦੌਰਾਨ ਰਾਕੇਸ਼ ਨੇ ਕੁਹਾੜੇ ਨਾਲ ਜਤ ਦੇ ਸਿਰ ਤੇ ਵਾਰ ਕਰ ਦਿੱਤਾ। ਉਹ ਚੀਖਦਾ ਬਹਾਰ ਨਿਕਲਿਆ ਤਾਂ ਉਸਦੇ ਘਰ ਤੋਂ ਬਾਹਰ ਖੜ੍ਹੇ ਪਰਿਵਾਰ ਅਤੇ ਰਿਸ਼ਤੇ ਦੇ ਦਰਜਨਾਂ ਤੋਂ ਜ਼ਿਆਦਾ ਨੌਜਵਾਨ ਡੰਡੇ ਅਤੇ ਇੱਟਾਂ-ਪੱਥਰ ਲੈ ਕੇ ਚੱਕੀ ਤੇ ਟੁੱਟ ਪਏ। ਚੱਕੀ ਦੇ ਨੇੜੇ ਹੀ ਰਾਕੇਸ਼ ਦਾ ਘਰ ਹੈ। ਰਾਕੇਸ਼ ਦੀਆਂ ਚੀਖਾਂ ਸੁਣ ਕੇ ਉਸਦਾ ਭਰਾ ਰਾਜੇਸ਼ ਅਤੇ ਸੁਰੇਸ਼ ਘਰ ਤੋਂ ਬਾਹਰ ਆ ਗਏ। ਭੀੜ ਨੇ ਪਥਰਾਅ ਕੀਤਾ ਤਾਂ ਰਾਜੇਸ਼ ਨੇ ਡਬਲ ਬੈਰਲ ਬੰਦੂਕ ਨਾਲ ਦੋ ਫਾਇਰ ਕੀਤੇ, ਜਿਹਨਾਂ ਦੀ ਲਪੇਟ ਵਿਚ ਆ ਕੇ ਰਾਹੁਲ ਭਾਰਤੀ (20) ਅਤੇ ਸ਼ੁਭਮ ਉਰਫ ਆਸ਼ੂ (18) ਢੇਰ ਹੋ ਗਏ। ਰਤ (15), ਅੰਕੁਸ਼ (20) ਅਤੇ ਮਹਿੰਦਰ (23) ਵੀ ਛਰ੍ਹੇ ਲੱਗਣ ਕਾਰਨ ਜ਼ਖਮੀ ਹੋ ਗਏ।

# ਪੱਛੜੇ ਖੇਤਰ ਦੇ ਵਿਦਿਆਰਥੀਆਂ ਨੂੰ ਆਪਣੇ ਪੈਰਾ ਤੇ ਖੜ੍ਹਾ ਕਰਨਾ ਸੁਸਾਇਟੀ ਦਾ ਮੁੱਖ ਨਿਸ਼ਾਨਾ-ਬੇਗਮਪੁਰੀ

**ਸੜੋਆ/ਮਜਾਰੀ-ਸਾਹਿਬਾ-** ਸ਼੍ਰੀ ਗੁਰੁ ਰਵਿਦਾਸ ਵੈਲਫੇਅਰ ਸੁਸਾਇਟਿ ਰਜਿ ਸੋਆ ਦਾ ਮੁੱਖ ਨਿਸ਼ਾਨਾ ਪੇਡੂ ਕੇਤਰ ਦੇ ਵਿਦਿਆਰਥੀਆਂ ਨੰ ਉਨਾ ਦੀ ਪੜਾਈ ਅਨੁਸਾਰ ਵੱਖ-ਵੱਖ ਸਿਖਲਾਈ ਪ੍ਰਦਾਨ ਕਰਵਾ ਕੇ ਉਨਾ ਨੂੰ ਆਪਣੇ ਪੈਰਾ ਤੇ ਖਵਾ ਕਰਨਾ ਹੈ।ਇਹ ਵਿਚਾਰ ਸ਼੍ਰੀ ਨਰਿੰਦਰ ਬੇਗਮਪੁਰੀ ਪ੍ਰਧਾਨ ਨੇ ਬਾਹਰਵੀ ਜਮਾਤ ਪਾਸ ਕਰ ਚੁੱਕੇ ਵਿਦਿਆਰਥੀਆਂ ਨੂੰ ਪ੍ਰਵੇਸ਼ ਪ੍ਰੀਖਿਆ ਤੋ ਪਹਿਲਾ ਦਿੱਤੀ ਕੋਚਿੰਗ ਦੇ ਆਖਰੀ ਦਿਨ ਪ੍ਰਗਟ ਕੀਤੇ। ਉਨਾ ਕਿਹਾ 13 ਜੂਨ ਨੂੰ ਸੂਬਾ ਸਰਕਾਰ ਵੱਲੋ ਮਾਈ ਭਾਗੋ ਸਕੀਮ ਤਹਿਤ ਲਈ ਜਾ ਰਹੀ ਲਿਖਤੀ ਪ੍ਰੀਖਿਆ ਵਿਚ ਸ਼ਾਮਿਲ ਹੋਣ ਜਾ ਰਹੀਆਂ ਬਾਹਰਵੀ ਜਮਾਤ ਵਿਚ ਪੜਦੀਆਂ ਵਿਦਿਆਰਥਣਾਂ ਲਈ ਸ਼੍ਰੀ ਗੁਰੁ ਰਵਿਦਾਸ ਵੈਲਫੇਅਰ ਸੁਸਾਇਟੀ ਰਜਿ: ਸੜੋਆ ਵੱਲੋ ਮੁਫਤ ਕੋਚਿੰਗ ਦੇਣ ਦਾ ਪ੍ਰੋਗ੍ਰਾਮ ਉਲੀਕਿਆ ਸੀ, ਜੋ ਅੱਜ ਨਿਰਵਿਘਨ ਪੂਰਾ ਹੋ ਗਿਆ। ਉਨਾ ਕਿਹਾ ਕਿ ਭਵਿੱਖ ਵਿਚ ਵੀ ਸੁਸਾਇਟੀ ਅਜਿਹੇ ਕਚੰਗ ਪ੍ਰੋਗ੍ਰਾਮ ਲਗਾਉਦੇ ਰਹੇਗੀ। ਇਸ ਕੋਚਿੰਗ ਵਿਚ ਰਵਿੰਦਰ ਲਾਲੀ, ਰਾਜ ਕੁਮਾਰ ਮਾਲੇਵਾਲ, ਸ਼੍ਰੀ ਜਗਮੋਹਣ ਸਿੰਘ ਨੌਰਦ, ਮਾ:ਪਵਨ ਕੁਮਾਰ, ਮਾ: ਬਲਜਿੰਦਰ ਕੁਮਾਰ, ਮਾ:ਬਲਵਿੰਦਰ ਸਿੰਘ, ਮਾ:ਰਵਿੰਦਰ, ਮਾ:ਮਨਜੀਤ ਸਿੰਘ ਗੰਗੜ, ਸ਼੍ਰੀ ਰਜਿੰਦਰ ਕੁਮਾਰ, ਸ਼ਿਵ ਕੁਮਾਰ ਬਛੌੜੀ, ਸੱਤ ਪਾਲ ਭਾਰਾਪੁਰ, ਜੋਗਿੰਦਰ ਸਿੰਘ ਅਟਾਲ ਮਜਾਰਾ, ਨਰੰਜਣ ਜੋਤ ਚਾਂਦਪੁਰ ਰੁੜਕੀ, ਆਦਿ ਨੇ ਵੀ ਬੱਚਿਆ ਨੂੰ ਵੱਖ-ਵੱਖ ਵਿਸ਼ਿਆਂ ਦੇ ਪੇਪਰਾਂ ਬਾਰੇ ਜਾਣਕਾਰੀ ਦਿੱਤੀ।



# ਆਮ ਆਦਮੀ ਪਾਰਟੀ ਦੇ 21 ਹੋਰ ਵਿਧਾਇਕਾਂ ਖਿਲਾਫ ਕਾਰਵਾਈ ਹੋਵੇਗੀ

**ਨਵੀਂ ਦਿੱਲੀ-** ਜਤਿੰਦਰ ਸਿੰਘ ਤੋਮਰ ਪ੍ਰਕਰਨ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਨੂੰ ਨਵੀਂ ਮੁਸੀਬਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਕ ਅੰਗਰੇਜ਼ੀ ਅਖਬਾਰ ਮੁਤਾਬਿਕ ਦਿੱਲੀ ਪੁਲਿਸ ਆਮ ਆਦਮੀ ਪਾਰਟੀ ਦੇ 21 ਵਿਧਾਇਕਾਂ ਖਿਲਾਫ ਵੱਖ ਵੱਖ ਮਾਮਲਿਆਂ 'ਚ ਚਾਰਜਸ਼ੀਟ ਦਾਇਰ ਕਰਨ ਜਾ ਰਹੀ ਹੈ। ਇਸ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਮੇਤ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦਾ ਨਾਮ ਵੀ ਸ਼ਾਮਲ ਹੈ। ਇਨ੍ਹਾਂ ਵਿਚੋਂ 6 ਮਾਮਲਿਆਂ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਨਾਮ ਹੈ।

ਹਾਲਾਂਕਿ ਕੇਜਰੀਵਾਲ ਖਿਲਾਫ ਜੋ ਕੇਸ ਹਨ ਉਹ ਰਾਜਨੀਤਕ ਹਨ। ਪਰ ਦੂਸਰਿਆਂ ਵਿਧਾਇਕਾਂ ਖਿਲਾਫ ਛੇੜਖਾਣੀ, ਸ਼ਰਾਬ ਨੂੰ ਲੈ ਕੇ ਗੰਭੀਰ ਦੋਸ਼ ਹਨ। ਇਸ ਵਿਚਕਾਰ ਪਾਰਟੀ ਦੇ ਨੇਤਾ ਆਸ਼ੂਤੋਸ਼ ਨੇ ਇਸ ਮਾਮਲੇ 'ਤੇ ਕਿਹਾ ਹੈ ਕਿ ਇਸ ਦੇ ਰਾਹੀਂ ਲੋਕਾਂ ਦਾ ਧਿਆਨ ਸੁਸ਼ਮਾ ਵਿਵਾਦ ਤੋਂ ਹਟਾਉਣ ਲਈ ਚਾਰਜਸ਼ੀਟ ਦਾਇਰ ਕੀਤੀ ਜਾ ਰਹੀ ਹੈ।

# ਗੁਰਦੁਆਰਾ ਸਾਹਿਬ (ਟਾਇਰਾ ਬਿਊਨਾ) ਯੂਬਾ ਸਿਟੀ ਵੱਲੋਂ ਸੰਗਤਾਂ ਨੂੰ ਅਪੀਲ

**ਯੂਬਾ ਸਿਟੀ-** ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਟੈਂਪਲ ਯੂਬਾ ਸਿਟੀ ਵੱਲੋਂ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਯੂਬਾ ਸਿਟੀ, ਲਾਈਵਔਕ ਅਤੇ ਮੈਰਿਜਵਿਲ ਦੇ ਜਿਹਨਾਂ ਮੈਂਬਰਾਂ ਨੂੰ ਗੁਰੂ ਘਰ ਵਿਚ ਚੱਲ ਰਹੇ ਪ੍ਰੋਗਰਾਮਾਂ ਦੀ ਚਿੱਠੀ ਨਹੀਂ ਨਹੀਂ ਮਿਲ ਰਹੀ, ਉਹ ਆਪਣੇ ਘਰ ਦਾ ਸਹੀ ਐਡਰੈਸ ਗੁਰੂ ਘਰ ਦੇ ਹੈਡ ਗ੍ਰੰਥੀ (ਭਾਈ ਤਾਰਾ ਸਿੰਘ) ਜਾਂ ਗੁਰੂ ਘਰ ਦੀ ਪ੍ਰ ਕਮੇਟੀ ਦੇ ਸੇਵਾਦਾਰਾਂ ਨੂੰ ਲਿਖਵਾਉਣ ਤਾਂ ਕਿ ਆਪ ਜੀ ਨੂੰ ਗੁਰੂ ਘਰ ਵਿਖੇ ਚੱਲ ਰਹੇ ਪ੍ਰੋਗਰਾਮਾਂ ਅਤੇ ਪ੍ਰਾਜੈਕਟਾਂ ਦੀ ਸਮੇਂ ਸਿਰ ਜਾਣਕਾਰੀ ਮਿਲ ਸਕੇ ਅਤੇ ਤੁਸੀਂ ਆਪਣੇ ਕੀਮਤੀ ਸੁਝਾਅ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਨੂੰ ਦੱਸੋ ਤਾਂ ਕਿ ਗੁਰੂ ਘਰ ਵਿਚ ਚੱਲ ਰਹੇ ਪ੍ਰੋਗਰਾਮਾਂ ਅਤੇ ਪ੍ਰਾਜੈਕਟਾਂ ਨੂੰ ਹੋਰ ਵਧੀਆ ਤਰੀਕੇ ਨਾਲ ਚਲਾਇਆ ਜਾ ਸਕੇ।

# ਗੁਰੂ ਨਾਨਕ ਬ੍ਰਿਧ ਆਸ਼ਰਮ ਵਿਖੇ ਧਾਰਮਿਕ ਸਮਾਗਮ ਦਾ ਆਯੋਜਨ

**ਫਗਵਾੜਾ- (ਬੀ. ਕੇ. ਰੱਤੂ)** ਗੁਰੂ ਨਾਨਕ ਬ੍ਰਿਧ, ਅਨਾਥ, ਅਪਾਹਜ ਤੇ ਨੇਤਰਹੀਣ ਆਸ਼ਰਮ ਵਿਰਕਾਂ ਵਿਖੇ ਆਸ਼ਰਮ ਦੇ ਮੁੱਖ ਸੰਚਾਲਕ ਅਤੇ ਹੈਲਪ ਐਂਡ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ ਦੇ ਮੁਖੀ ਬਾਬਾ ਦਿਆਲ ਸਿੰਘ ਜੀ ਨਾਮਧਾਰੀ ਤੇ ਬਾਬਾ ਅਮਰੀਕ ਸਿੰਘ ਨਾਮਧਾਰੀ ਦੀ ਅਗਵਾਈ ਹੇਠ ਮਹੀਨਾਵਾਰ ਧਾਰਮਿਕ ਸਮਾਗਮ, ਕਥਾ-ਕੀਰਤਨ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਪੰਥ ਦੇ ਪ੍ਰਸਿੱਧ ਕੀਰਤਨੀਏ ਅਤੇ ਕਥਾ-ਵਾਚਕ



ਭਾਈ ਸਾਹਿਬ ਭਾਈ ਯਾਦਵਿੰਦਰ ਸਿੰਘ ਸੋਢੀ ਫਗਵਾੜੇ ਵਾਲਿਆਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਯਾਦਵਿੰਦਰ ਸਿੰਘ ਸੋਢੀ ਨੇ ਸਾਰਿਆਂ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ, ਨੌਜਵਾਨਾਂ ਨੂੰ ਨਸ਼ੇ ਤਿਆਗਣ, ਮਾਪਿਓ ਦੀ ਸੇਵਾ ਕਰਨ ਅਤੇ ਭਰੂਣ ਹੱਤਿਆ ਨੂੰ ਠੱਲ੍ਹ ਪਾਉਣ ਲਈ ਪ੍ਰੇਰਿਤ ਕਰਦਿਆਂ ਆਪਣੀ ਨੇਕ ਕਮਾਈ ਵਿਚੋਂ ਦਸਵੰਦ ਕੱਢ ਕੇ ਸਮਾਜ ਸੇਵਾ ਦੇ ਕਾਰਜਾਂ ਵਿਚ ਲਗਾਉਣ ਦੀ ਅਪੀਲ ਵੀ ਕੀਤੀ। ਪ੍ਰਬੰਧਕਾਂ ਵਲੋਂ ਭਾਈ ਸੋਢੀ ਨੂੰ ਹਰ ਮਹੀਨੇ ਆਸ਼ਰਮ ਵਿਖੇ ਨਿਸ਼ਕਾਮ ਸੇਵਾ ਕਰਨ ਕਰਕੇ ਬਾਬਾ ਦਿਆਲ ਸਿੰਘ ਜੀ ਨਾਮਧਾਰੀ ਅਤੇ ਬਾਬਾ ਅਮਰੀਕ ਸਿੰਘ ਨਾਮਧਾਰੀ ਨੇ ਦੁਸ਼ਾਲੇ ਭੇਂਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਆਸ਼ਰਮ ਦੀਆਂ ਸੰਗਤਾਂ ਤੋਂ ਇਲਾਵਾ ਪਤਵੰਤੇ ਸੱਜਣ ਅਤੇ ਇਲਾਕੇ ਦੀਆਂ ਹੋਰ ਸੰਗਤਾਂ ਨੇ ਵੀ ਗੁਰੂ ਯਸ਼ ਸਰਵਣ ਕੀਤਾ।

# ਬਸਪਾ ਵੱਲੋ ਕੇਂਦਰ ਤੇ ਸੂਬਾ ਸਰਕਾਰ ਖਿਲਾਫ ਰੋਸ ਧਰਨੇ 23 ਜੂਨ ਨੂੰ- ਬਸਪਾ ਆਗੂ



**ਸੜੋਆ-** ਸੂਬੇ ਦੀ ਅਤੇ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆ ਦੇ ਵਿਰੋਧ ਵਿਚ ਬਸਪਾ 23 ਜੂਨ ਨੂੰ ਹੁਸ਼ਿਆਰਪੁਰ, ਪਟਿਆਲਾ, ਅੰਮ੍ਰਿਤਸਰ ਅਤੇ ਬਠਿੰਡਾ ਵਿਖ ਰੋਸ਼ ਧਰਨੇ ਦੇਵੇਗੀ। ਇਹ ਵਚਾਰ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਇੰਚਾਰਜ ਸ਼੍ਰੀ ਨਰਿੰਦਰ ਕਸ਼ਯਪ ਮੈਂਬਰ ਰਾਜ ਸਭਾ ਅਤੇ ਪਾਰਟੀ ਦੇ ਸੂਬਾ ਪ੍ਰਧਾਨ ਸ: ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਅੱਜ ਬਲਾਕ ਸੰਮਤੀ ਸੜੋਆ ਦੇ ਮੈਂਬਰ ਠੇਕੇਦਾਰ ਮਸਤ ਰਾਮ ਦੇ ਪੁੱਤਰ ਦੀ ਮੌਤ ਉਪਰੰਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਸਮੇ ਪ੍ਰਗਟ ਕੀਤੇ। ਇਸ ਮੌਕੇ ਤੇ ਉਨਾ ਕਿਹਾ ਕਿ ਪਾਰਟੀ ਵਲੋ ਬੂਥ ਪੱਧਰ ਤੇ ਸਾਲ 2017 ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਬਾਰੇ ਤਿਆਰੀ ਹੁਣ ਤੋ ਆਰੰਭ ਕਰ ਦਿੱਤੀ ਹੈ। ਇਸ ਮੌਕੇ ਤੇ ਉਨਾ ਨਾਲ ਸ਼੍ਰੀ ਨਛੱਤਰ ਪਾਲ ਸੂਬਾ ਜਨਰਲ ਸਕੱਤਰ ਬਸਪਾ ਪੰਜਾਬ, ਮਨਜੀਤ ਸੂਦ, ਗਿਆਨ ਚੰਦ ਸਰਪੰਚ, ਹਰਬੰਸ ਲਾਲ ਚਣਕੋਆ, ਦਿਲਬਾਗ ਸਿੰਘ ਮਹਿੰਦੀਪੁਰੀ, ਜਸਵੀਰ ਔਲੀਆਪੁਰ, ਸੁਰਿੰਦਰ ਸ਼ੀਹਮਾਰ,ਨਰੇਸ਼ ਸੜੋਆ, ਮਸਤ ਰਾਮ ਸੰਮਤੀ ਮੈਂਬਰ, ਲਹਿੰਬਰ ਰਾਮ ਵੀਰਾ, ਬੂਝਾ ਸਿੰਘ ਬੇਗਮਪੁਰ, ਗੁਰਬਖਸ ਲਾਲ, ਸੁਰੇਸ਼ ਕੁਮਾਰ, ਲਾਲ ਚੰਦ, ਸੋਹਣ ਸਿੰਘ ਧੈਗੜਪੁਰ, ਹਰਬੰਸ ਕਲੇਰ ਆਦਿ ਵੀ ਹਾਜਰ ਸਨ।

# ਗੂਗਲ ਨੂੰ ਮਾਤ ਦੇਣ ਲਈ ਐਪਲ ਕੰਪਨੀ ਵੱਲੋਂ 2017 ਤੱਕ ਲਿਆਂਦਾ ਜਾਵੇਗਾ 'ਐਪਲ ਸਟ੍ਰੀਟ ਵਿਊ'

**ਆਕਲੈਂਡ- (ਹਰਜਿੰਦਰ ਸਿੰਘ ਬਸਿਆਲਾ)-**ਬੀਤੇ ਦਿਨੀਂ ਅਮਰੀਕਾ ਦੇ ਵਿਚ ਐਪਲ ਦੀ ਸਟ੍ਰੀਟ ਵਿਊ ਕੈਪਚਰ ਕਰ ਰਹੀ ਹਾਈ ਟੈਕ ਕਾਰ ਮੀਡੀਏ ਦੀ ਨਜ਼ਰੀਂ ਪਈ ਅਤੇ ਬਾਅਦ ਵਿਚ ਇਹ ਸਪਸ਼ਟ ਹੋ ਗਿਆ ਕਿ ਐਪਲ ਵੱਲੋਂ ਗੂਗਲ ਕੰਪਨੀ ਦੀ ਤਰਜ਼ ਉਤੇ 2017 ਤੱਕ ਬਹੁਤ ਸਾਰੇ ਦੇਸ਼ਾਂ ਦਾ 'ਐਪਲ ਸਟ੍ਰੀਟ ਵਿਊ' ਆ ਜਾਵੇਗਾ। ਇਹ ਸਟ੍ਰੀਟ ਵਿਊ ਕੈਪਚਰ ਕਰਦੀਆਂ ਕਾਰਾਂ ਵੱਖਰੇ-ਵੱਖਰੇ ਦੇਸ਼ਾਂ ਦੇ ਵਿਚ ਘੁੰਮਦੀਆਂ ਨਜ਼ਰ ਆਉਣਗੀਆਂ। ਅਗਲੇ ਮਹੀਨੇ ਇੰਗਲੈਂਡ ਦੇ ਵਿਚ ਕਾਰ ਭੇਜੀ ਜਾ ਰਹੀ ਹੈ। ਇਹ ਨਵਾਂ ਡਾਟਾ ਐਪਲ ਮੈਪਸ ਦੇ ਵਿਚ ਹੋਰ ਸੁਧਾਰ ਲਿਆਵੇਗਾ। ਸਟ੍ਰੀਟ ਵਿਊ ਦੌਰਾਨ ਲੋਕਾਂ ਦੀ ਪ੍ਰਾਈਵੇਸੀ ਨੂੰ ਧਿਆਨ ਵਿਚ ਰੱਖਦਿਆਂ ਤਸਵੀਰਾਂ ਦੇ ਵਿਚ ਆਏ ਚਿਹਰਿਆਂ ਨੂੰ ਧੁੰਦਲੇ ਕੀਤਾ ਜਾਵੇਗਾ ਤਾਂ ਕਿ ਉਨ੍ਹਾਂ ਦੀ ਪਹਿਚਾਣ ਨਾ ਹੋ ਸਕੇ ਅਤੇ ਇਸੇ ਤਰ੍ਹਾਂ ਕਾਰਾਂ ਅਤੇ ਹੋਰ ਵਾਹਨਾਂ ਦੀਆਂ ਨੰਬਰ ਪਲੇਟਾਂ ਨੂੰ ਵੀ ਧੁੰਦਲਾ ਕਰ ਦਿੱਤਾ ਜਾਵੇਗਾ। ਐਪਲ ਵੱਲੋਂ ਬਹੁਤ ਹੀ ਸਪਸ਼ਟ ਅਤੇ 3 ਡੀ. ਤਸਵੀਰਾਂ ਖਿੱਚੀਆਂ ਜਾ ਰਹੀਆਂ ਹਨ।

# ਕਰਮਨ ਪੰਜਾਬੀ ਸਕੂਲ ਦੇ ਬੱਚਿਆਂ ਨੇ ਸਿਕਸ਼ ਫਲੈਂਗ ਟੂਰ ਦੌਰਾਨ ਕੀਤਾ ਭਰਪੂਰ ਮਨੋਰੰਜਨ

**ਫਰਿਜ਼ਨੋ (ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ):** ਬੇਸੱਕ ਭਾਰਤ ਅੰਦਰ ਪੰਜਾਬੀ ਦਾ ਹੁਣ ਬਹੁਤਾ ਵਿਕਾਸ ਨਹੀਂ ਨਜ਼ਰ ਆ ਰਿਹਾ, ਕਿਉਂ ਕਿ ਬਹੁਤੇ ਲੋਕ ਆਪਣੇ ਬੱਚਿਆ ਨੂੰ ਪਬਲਿਕ ਅੰਗਰੇਜ਼ੀ ਸਕੂਲਾ ਵਿੱਚ ਪੜਾਉਣਾ ਪਸੰਦ ਕਰਦੇ ਹਨ। ਪਰ ਵਿਦੇਸ਼ਾ ਵਿੱਚ ਹਮੇਸਾ ਹੀ ਪੰਜਾਬੀ ਦੇ ਵਿਕਾਸ ਲਈ ਬਹੁਤ ਸਲਾਘਾਯੋਗ ਉਪਰਾਲੇ ਹੁੰਦੇ ਰਹੇ ਹਨ, ਜੋ ਸਫਲ ਵੀ ਹੋਏ। ਜਿਸ ਦੀ ਬਦੋਲਤ ਅੱਜ ਅਮਰੀਕਨ ਮੂਲ ਕੈਲੀਫੋਰਨੀਆਂ ਦੇ 'ਕਰਮਨ ਯੂਨੀਫਾਈਡ ਸਕੂਲ' ਅਤੇ ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਸਕੂਲਾ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ।

ਇਸ ਤੋਂ ਇਲਾਵਾ ਵੱਖ-ਵੱਖ ਸ਼ਹਿਰਾ ਵਿੱਚ ਪੰਜਾਬੀ ਭਾਈਚਾਰੇ ਦੁਆਰਾ ਐਤਵਾਰੀ ਪੰਜਾਬੀ ਸਕੂਲ ਵੀ ਚਲਾਏ ਜਾ ਰਹੇ ਹਨ। ਜਿੰਨ੍ਹਾਂ ਨੂੰ ਅਮੈਰੀਕਨ ਸਕੂਲ ਦੇ ਸਟੈਂਡਰਡ ਸਮੇਂ-ਸਮੇਂ ਵਿਦਿਅਕ ਅਤੇ ਮੰਨੋਰੰਰਜ਼ਨ ਟੂਰ ਕਰਵਾਏ ਜਾਦੇ ਹਨ। ਅਜਿਹਾ ਹੀ ਇਕ ਟੂਰ ਕਰਮਨ ਪੰਜਾਬੀ ਸਕੂਲ ਦੇ ਪ੍ਰਬੰਧਕਾ ਵੱਲੋਂ ਬੱਚਿਆ ਦਾ 'ਸਿਕਸ ਫਲੈਂਗ' ਡਿਸਕਵਰੀ ਕਿੰਗਡਮ ਵਲਿਊ, ਕੈਲੀਫੋਰਨੀਆਂ ਦਾ ਕਰਵਾਇਆ ਗਿਆ। ਜਿੱਥੇ ਬੱਚਿਆ ਨੇ ਬਹੁਤ ਸਾਰੀਆਂ ਰੌਲਰ ਕੋਸ਼ਟਰ ਰਾਈਡਾ ਦਾ ਅਨੰਦ ਮਾਣਿਆ ਅਤੇ ਵੱਖ-ਵੱਖ ਜਾਨਵਰ ਦੇ ਜਾਣਕਾਰੀ ਭਰਪੂਰ ਸ਼ੋਅ ਦੇਖੇ। ਇੱਥੋ ਦੀ ਰੁਝੇਵਿਆ ਭਰੀ ਜਿੰਦਗੀ ਵਿੱਚ ਬੱਚੇ ਅਤੇ ਮਾਪੇ ਇਕ ਚਾਰਟਰ ਬੱਸਾ ਰਾਹੀ ਇਕੱਠੇ ਗਏ। ਸਾਰਾ ਦਿਨ ਇਕੱਠਿਆਂ ਹੱਸ-ਖੇਡ ਬਿਤਾਇਆ। ਸਮੇਂ- ਸਮੇਂ ਆਯੋਜਿਤ ਅਜਿਹੇ ਟੂਰ ਬੱਚਿਆ ਨੂੰ ਪੰਜਾਬੀ ਸਕੂਲਾ ਵੱਲ ਵੀ ਪ੍ਰੇਰਦੇ ਹਨ ਅਤੇ ਆਪਣੇ ਸੱਭਾਚਾਰ ਨਾਲ ਜੁੜਨ ਲਈ ਵੀ ਸਹਾਇਕ ਸਾਬਤ ਹੁੰਦੇ ਹਨ। ਜਿਸ ਨਾਲ ਆਉਣ ਵਾਲੀ ਪੀੜੀ ਨੂੰ ਪੰਜਾਬੀ ਨਾਲ ਜੋੜਿਆ ਜਾ ਸਕਦਾ ਹੈ। ਸਮੁੱਚੇ ਤੌਰ 'ਤੇ ਇਹ ਸਕੂਲ ਦਾ ਟੂਰ ਯਾਦਗਾਰੀ ਹੋ ਨਿਬੜਿਆ।

# ਪੀ ਸੀ ਏ ਬੇ-ਏਰੀਆ ਅਤੇ ਫਰਿਜ਼ਨੋ ਵੱਲੋਂ ਗਿੱਧੇ-ਭੰਗੜੇ ਦੇ ਮੁਕਾਬਲੇ 18 ਜੁਲਾਈ ਨੂੰ ਕਰਵਾਏ ਜਾਣਗੇ



**ਯੂਨੀਅਨ ਸਿਟੀ (ਕੈਲੇਫੋਰ-ਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਪੰਜਾਬੀ ਕਲਚਰਲ ਐਸੋਸੀਏਸ਼ਨ (ਪੀ ਸੀ ਏ) ਜਿਹਦੇ ਅਣਥੱਕ ਮੈਂਬਰਾ ਨੇ ਪੰਜਾਬੀ ਮਾਂ ਬੋਲੀ ਨੂੰ ਵਿਦੇਸ਼ਾਂ ਦੀ ਧਰਤੀ ਤੇ ਪ੍ਰਫੁੱਲਿਤ ਕਰਨ ਲਈ ਫਰਿਜ਼ਨੋ ਤੋਂ ਕਾਰਜ਼ ਅਰੰਭੇ ਸਨ, ਅਤੇ ਇਸ ਸੰਸਥਾ ਦੇ ਸਮੂਹ ਮੈਬਰਾਂ ਦੀ ਸਿਰ-ਤੋੜ ਮਹਿਨਤ ਸਦਕਾ ਇਹਨਾਂ ਵੱਲੋਂ ਸੱਤਵਾਂ ਗਿੱਧੇ-ਭੰਗੜੇ ਦਾ ਅੰਤਰ-ਰਾਸ਼ਟਰੀ ਮੁਕਾਬਲਾ ਬੇ-ਏਰੀਏ ਵਿੱਚ ਜਿਹੜਾ ਕਿ 18 ਮਈ ਦਿਨ ਸ਼ਨੀਵਾਰ ਨੂੰ ਸੈਂਟਰ ਆਫ ਪ੍ਰਫੋਰਮਿੰਗ ਆਰਟਸ ਜ਼ੇਮਜ਼ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਕਰਵਾਇਆ ਜਾ ਰਿਹਾ ਹੈ।

ਇਹਨਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਹੁਣ ਤੋਂ ਹੀ ਦਾਖਲੇ ਸੁਰੂ ਹਨ ਅਤੇ ਅਗਰ ਕਿਸੇ ਟੀਮ ਨੇ ਇਹਨਾਂ ਮੁਕਾਬਲਿਆ ਵਿੱਚ ਭਾਗ ਲੈਣਾ ਹੋਵੇ ਤਾ ਵਧੇਰੇ ਜਾਣਕਾਰੀ ਲਈ ਮਿੱਕੀ ਸਰਾਂ ਨੂੰ (408) 966-7019 ਜਾ ਪ੍ਰਮਜੀਤ ਸਿੱਧੂ ਨੂੰ (510) 709-8000 ਤੇ ਸੰਪਰਕ ਕਰ ਕੀਤਾ ਜਾ ਸਕਦਾ ਹੈ। ਇਸ ਮੌਕੇ ਖਾਸ ਤੌਰ ਤੇ ਉਘੇ ਗਾਇਕ ਭਿੰਦਾ ਜੱਟ ਵੀ ਆਪਣੀ ਹਾਜ਼ਰੀ ਲਵਾਉਣ ਲਈ ਪਹੁੰਚ ਰਹੇ ਹਨ। ਇਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਪੀਸੀਏ ਦੇ ਮੈਂਬਰ ਬੇ-ਏਰੀਏ ਦੇ ਨਾਲ ਨਾਲ ਫਰਿਜ਼ਨੋ ਵਿਖੇ ਵੀ ਅੱਠ ਸਫਲ ਸੱਭਿਆਚਾਰਿਕ ਮੇਲੇ ਕਰਵਾ ਚੁਕੇ ਹਨ।

# ਕਵੀਸ਼ਰੀ ਸੀ.ਡੀ. ਤੀਸਰਾ ਘੱਲੂਘਾਰਾ 28 ਜੂਨ ਨੂੰ ਰਿਲੀਜ਼ ਹੋਵੇਗੀ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**- ਸਿੱਖ ਇਤਿਹਾਸ ਸੁਣਾਉਣ ਅਤੇ ਇਸ ਨੂੰ ਦੁਨੀਆਂ




ਪੱਧਰ ਤੇ ਫਲਾਉਣ ਵਿੱਚ ਕਵੀਸ਼ਰ ਵੀਰਾਂ ਦਾ ਵਡਮੁੱਲਾ ਯੋਗਦਾਨ ਹੈ। ਇਸੇ ਸੰਧਰਭ ਅਧੀਨ ਫਰਿਜ਼ਨੋ ਨਿਵਾਸੀ ਮਸ਼ਹੂਰ ਕਵੀਸਰ ਸ. ਮਨਜੀਤ ਸਿੰਘ ਅਤੇ ਸਾਥੀ ਕਵੀਸ਼ਰੀ ਦੀ ਨਵੀਂ ਸੀ.ਡੀ. "ਤੀਸਰਾ ਘੱਲੂਘਾਰਾ" ਲੈਕੇ ਸੰਗਤ ਦੇ ਸਨਮੁਖ ਹੋ ਰਹੇ ਹਨ। ਇਹ ਸੀ.ਡੀ. ਰੇਡੀਓ ਦਿਲ ਆਪਣਾ ਪੰਜਾਬੀ ਦੇ ਸਹਿਯੋਗ ਨਾਲ ਲੋਕ ਸੇਵਾ ਮਿਊਜ਼ਕ ਕੰਪਨੀ ਦੇ ਬੈਨਰ ਹੇਠ ਰਲੀਜ਼ ਹੋਣ ਜਾ ਰਹੀ ਹੈ। ਕਵੀਸ਼ਰ ਮਨਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ 28 ਜੂਨ ਦਿਨ ਐਤਵਾਰ ਨੂੰ ਇਹ ਸੀ.ਡੀ. ਮੁਡੈਸਟੋ ਗੁ-ਰੂਘਰ ਵਿਖੇ ਲੋਕ ਅਰਪਿਤ ਕੀਤੀ ਜਾਵੇਗੀ। ਅਤੇ ਇਲਾਕੇ ਦੀਆਂ ਸਮੂਹ ਸੰਗਤਾ ਨੂੰ ਇਸ ਸਮਾਰੋਹ ਵਿੱਚ ਸ਼ਾਮਲ ਹੋਣ ਦਾ ਖੁਲ੍ਹਾ ਸੱਦਾ ਦਿੱਤਾ ਜਾਦਾ ਹੈ।

ਉਹਨਾਂ ਕਿਹਾ ਕਿ ਇਸ ਸੀ.ਡੀ. ਵਿੱਚ 84 ਦੇ ਘੱਲੂਘਾਰੇ ਦੀ ਦਾਸਤਾਨ ਸੰਗਤਾ ਸਨਮੁਖ ਕਰਨ ਦੀ ਨਿਮਾਣੀ ਕੋਸ਼ਿਸ਼ ਕੀਤੀ ਗਈ ਹੈ, ਅਤੇ ਆਸ ਹੈ ਕਿ ਸਿੱਖ ਸੰਗਤ ਇਸ ਸੀਡੀ ਨੂੰ ਪ੍ਰਵਾਨ ਚੜਾਏਗੀ ਅਤੇ ਸੰਗਤਾ ਇਲਾਕੇ ਦੇ ਸਾਰੇ ਦੇਸੀ ਗਰੌਸਰੀ ਸਟੋਰਾ ਤੋਂ ਇਹ ਸੀ.ਡੀ. ਖਰੀਦ ਸਕਦੀਆ ਹਨ ਜਾ ਮੁਫਤ ਡਾਊਨਲੋਡ ਜਾ ਕਿਸੇ ਕਿਸਮ ਦੀ ਜਾਣਕਾਰੀ ਲਈ ਵੈਬਸਾਈਟ http://www.loksewa.com ਜਾ ਸਕਦੇ ਹੋ..!

# ਗਿੱਲ ਪਰਿਵਾਰ ਨੇ ਬਾਪੂ ਮਹਿੰਦਰ ਸਿੰਘ ਗਿੱਲ ਦੀ ਬਰਸੀ ਸਰਧਾ ਭਾਵਨਾ ਨਾਲ ਮਨਾਈ!



**ਬੇਕਰਸਫੀਲਡ (ਕੈਲੇਫੋਰ-ਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਬੇਕਰ-ਸਫੀਲਡ ਦੀ ਉਘੀ ਸ਼ਖਸੀਅਤ ਸਵ. ਮਹਿੰਦਰ ਸਿੰਘ ਗਿੱਲ ਦੀ ਪਹਿਲੀ ਬਰਸੀ ਇਥੋਂ ਦੇ ਸਥਾਨਿਕ ਗੁਰਦੁਆਰਾ ਅੰਗਦ ਦਰਬਾਰ ਵਿੱਖੇ ਉਹਨਾਂ ਦੇ ਸਮੂੰਹ ਪਰਿਵਾਰ ਵੱਲੋਂ ਸਰਧਾ ਭਾਵਨਾ ਨਾਲ ਮਨਾਈ ਗਈ। ਉਹ ਪਿਛਲੇ ਸਾਲ ਜੂਨ ਮਹੀਨੇ ਵਿੱਚ 83 ਸਾਲ ਦੀ ਉਮਰ ਭੋਗਕੇ ਅਕਾਲ ਚਲਾਣਾ ਕਰ ਗਏ ਸਨ, ਉਹਨਾਂ ਦਾ ਪਿਛਲਾ ਪਿੰਡ ਢੁਡੀਕੇ ਜਿਲ੍ਹਾ ਮੋਗਾ ਵਿੱਚ ਹੈ। ਪਿਛਲੇ ਤਕਰੀਬਨ 24 ਸਾਲ ਦੇ ਲੰਮੇ ਅਰਸੇ ਤੋਂ ਉਹ ਬੇਕਰਸਫੀਲਡ ਵਿੱਖੇ ਆਪਣੇ ਬੇਟੇ ਨੰਬਰਦਾਰ ਜਗਤਾਰ ਸਿੰਘ ਗਿੱਲ, ਪ੍ਰੀਤਮ ਗਿੱਲ ਅਤੇ ਤਲਵਿੰਦਰ ਗਿੱਲ ਕੋਲ ਖੁਸ਼ਹਾਲ ਜਿੰਦਗੀ ਬਤੀਤ ਕਰ ਰਹੇ ਸਨ। ਉਹ ਗੁਰਦੁਆਰਾ ਅੰਗਦ ਦਰਬਾਰ ਦੇ ਮੋਢੀ ਮੈਂਬਰਾਂ ਵਿੱਚੋਂ ਇੱਕ ਸਨ ਅਤੇ ਬੇਕਰਸਫੀਲਡ ਦਾ ਪੰਜਾਬੀ ਕਮਿਊਨਟੀ ਹਾਲ ਬਣਾਉਣ ਵਿੱਚ ਵੀ ਉਹਨਾਂ ਦਾ ਚੋਖਾ ਯੋਗਦਾਨ ਰਿਹਾ ਹੈ। ਉਹਨਾਂ ਦੀ ਬਰਸੀ ਮੌਕੇ ਬੇਕਰਸਫੀਲਡ ਵਿੱਖੇ ਉਹਨਾਂ ਦੁਆਰਾ ਕੀਤੇ ਚੰਗੇ ਕਾਰਜ਼ਾ ਲਈ ਉਹਨਾਂ ਨੂੰ ਯਾਦ ਕਰਦਿਆ ਪਰਿਵਾਰ ਅਤੇ ਪੰਜਾਬੀ ਕਮਿਊਨਟੀ ਦੇ ਸਿਰ-ਕੱਢ ਆਗੂਆ ਨੇ ਉਹਨਾਂ ਨੂੰ ਸਰਧਾਜ਼ਲੀ ਭੇਟ ਕੀਤੀ।

# ਬਸਪਾ ਵਫਦ ਨੇ ਪਿੰਡ ਪਲਾਹੀ ਦਾ ਦੌਰਾ ਕਰ ਨੁਕਸਾਨੇ ਗਏ ਬਾਬਾ ਸਾਹਿਬ ਜੀ ਦੇ ਬੁੱਤ ਦਾ ਜ਼ਾਇਜਾ ਲਿਆ

## ਜੇਕਰ ਪੁਲਿਸ ਪ੍ਰਸ਼ਾਸਾਨ ਨੇ ਇਸ ਅੱਤ ਨਿੰਦਣਯੋਗ ਘਟਨਾ ਪ੍ਰਤੀ ਢਿੱਲਮੱਠ ਦਿਖਾਈ ਤਾਂ ਬਸਪਾ ਜ਼ਬਰਦਸਤ ਸ਼ੰਘਰਸ ਵਿੱਢੇਗੀ-ਬਸਪਾ

**ਫਗਵਾੜਾ (ਬੀ.ਕੇ.ਰੱਤੂ)-** ਬਹੁਜਨ ਸਮਾਜ ਪਾਰਟੀ ਦੇ ਇੱਕ ਵਫਦ ਨੇ ਜ਼ੋਨ ਇੰਚਾਰਜ ਰਛਪਾਲ ਰਾਜੂ ਦੀ ਅਗਵਾਈ 'ਚ ਪਲਾਹੀ ਪਿੰਡ ਦਾ ਦੌਰਾ ਕਰਕੇ ਬੀਤੇ ਦਿਨ ਪਾਰਕ 'ਚ ਸਥਾਪਿਤ ਭਾਰਤੀ ਸੰਵਿਧਾਨ ਦੇ ਨਿਰਮਾਤਾ,ਸਮੁੱਚੀ ਮਾਨਵਤਾ ਦੇ ਮਸੀਹਾ,ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਦੀ ਸ਼ਰਾਰਤੀ ਅਨਸਰਾਂ ਵਲੋਂ ਤੋੜੀ ਬਾਹ ਦਾ ਜ਼ਾਇਜਾ ਲਿਆ।ਇਸ ਮੌਕੇ ਰਛਪਾਲ ਰਾਜੂ ਨੇ ਇਸ ਮੰਦਭਾਗੀ ਘਟਨਾ ਨੂੰ ਲੈ ਕੇ ਜ਼ਿਲ੍ਹਾ ਕਪੂਰਥਲਾ ਦੇ ਐਸ. ਐਸ. ਪੀ ਸ਼੍ਰੀ ਆਸ਼ੀਸ ਚੋਧਰੀ ਨਾਲ ਫੋਨ 'ਤੇ ਗੱਲਬਾਤ ਕੀਤੀ ਅਤੇ ਕਿਹਾ ਕਿ ਬਾਬਾ ਸਾਹਿਬ ਜੀ ਦੀ ਬਾਹ ਤੋੜਨ ਦਾ ਮਾਮਲਾ ਬਹੁਤ ਹੀ ਗੰਭੀਰ ਹੈ, ਜਿਸ ਨਾਲ ਪੰਜਾਬ ਦਾ ਮਾਹੌਲ ਖਰਾਬ ਹੋ ਸਕਦਾ ਹੈ। ਬਸਪਾ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦਾ ਅਪਮਾਨ ਕਦੇ ਵੀ ਸਹਿਣ ਨਹੀਂ ਕਰੇਗੀ। ਰਾਜੂ ਨੇ ਐਸ. ਐਸ. ਪੀ. ਸਾਹਿਬ ਨੂੰ ਕਿਹਾ ਕਿ ਪਲਾਹੀ ਪਿੰਡ ਅਤੇ ਪਲਾਹੀਗੇਟ ਵਿਖੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਸ਼ਰਾਰਤੀ ਤੱਤਾਂ ਨੂੰ ਤਰੂੰਤ ਗ੍ਰਿਫਤਾਰ ਕਰਕੇ ਸ਼ਖਤ ਤੋਂ ਸ਼ਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ, ਇਲਾਕੇ ਅੰਦਰ ਲੱਗੇ ਮਹਾਪੁਰਸ਼ਾਂ ਦੇ ਬੁੱਤਾ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਅਤੇ ਪਲਾਹੀ ਪਿੰਡ ਅਤੇ ਪਲਾਹੀਗੇਟ ਵਿਖੇ ਬਾਬਾ ਸਾਹਿਬ ਜੀ ਦੇ ਨਵੇਂ ਬੁੱਤ ਜਲਦੀ ਤੋਂ ਜਲਦੀ ਸਥਾਪਿਤ ਕੀਤੇ ਜਾਣ।ਰਾਜੂ ਨੇ ਕਿਹਾ ਕਿ ਜੇਕਰ ਪੁਲਿਸ ਪ੍ਰਸ਼ਾਸਾਨ ਨੇ ਇਸ ਅੱਤ ਨਿੰਦਣਯੋਗ ਘਟਨਾ ਪ੍ਰਤੀ ਢਿੱਲਮੱਠ ਦਿਖਾਈ ਤਾਂ ਬਸਪਾ ਜ਼ਬਰਦਸਤ ਸ਼ੰਘਰਸ ਵਿੱਢਣ ਲਈ ਮਜ਼ਬੂਰ ਹੋਵੇਗੀ ਜਿਸ ਦੀ ਜਿੰਮੇਵਾਰੀ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ।ਇਸ ਮੌਕੇ ਰਛਪਾਲ ਰਾਜੂ ਨੇ ਬਹਿਰਾਮ ਵਿਖੇ ਉਕਾਰ ਬੱਸ ਐਕਸੀਡੈਂਟ 'ਚ ਮਾਰੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ 10-10 ਲੱਖ ਰੁਪਏ ਮੁਆਵਜਾ ਦਿੱਤਾ ਜਾਵੇ ਤਾਂ ਜੋ ਇੰਨ੍ਹਾ ਦੇ ਜ਼ਖਮਾਂ 'ਤੇ ਮਰ੍ਹਮ ਲੱਗ ਸਕੇ। ਡੀ.ਐਸ.ਪੀ.ਸਬ ਡਵੀਜਨ ਮਨਪ੍ਰੀਤ ਢਿੱਲੋਂ ਨੇ ਮੌਕੇ 'ਤੇ ਐਸ.ਐਚ.ਓ.ਸਦਰ ਸੁਰਿੰਦਰ ਪਾਲ ਸਿੰਘ ਨੂੰ ਭੇਜਆ, ਜਿੰਨਾਂ ਨੇ ਵਫਦ ਨੂੰ ਦੱਸਿਆ ਕਿ ਸਦਰ ਪੁਲਿਸ ਨੇ ਦੋਸ਼ੀਆਂ ਖਿਲਾਫ ਪਰਚਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਐਸ. ਐਚ. ਓ.ਨੇ ਵਫਦ ਨੂੰ ਭਰੋਸਾ ਦਿੱਤਾ ਕਿ




ਦੋਸ਼ੀਆਂ ਨੂੰ ਜਲਦੀ ਹੀ ਪੁਲਿਸ ਗ੍ਰਿਫਤਾਰ ਕਰ ਲਵੇਗੀ ਅਤੇ ਇਲਾਕੇ 'ਚ ਲੱਗੇ ਬਾਬਾ ਸਾਹਿਬ ਜੀ ਦੇ ਬੁੱਤਾਂ ਦੀ ਸੁਰੱਖਿਆ ਲਈ ਪੁਖਤਾਂ ਪ੍ਰਬੰਧ ਕੀਤੇ ਜਾ ਰਹੇ। ਇਸ ਮੌਕੇ ਸ਼੍ਰੀਮਤੀ ਰਚਨਾ ਦੇਵੀ ਜ਼ੋਨ ਕੋਆਰਡੀਨੇਟਰ, ਪ੍ਰਵੀਨ ਬੰਗਾ ਸਾਬਕਾ ਮੀਡੀਆ ਇੰਚਾਰਜ, ਐਡਵੋਕੇਟ ਕੁਲਦੀਪ ਭੱਟੀ ਪ੍ਰਧਾਨ ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਬੁੱਧ ਵਿਹਾਰ, ਪ੍ਰਮਜੀਤ ਖਲਵਾੜਾ ਜ਼ਿਲ੍ਹਾ ਜਨਰਲ ਸਕੱਤਰ, ਰਾਮ ਮੂਰਤੀ ਖੇੜਾ ਤਹਿਸੀਲ ਪ੍ਰਧਾਨ, ਹਰਭਜਨ ਖਲਵਾੜਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਲੇਖਰਾਜ ਜਮਾਲਪੁਰ ਮੈਂਬਰ ਜ਼ਿਲ੍ਹਾਂ ਸ਼ਿਕਾਇਤ ਨਿਵਾਰਣ ਕਮੇਟੀ, ਕਾਲਾ ਪ੍ਰਭਾਕਰ ਸ਼ਹਿਰੀ ਪ੍ਰਧਾਨ, ਤੇਜਪਾਲ ਬਸਰਾ ਸਾਬਕਾ ਕੌਂਸਲਰ, ਸੁਰਜੀਤ ਭੁੱਲਾਰਾਈ ਯੂਥ ਆਗੂ, ਚਰਨਜੀਤ ਜੱਖੂ, ਜਸਵੀਰ ਸਰੋਏ, ਮਨਜੀਤ ਕੁਮਾਰ, ਰਛਪਾਲ ਪਲਾਹੀ ਸਾਬਕਾ ਪੰਚ ਤੋਂ ਇਲਾਵਾ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।


# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

## ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



Call For Special Price

Kashmir S. Thandi
Office: (866) 933-3038

Balhar S. Ranu
Cell: 916-502-7733

Yuba City Ph: 530-419-5058



1816 Main Ave.,
Secramento CA, 95838

ਦੇਸ਼ ਦੁਆਬਾ

# ਰਿਜ਼ਵੇਸ਼ਨ ਵਿਰੋਧੀ ਪਹਿਲਾਂ ਯਥਾਰਥ ਦੇਖਣ

ਭਾਰਤ ਵਿਚ ਸ਼ਡਿਊਲਡ ਕਾਸਟ, ਪੱਛੜੀ ਸ਼੍ਰੇਣੀਆਂ ਅਤੇ ਪੱਛੜੇ ਕਬੀਲਿਆਂ ਨੂੰ ਆਰਥਿਕ ਤੌਰ ਤੇ ਉਚਾ ਚੁੱਕਣ ਦੇ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਤੋਂ ਬਾਅਦ ਲਾਗੂ ਕੀਤੀ ਗਈ ਸੀ। ਇਸ ਤੋਂ ਬਾਅਦ ਇਸ ਵਿਚ ਵਾਧਾ ਵੀ ਕੀਤਾ ਗਿਆ, ਪਰ ਰਿਜ਼ਰਵੇਸ਼ਨ ਦਾ ਲਾਭ ਕਿੰਨੇ ਕੁ ਲੋਕਾਂ ਨੂੰ ਮਿਲ ਰਿਹਾ ਹੈ, ਇਸ ਦੀ ਜਿਊਂਦੀ-ਜਾਗਦੀ ਤਸਵੀਰ ਉਹ ਅੰਕੜੇ ਹਨ, ਜਿਹੜੇ ਭਾਰਤ ਵਿਚ ਪ੍ਰਸ਼ਾਸਨਿਕ ਸੇਵਾਵਾਂ ਵਿਚ ਲੱਗੇ ਲੋਕਾਂ ਦਾ ਅਨੁਪਾਤ ਅਤੇ ਆਬਾਦੀ ਦਾ ਅਨੁਪਾਤ ਦਰਸਾਉਂਦੇ ਹਨ। ਭਾਰਤ ਵਿਚ ਇਸ ਵਕਤ 30 ਫੀਸਦੀ ਦੇ ਕਰੀਬ ਸ਼ਡਿਊਲਡ ਕਾਸਟ ਸ਼੍ਰੇਣੀਆਂ ਨੂੰ ਰਿਜ਼ਰਵੇਸ਼ਨ ਹਾਸਲ ਹੈ, 5 ਫੀਸਦੀ ਪੱਛੜੀਆਂ ਸ਼੍ਰੇਣੀਆਂ ਨੂੰ ਅਤੇ ਇੰਨੀ ਹੀ ਪੱਛੜੇ ਕਬੀਲਿਆਂ ਨੂੰ ਹਾਸਲ ਹੈ। ਇਸ ਦੇ ਉਲਟ ਭਾਰਤ ਵਿਚ 30 ਫੀਸਦੀ ਤੋਂ ਜ਼ਿਆਦਾ ਆਬਾਦੀ ਸ਼ਡਿਊਲਡ ਕਾਸਟ ਸ਼੍ਰੇਣੀਆਂ ਦੀ ਹੈ, 60 ਫੀਸਦੀ ਪੱਛੜੀਆਂ ਸ਼੍ਰੇਣੀਆਂ ਦੀ ਹੈ ਅਤੇ 2 ਫੀਸਦੀ ਤੋਂ ਜ਼ਿਆਦਾ ਪੱਛੜੇ ਕਬੀਲਿਆਂ ਦੀ ਹੈ। ਕੁੱਲ ਮਿਲਾ ਕੇ ਇਹਨਾਂ ਸਾਰੇ ਤਬਕਿਆਂ ਨੂੰ ਰਿਜ਼ਰਵੇਸ਼ਨ ਸਿਰਫ 40 ਫੀਸਦੀ ਦੇ ਕਰੀਬ ਹੈ, ਜਦਕਿ ਬਾਕੀ ਸਿਰਫ 8 ਫੀਸਦੀ ਵਰਗਾਂ ਦੇ ਲਈ 60 ਫੀਸਦੀ ਸੀਟਾਂ ਛੱਡੀਆਂ ਹੋਈਆਂ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਭਾਰਤ ਵਿਚ 50 ਫੀਸਦੀ ਦੇ ਕਰੀਬ ਰਿਜ਼ਰਵ ਸੀਟਾਂ ਖਾਲੀ ਪਈਆਂ ਹਨ ਜਾਂ ਫਿਰ ਉਪਰਲੇ ਵਰਗਾਂ ਨਾਲ ਭਰ ਦਿੱਤੀਆਂ ਗਈਆਂ ਹਨ। ਜਦਕਿ ਗੈਰ ਰਿਜ਼ਰਵ ਸ਼੍ਰੇਣੀ ਵਿਚ ਬ੍ਰਾਹਮਣ ਅਤੇ ਬਾਣੀਆ ਜਮਾਤਾਂ ਆਉਂਦੀਆਂ ਹਨ। ਇਸ ਵਰਗ ਦੇ ਕੋਲ ਭਾਰਤ ਦੇ ਪ੍ਰਸ਼ਾਸਨਿਕ ਅਹੁਦਿਆਂ ਦਾ 80 ਫੀਸਦੀ ਤੋਂ ਜ਼ਿਆਦਾ ਹੈ।

ਭਾਰਤ ਦੀ ਨਿਆਂਪਾਲਿਕਾ ਦੀ ਸਥਿਤੀ ਨੂੰ ਸਪਸ਼ਟ ਤੌਰ ਤੇ ਬਿਆਨ ਕਰਦੇ ਅੰਕੜੇ ਸਭ ਦੇ ਸਾਹਮਣੇ ਹਨ। ਭਾਰਤ ਦੀਆਂ ਹਾਈ ਕੋਰਟਾਂ ਵਿਚ ਕੁੱਲ 481 ਜੱਜ ਹਨ, ਜਿਹਨਾਂ ਵਿਚੋਂ ਬ੍ਰਾਹਮਣ 6,ਬਾਣੀਆ 426, ਪੱਛੜੀਆਂ ਸ਼੍ਰੇਣੀਆਂ ਦੇ 35, ਸ਼ਡਿਊਲਡ ਕਾਸਟ ਦੇ 15 ਅਤੇ ਪੱਛੜੇ ਕਬੀਲਿਆਂ ਦੇ 5 ਜੱਜ ਹਨ। ਯਾਨਿ ਇਹਨਾਂ ਅੰਕੜਿਆਂ ਮੁਤਾਬਕ 80 ਫੀਸਦੀ ਤੋਂ ਜ਼ਿਆਦਾ ਜੱਜ ਉਚ ਜਾਤੀਆਂ ਦੇ ਹਨ।ਇਹੀ ਹਾਲ ਭਾਰਤ ਦੀਆਂ ਸੈਸ਼ਨ ਅਤੇ ਛੋਟੀਆਂ ਅਦਾਲਤਾਂ ਵਿਚ ਹੈ। ਵੱਡੇ ਪ੍ਰਸ਼ਾਸਨਿਕ ਅਹੁਦਿਆਂ ਦੇ ਉਤੇ ਪੱਛੜੀਆਂ ਸ਼੍ਰੇਣੀਆਂ ਅਤੇ ਦਲਿਤ ਭਾਈਚਾਰੇ ਦੇ ਨਾਮਾਤਰ ਅਧਿਕਾਰੀ ਮਿਲਣਗੇ, ਜਦਕਿ ਕਿਸੇ ਵੀ ਮੁਲਕ ਦੀ ਅਸਲੀ ਸਰਕਾਰ ਉਥੋਂ ਦੀ ਵਿਧਾਇਕਾ ਦੇ ਨਾਲ ਕਾਰਜ ਪਾਲਿਕਾ ਅਤੇ ਨਿਆਂਪਾਲਿਕਾ ਸਮੇਤ ਪ੍ਰਸ਼ਾਸਨਿਕ ਢਾਂਚਾ ਹੁੰਦਾ ਹੈ। ਇਹਨਾਂ ਅੰਕੜਿਆਂ ਨੂੰ ਦੇਖ ਕੇ ਜੇਕਰ ਕਿਸੇ ਨੂੰ ਰਿਜ਼ਰਵੇਸ਼ਨ ਦੇ ਉਤੇ ਸ਼ੰਕਾ ਹੈ ਤਾਂ ਪਹਿਲਾਂ ਇਸ ਸੰਤੁਲਨ ਨੂੰ ਠੀਕ ਕਰਨ ਲਈ ਉਪਰਾਲੇ ਕਰੇ ਅਤੇ ਦੱਸੇ ਕਿ ਰਿਜ਼ਰਵੇਸ਼ਨ ਕਿਸ ਨੂੰ ਮਿਲ ਰਹੀ ਹੈ। ਕੀ ਰਿਜ਼ਰਵੇਸ਼ਨ ਦਾ ਮੌਜੂਦਾ ਢਾਂਚਾ ਅਨੁਕੂਲ ਹੈ। ਦਲਿਤ ਅਤੇ ਪੱਛੜੀਆਂ ਸ਼੍ਰੇਣੀਆਂ ਦੀ 80 ਫੀਸਦੀ ਤੋਂ ਜ਼ਿਆਦਾ ਆਬਾਦੀ ਹੈ ਪਰ ਪ੍ਰਸ਼ਾਸਨ ਵਿਚ ਉਹਨਾਂ ਦੀ ਭੂਮਿਕਾ ਨਾਮਾਤਰ ਹੈ। ਕੀ ਰਿਜ਼ਰਵੇਸ਼ਨ ਉਹਨਾਂ ਨੂੰ ਮਿਲ ਰਹੀ ਹੈ ਜਾਂ ਉਹਨਾਂ ਨੂੰ ਜਿਹੜੇ ਰਿਜ਼ਰਵ ਕੈਟੇਗਰੀ ਵਿਚ ਨਹੀਂ ਆਉਂਦੇ।

# ਸ਼ੰਕਾ-ਨਵਿਰਤੀ/ ਭਾਗ- 3



ਮੇਘ ਰਾਜ ਮਿੱਤਰ
+91-98887-87440

**? ਮਿੱਤਰ ਜੀ ਜਦੋਂ ਮਨੁੱਖ ਦੀ ਮੌਤ ਹੁੰਦੀ ਹੈ ਤਾਂ ਸਰੀਰ ਵਿਚੋਂ ਕਿਹੜੀ ਚੀਜ਼ ਨਿਕਲਦੀ ਹੈ ਇਸ ਬਾਰੇ ਸਾਨੂੰ ਸ਼ੰਕਾ ਨਵਿਰਤੀ ਰਾਹੀਂ ਜ਼ਰੂਰ ਦੱਸਣਾ।**

* ਜਦੋਂ ਰੇਡੀਓ ਚੱਲਣਾ ਬੰਦ ਹੋ ਜਾਂਦਾ ਹੈ ਤਾਂ ਕੀ ਵਿੱਚੋਂ ਕੋਈ ਚੀਜ਼ ਬਾਹਰ ਨਿਕਲ ਜਾਂਦੀ ਹੈ। ਨਹੀਂ ਅਸਲ ਵਿਚ ਰੇਡੀਓ ਦੇ ਅੰਦਰੂਨੀ ਸਰਕਟਾਂ ਦੇ ਆਪਸੀ ਤਾਲਮੇਲ ਵਿੱਚੋਂ ਕਿਸੇ ਇੱਕ ਸਰਕਟ ਦੇ ਬੰਦ ਹੋਣ ਨਾਲ ਰੁਕਾਵਟ ਆ ਜਾਂਦੀ ਹੈ। ਇਵੇਂ ਹੀ ਸਰੀਰ ਦੀਆਂ ਵੱਖ-ਵੱਖ ਅੰਗ ਪ੍ਰਣਾਲੀਆਂ ਵਿੱਚੋਂ ਕਿਸੇ ਦੇ ਕੰਮ ਬੰਦ ਕਰ ਦੇਣ ਨਾਲ ਸਰੀਰ ਦਾ ਆਪਸੀ ਤਾਲਮੇਲ ਖ਼ਤਮ ਹੋ ਜਾਂਦਾ ਹੈ। ਆਪਸੀ ਤਾਲ ਮੇਲ ਖ਼ਤਮ ਹੋ ਜਾਂਦਾ ਹੈ। ਸਿੱਟੇ ਵਜੋਂ ਮਨੁੱਖ ਦੀ ਮੌਤ ਹੋ ਜਾਂਦੀ ਹੈ।

**? ਮੌਜੂਦਾ ਮਨੁੱਖ ਵਿਚ ਆਉਣ ਵਾਲੇ ਸਮੇਂ ਵਿਚ ਕੀ-ਕੀ ਤਬਦੀਲੀਆਂ ਹੋ ਸਕਦੀਆਂ ਹਨ?**

* ਅਸੀਂ ਹਰ ਪਲ ਹਰ ਘੜੀ ਬਦਲ ਰਹੇ ਹਾਂ। ਮੇਰੇ ਪਿਤਾ ਜੀ ਨੇ ਜਦੋਂ ਸਾਇਕਲ ਸਿੱਖਿਆ ਸੀ ਤਾਂ ਦੋ ਜਣੇ ਉਸ ਨੂੰ ਪਿੱਛੋਂ ਫੜਦੇ ਸਨ। ਫਿਰ ਵੀ ਸਿੱਖਦੇ-ਸਿੱਖਦੇ ਗੋਡਿਆਂ 'ਤੇ ਟਾਕੀਆਂ ਵਰਗੇ ਜ਼ਖਮ ਹੋ ਜਾਂਦੇ ਸਨ ਪਰ ਮੇਰੇ ਬੇਟੇ ਨੇ ਜਦੋਂ ਸਾਇਕਲ ਸਿੱਖਿਆ ਉਸ ਨੂੰ ਕੋਈ ਅਜਿਹੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਿਆ। ਪਿਛਲੇ ਇਕ ਦਹਾਕੇ ਵਿਚ ਆਈਆਂ ਤਬਦੀਲੀਆਂ ਹੀ ਨੋਟ ਕਰਨ ਵਾਲੀਆਂ ਹਨ। ਇੰਟਰਨੈੱਟ, ਮੋਬਾਇਲ ਅਤੇ ਕਲੋਨਿੰਗ ਨੇ ਮਨੁੱਖੀ ਜ਼ਿੰਦਗੀ ਵਿਚ ਅਥਾਹ ਤਬਦੀਲੀਆਂ ਲਿਆ ਦਿੱਤੀਆਂ ਹਨ। ਜਿਵੇਂ ਬਾਬੇ ਤੇ ਪੋਤੇ ਵਿਚ ਵੱਡੀਆਂ ਤਬਦੀਲੀਆਂ ਮਹਿਸੂਸ ਕੀਤੀਆਂ ਜਾ ਸਕਦੀਆਂ ਹਨ। ਆਉਣ ਵਾਲੀਆਂ 20-30 ਪੀੜੀਆਂ ਬਾਅਦ ਵਾਲੇ ਮਨੁੱਖਾਂ ਲਈ ਤਾਂ ਅੱਜ ਦਾ ਮਨੁੱਖ ਜੰਗਲੀ ਮਨੁੱਖਾਂ ਵਰਗਾ ਜਾਪੇਗਾ।

**? ਕਿਰਪਾ ਕਰਕੇ ਮਨੁੱਖੀ ਕੋਸ਼ਿਕਾਵਾਂ ਦੀ ਗਿਣਤੀ ਦੱਸੋ?**

* ਮਨੁੱਖੀ ਸਰੀਰ ਵਿਚ ਕੋਸ਼ਿਕਾਵਾਂ ਦੀ ਗਿਣਤੀ ਖਰਬਾਂ ਵਿਚ ਹੁੰਦੀ ਹੈ।

**? ਕੀ ਬੱਸ ਸਟੈਂਡਾਂ ਉੱਪਰ ਵਿਕਦੇ ਬਣਾਵਟੀ ਜੂਸ ਸਿਹਤ ਲਈ ਚੰਗੇ ਹੁੰਦੇ ਹਨ?**

* ਜੂਸ ਜਿਹੜੇ ਵੀ ਵਿਗਿਆਨਕ ਢੰਗਾਂ ਨਾਲ ਤਿਆਰ ਕੀਤੇ ਜਾਂਦੇ ਹਨ ਅਤੇ ਹਰ ਪੱਖੋਂ ਸਫਾਈ ਦਾ ਖਿਆਲ ਰੱਖਿਆ ਜਾਂਦਾ ਹੈ। ਸਿਹਤ ਪੱਖੋਂ ਠੀਕ ਹੁੰਦੇ ਹਨ।

**? ਸਰਦੀ ਦੇ ਮੌਸਮ ਵਿੱਚ ਸਾਡੇ ਮੂੰਹ ਵਿੱਚੋਂ ਭਾਫ਼ ਕਿਉਂ ਨਿਕਲਦੀ ਹੈ।**

* ਸਰਦੀ ਦੇ ਮੌਸਮ ਵਿੱਚ ਸਾਡੇ ਮੂੰਹ ਵਿਚੋਂ ਨਿਕਲੇ ਪਾਣੀ ਦੇ ਕਣ ਹਵਾ ਵਿਚਲੇ ਰੇਤ ਦੇ ਕਣਾਂ ਤੇ ਜੰਮ ਜਾਂਦੇ ਹਨ ਇਸ ਲਈ ਇਹ ਭਾਫ਼ ਦੀ ਤਰ੍ਹਾਂ ਨਜ਼ਰ ਆਉਂਦੇ ਹਨ।

**? ਸੱਪ ਦੇ ਕੱਟੇ ਆਦਮੀ ਨੂੰ ਜੇਕਰ ਦੁੱਧ ਦਿੱਤਾ ਜਾਵੇ ਤਾਂ ਕੀ ਜ਼ਹਿਰ ਜ਼ਿਆਦਾ ਫੈਲਦਾ ਹੈ।**

* ਸੱਪ ਦੇ ਕੱਟੇ ਆਦਮੀ ਨੂੰ ਦੁੱਧ ਦੇਣ ਨਾਲ ਜ਼ਹਿਰ ਦੇ ਵੱਧ ਜਾਂ ਘੱਟ ਫੈਲਣ ਤੇ ਕੋਈ ਪ੍ਰਭਾਵ ਨਹੀਂ ਪੈਂਦਾ।

**? ਪਹਿਲਾਂ ਆਦਮੀ ਆਇਆ ਜਾਂ ਔਰਤ**

* ਅਸਲ ਵਿਚ ਧਰਤੀ ਉੱਤੇ ਪਹਿਲਾਂ ਅਜਿਹੇ ਇੱਕ ਸੈਲੇ ਜੀਵ ਹੋਂਦ ਵਿਚ ਆਏ ਜਿੰਨਾਂ ਵਿਚ ਸੈਕਸ ਪੱਖੋਂ ਕੋਈ ਫ਼ਰਕ ਨਹੀਂ ਸਨ। ਇਨ੍ਹਾਂ ਇੱਕ ਸੈੱਲੇ ਜੀਵਾਂ ਤੋਂ ਬਾਅਦ ਵਿੱਚ ਇਸਤਰੀ ਲਿੰਗ ਤੇ ਪੁਲਿੰਗ ਵਾਲੇ ਜੀਵਾਣੂ ਇਕੋ ਸਮੇਂ ਹੋਂਦ ਵਿਚ ਆ ਗਏ। ਇਸ ਤਰ੍ਹਾਂ ਹੀ ਬਾਂਦਰ ਦੇ ਮਨੁੱਖ ਬਣਨ ਦੇ ਵਿਕਾਸ ਸਮੇਂ ਵੀ ਇੰਝ ਹੀ ਹੋਇਆ।

**? ਗੰਢਾ (ਪਿਆਜ਼) ਕੱਟਣ ਸਮੇਂ ਅੱਖਾਂ ਵਿੱਚ ਕੁੜੱਤਣ ਅਤੇ ਪਾਣੀ ਕਿਵੇਂ ਆਉਂਦਾ ਹੈ ਅਤੇ ਕਿਉਂ।**

* ਪਿਆਜ ਦੇ ਰਸ ਵਿੱਚ ਏਲਾਈਲ ਨਾਂ ਦਾ ਤੇਲ ਹੁੰਦਾ ਹੈ। ਕੱਟਦੇ ਸਮੇਂ ਇਸ ਦੇ ਅਣੂ ਅੱਖਾਂ ਵਿਚ ਪੈ ਜਾਂਦੇ ਹਨ। ਅੱਖਾਂ ਨਾਲ ਏਲਾਈਲ ਦੀ ਕਿਰਿਆ ਕਰਕੇ ਪਾਣੀ ਆਉਣ ਲੱਗ ਜਾਂਦਾ ਹੈ।

**? ਕੀ ਖੁਸਰਿਆਂ ਵਿੱਚ ਵੀ ਮੇਲ-ਫੀਮੇਲ ਹੁੰਦੇ ਹਨ।**

* ਖੁਸਰਿਆਂ ਵਿੱਚ ਵੀ ਮੇਲ ਫੀਮੇਲ ਹੁੰਦੇ ਹਨ। ਅਸਲ ਵਿੱਚ ਹਰੇਕ ਵਿਅਕਤੀ ਵਿੱਚ ਮੇਲ ਤੇ ਫੀਮੇਲ ਦੇ ਗੁਣ ਹੁੰਦੇ ਹਨ।

ਅਸਲ ਗੱਲ ਇਹ ਹੁੰਦੀ ਹੈ ਕਿ ਪ੍ਰਭਾਵੀ ਕਿਹੜੇ ਹਨ ਜਾਂ ਪ੍ਰਗਟ ਕਿਹੜੇ ਹੁੰਦੇ ਹਨ।

**? ਅੱਜ ਕੱਲ੍ਹ ਮਾਵਾਂ ਉਨ੍ਹਾਂ ਬੱਚਿਆਂ ਨੂੰ ਜਨਮ ਦੇ ਰਹੀਆਂ ਹਨ ਜਿਨ੍ਹਾਂ ਦੇ ਸਿਰ ਜਾਂ ਧੜ ਜੁੜੇ ਹੋਏ ਹੁੰਦੇ ਹਨ। ਅਜਿਹਾ ਕਿਉਂ?**

* ਤੁਹਾਡੀ ਅੱਜ ਕੱਲ੍ਹ ਵਾਲੀ ਗੱਲ ਦਰੁਸਤ ਨਹੀਂ ਤੇ ਨਾ ਹੀ ਇਹ ਕਿਸੇ ਸਬੂਤ 'ਤੇ ਆਧਾਰਿਤ ਹੈ। ਉਂਝ ਜੁੜਵੇਂ ਬੱਚੇ ਪੈਦਾ ਹੋਣ ਦਾ ਕਾਰਨ ਮਾਂ ਰਾਹੀਂ ਪੈਦਾ ਕੀਤੇ ਦੋ ਵੱਖ-ਵੱਖ ਆਂਡੇ ਜਾਂ ਇੱਕ ਆਂਡੇ ਦੇ ਦੋ ਵੱਖ-ਵੱਖ ਭਾਗਾਂ ਵਿੱਚ ਟੁੱਟ ਜਾਣ ਕਰਕੇ ਹੁੰਦਾ ਹੈ। ਇਨ੍ਹਾਂ ਬੱਚਿਆਂ ਦੇ ਜੁੜੇ ਰਹਿ ਜਾਣ ਦਾ ਕਾਰਨ ਵੀ ਮਾਂ ਦੇ ਪੇਟ ਵਿੱਚ ਬੱਚੇ ਦੀ ਵਾਧੇ ਦੌਰਾਨ ਹੋਈ ਕੋਈ ਗੜਬੜ ਹੀ ਹੁੰਦਾ ਹੈ।

**? ਖੁਸ਼ੀ/ਗਮੀ ਵੇਲੇ ਹੰਝੂ ਕਿਉਂ ਆਉਂਦੇ ਹਨ।**

* ਹੰਝੂ (ਹੰਝੂ ਗ੍ਰੰਥੀਆਂ) ਦੁਆਰਾ ਛੱਡਿਆ ਗਿਆ ਨਮਕੀਨ ਤਰਲ ਪਦਾਰਥ ਹੁੰਦਾ ਹੈ। ਹੰਝੂ ਗ੍ਰੰਥੀਆਂ ਸਾਡੀਆਂ ਅੱਖਾਂ ਦੇ ਉਪਰਲੇ ਬਾਹਰਲੇ ਪਾਸੇ ਹੁੰਦੀਆਂ ਹਨ ਜੋ ਆਮ ਹਾਲਤਾਂ ਵਿੱਚ ਵੀ ਇੱਕ ਤਰਲ ਛੱਡਦੀਆਂ ਰਹਿੰਦੀਆਂ ਹਨ ਜੋ ਅੱਖਾਂ ਝਪਕਣ ਨਾਲ ਅੱਖਾਂ ਦੀ ਬਾਹਰੀ ਝਿੱਲੀ ਉੱਪਰ ਫੈਲ ਜਾਂਦਾ ਹੈ। ਇਸਦੇ ਨਿਮਨਲਿਖਤ ਕੰਮ ਹੁੰਦੇ ਹਨ :-

1. ਇਸ ਦੇ ਵਿੱਚ ਐਨਜ਼ਾਈਮ ਹੁੰਦਾ ਹੈ ਜੋ ਕੁਝ ਜੀਵਾਣੂਆਂ ਨੂੰ ਮਾਰਨ ਵਿੱਚ ਸਹਾਈ ਹੁੰਦਾ ਹੈ ਅਤੇ ਇੰਝ ਅੱਖਾਂ ਨੂੰ ਤੰਦਰੁਸਤ ਰੱਖਣ ਵਿੱਚ ਮੱਦਦ ਕਰਦਾ ਹੈ।
2. ਇਹ ਅੱਖਾਂ ਦੀ ਸਤ੍ਹਾ ਨੂੰ ਗਿੱਲਾ ਰੱਖਦਾ ਹੈ ਤਾਂ ਕਿ ਅੱਖਾਂ ਆਸਾਨੀ ਨਾਲ ਅਲੱਗ-ਅਲੱਗ ਦਿਸ਼ਾ 'ਚ ਘੁੰਮ ਸਕਣ।
3. ਇਹ ਕਾਰਨੀਆਂ ਨੂੰ ਖ਼ੁਰਾਕ ਦਿੰਦਾ ਹੈ ਕਿਉਂਕਿ ਕਾਰਨੀਆਂ ਵਿੱਚ ਖ਼ੂਨ ਦੀਆਂ ਨਸਾਂ ਨਾ ਹੋਣ ਕਰਕੇ ਇਹ ਖ਼ੂਨ ਤੋਂ ਸਿੱਧੇ ਤਰ੍ਹਾਂ ਖ਼ੁਰਾਕ ਪ੍ਰਾਪਤ ਨਹੀਂ ਕਰ ਸਕਦੀ।
4. ਇਹ ਅੱਖਾਂ ਤੋਂ ਧੂੜ ਆਦਿ ਨੂੰ ਧੋਣ ਦਾ ਕੰਮ ਕਰਦਾ ਹੈ।

ਹੰਝੂ ਗਰੰਥੀਆਂ ਦੁਆਰਾ ਛੱਡਿਆ ਗਿਆ ਵਾਧੂ ਤਰਲ ਅਤੇ ਦ੍ਰਵ ਦੀ ਸਹਾਇਤਾ ਨਾਲ ਨੱਕ ਰਾਹੀਂ ਵਹਿ ਜਾਂਦਾ ਹੈ।

ਬਾਹਰੀ ਕਣਾਂ ਜਾਂ ਕੁਝ ਗੈਸਾਂ ਨਾਲ ਜਲਨ ਹੋਣ ਕਰਕੇ/ਤੀਬਰ ਉਤੇਜਨਾ ਕਰਕੇ (ਜਿਵੇਂ ਕਿ ਅਚਾਨਕ ਖੁਸ਼ੀ ਜਾਂ ਗਮੀ ਦੀ ਖ਼ਬਰ ਸੁਣਕੇ)/ ਬਿਨਾਂ ਅੱਖ ਝਪਕੇ ਲਗਾਤਾਰ ਦੇਖਣ ਨਾਲ ਹੰਝੂ ਗ੍ਰੰਥੀਆਂ ਦੇ ਆਸ-ਪਾਸ ਦੀਆਂ ਮਾਸ ਪੇਸ਼ੀਆਂ ਕਸੀਆਂ ਜਾਂਦੀਆਂ ਹਨ ਅਤੇ ਇਸ ਨਾਲ ਇਨ੍ਹਾਂ ਗ੍ਰੰਥੀਆਂ 'ਤੇ ਆਮ ਨਾਲੋਂ ਜ਼ਿਆਦਾ ਦਬਾ ਪੈਣ ਕਰਕੇ ਵੱਧ ਮਾਤਰਾ 'ਚ ਤਰਲ ਨਿਕਲਦਾ ਹੈ, ਜਿਸਨੂੰ ਹੰਝੂ ਕਹਿੰਦੇ ਹਨ।

ਉਪਰੋਕਤ ਸਥਿਤੀਆਂ ਵਿੱਚ ਹੰਝੂ ਵਗਣ ਤੋਂ ਇਲਾਵਾ ਸਰੀਰ 'ਚ ਕੁਝ ਹੋਰ ਵੀ ਗ੍ਰੰਥੀਆਂ ਦੇ ਤਰਲ ਨੂੰ ਅੱਖਾਂ ਤੋਂ ਬਾਹਰ ਡਿੱਗਣ ਤੋਂ ਰੋਕਣ ਵਾਸਤੇ ਇੱਕ ਤੇਲ ਛੱਡਦੀਆਂ ਹਨ, ਜੋ ਪਲਕਾਂ ਦੇ ਕਿਨਾਰਿਆਂ ਤੇ ਜੰਮ ਜਾਂਦਾ ਹੈ।

# ਸ਼ੰਕਾ-ਨਵਿਰਤੀ/ ਭਾਗ- 4

**? ਕੀ ਲੋਹੇ ਦੀ ਮੌਜੂਦਗੀ ਕਾਰਨ ਹੀ ਖ਼ੂਨ ਦਾ ਰੰਗ ਲਾਲ ਹੁੰਦਾ ਹੈ।**

* ਲੋਹੇ ਜਾਂ ਹੀਮੋਗਲੋਬਿਨ ਦੀ ਮੌਜੂਦਗੀ ਕਾਰਨ ਹੀ ਖ਼ੂਨ ਦਾ ਰੰਗ ਲਾਲ ਹੁੰਦਾ ਹੈ।

**? ਕੀ ਥੁੱਕ ਦੇ ਵਿਚ ਪ੍ਰੋਟੀਨ ਹੁੰਦੇ ਹਨ?**

* ਸਲਾਈਬੇ ਵਿੱਚ ਪ੍ਰੋਟੀਨ ਹੁੰਦੇ ਹਨ।

**? ਜਿਸ ਤਰ੍ਹਾਂ ਸਰੀਰ ਦੇ ਸਾਰੇ ਅੰਗ ਬਦਲੇ ਜਾ ਸਕਦੇ ਹਨ, ਕੀ ਦਿਮਾਗ ਨਹੀਂ ਬਦਲਿਆ ਜਾ ਸਕਦਾ?**

* ਮਨੁੱਖੀ ਦਿਮਾਗ ਬਦਲਿਆ ਨਹੀਂ ਜਾ ਸਕਦਾ ਕਿਉਂਕਿ ਅੱਜ ਤੱਕ ਵਿਗਿਆਨਕ, ਦਿਮਾਗੀ ਸੈੱਲਾਂ ਨੂੰ ਵਿਕਸਤ ਕਰਨ ਵਿੱਚ ਸਫਲ ਨਹੀਂ ਹੋ ਸਕੇ। ਵਿਗਿਆਨ ਹਮੇਸ਼ਾ ਪਰਿਵਰਤਨਸ਼ੀਲ ਹੈ। ਜਿਹੜੀਆਂ ਗੱਲਾਂ ਦੀ ਅੱਜ ਸਾਨੂੰ ਜਾਣਕਾਰੀ ਨਹੀਂ ਹੋ ਸਕਦੀ, ਆਉਣ ਵਾਲੇ ਵੀਹ-ਤੀਹ ਸਾਲ ਤੱਕ ਉਹਨਾਂ ਬਾਰੇ ਜਾਣਕਾਰੀ ਰੱਖਦੇ ਹੋਈਏ।

**? ਮਨੁੱਖ ਦੀ ਅੱਖ ਵੱਖ-ਵੱਖ ਰੰਗ ਵੇਖਦੀ ਹੈ ਪਰੰਤੂ ਕੁੱਤੇ, ਬਿੱਲੀ ਦੀ ਅੱਖ ਇੱਕ ਹੀ ਰੰਗ ਵੇਖਦੀ ਹੈ ਕਿਉਂ?**

* ਮਨੁੱਖੀ ਅੱਖ ਵਿੱਚ ਜੋ ਰਿਸੈਪਟਰ ਹੁੰਦੇ ਹਨ ਉਹ ਵੱਖ-ਵੱਖ ਰੰਗਾਂ ਲਈ ਵੱਖ-ਵੱਖ ਹੁੰਦੇ ਹਨ। ਪਰ ਕੁੱਤੇ ਤੇ ਬਿੱਲੀ ਵਿੱਚ ਇਹ ਰਿਸੈਪਟਰ ਨਹੀਂ ਹੁੰਦੇ।

**? ਮਨੁੱਖ ਦਾ ਦਿਲ ਇੱਕ ਮਿੰਟ ਵਿੱਚ ਕਿੰਨੀ ਵਾਰ ਧੜਕਦਾ ਹੈ?**

* ਇੱਕ ਸਿਹਤਮੰਦ ਮਨੁੱਖ ਦਾ ਦਿਲ ਇੱਕ ਮਿੰਟ ਵਿੱਚ 72 ਵਾਰ ਧੜਕਦਾ ਹੈ।

**? ਅੱਜ ਕੱਲ੍ਹ ਹਾਰਟ ਅਟੈਕ ਦਾ ਪਸਾਰ ਵਧਿਆ ਕਿਉਂ ਹੈ?**

* ਅੱਜ ਦੇ ਵਿਗਿਆਨਕ ਯੁੱਗ ਵਿੱਚ ਕੁਝ ਵਿਅਕਤੀ ਬਹੁਤ ਹੀ ਗੈਰ-ਵਿਗਿਆਨਕ ਢੰਗ ਨਾਲ ਜ਼ਿੰਦਗੀ ਬਤੀਤ ਕਰਦੇ ਹਨ। ਉਨ੍ਹਾਂ ਦਾ ਆਪਣੀਆਂ ਆਦਤਾਂ 'ਤੇ ਕੰਟਰੋਲ ਨਹੀਂ ਹੁੰਦਾ। ਬਲੱਡ ਪ੍ਰੈਸ਼ਰ, ਲੋੜੋਂ ਵੱਧ ਚਿਕਨਾਈ ਦੀ ਮਾਤਰਾ ਖ਼ੂਨ ਵਿਚ ਜਮ੍ਹਾ ਕਰਕੇ ਆਪ ਪੈਦਾ ਕੀਤੀ ਹੋਈ ਬਿਮਾਰੀ ਹੁੰਦਾ ਹੈ। ਇਸ ਕਾਰਨ ਹੀ ਹਾਰਟ ਅਟੈਕ ਅਤੇ ਅਧਰੰਗ ਹੁੰਦਾ ਹੈ। ਇਸ ਲਈ ਮਨੁੱਖ ਨੂੰ ਆਪਣੇ ਖਾਣ-ਪੀਣ ਦੀਆਂ ਆਦਤਾਂ 'ਤੇ ਕਾਬੂ ਪਾਉਣਾ ਚਾਹੀਦਾ ਹੈ ਅਤੇ ਨਾਲ ਹੀ ਹਰ ਰੋਜ਼ ਕੋਈ ਨਾ ਕੋਈ ਕਸਰਤ ਕਰਨੀ ਚਾਹੀਦੀ ਹੈ।

**? ਕਈ ਵਾਰ ਸਾਡੇ ਕੋਲ ਕੋਈ ਬੈਠਾ ਖੱਟੀ ਚੀਜ਼ ਖਾ ਰਿਹਾ ਹੁੰਦਾ ਹੈ ਜਾਂ ਉਂਝ ਹੀ ਫੜੀ ਬੈਠਾ ਰਹਿੰਦਾ ਹੈ ਤਾਂ ਸਾਡੇ ਮੂੰਹ ਵਿਚ ਉਸ ਚੀਜ਼ ਨੂੰ ਦੇਖਕੇ ਪਾਣੀ ਕਿਉਂ ਆ ਜਾਂਦਾ ਹੈ। ਜਦ ਕਿ ਉਹ ਚੀਜ਼ ਖਾਣ ਨੂੰ ਬਿਲਕੁਲ ਦਿਲ ਨਹੀਂ ਕਰ ਰਿਹਾ ਹੁੰਦਾ।**

* ਸਾਡਾ ਮਨ ਬਾਹਰੀ ਪ੍ਰਭਾਵਾਂ ਨੂੰ ਕਬੂਲਦਾ ਹੈ। ਸਾਡੇ ਅੰਗਾਂ ਦਾ ਸੰਬੰਧ ਮਨ ਨਾਲ ਹੀ ਹੁੰਦਾ ਹੈ। ਇਸ ਲਈ ਕਿਸੇ ਦੇ ਹੱਥ ਵਿਚ ਫੜੀ ਖੱਟੀ ਚੀਜ਼ ਦਾ ਪ੍ਰਭਾਵ ਸਾਡੇ ਮਨ ਉੱਪਰ ਪੈਂਦਾ ਹੈ ਤਾਂ ਸਾਡੇ ਸਰੀਰ ਦੀ ਲਾਰ ਗਰੰਥੀ ਲਾਰ ਪੈਦਾ ਕਰਨਾ ਸ਼ੁਰੂ ਕਰ ਦਿੰਦੀ ਹੈ।

**? ਜਦੋਂ ਅਸੀਂ ਕਈ ਵਾਰ ਕਮਰੇ ਵਿਚ ਬੈਠਕੇ ਟੈਲੀਵਿਜ਼ਨ ਵੇਖਦੇ ਹਾਂ ਤੇ ਥੋੜ੍ਹੀ ਦੇਰ ਬਾਅਦ ਵਾਪਸ ਅੰਦਰ ਦੇਖਦੇ ਹਾਂ ਤਾਂ ਅੱਖਾਂ ਅੱਗੇ ਹਨ੍ਹੇਰਾ ਕਿਉਂ ਆ ਜਾਂਦਾ ਹੈ ਭਾਵ ਕੁਝ ਨਹੀਂ ਦਿਸਦਾ ਅਜਿਹਾ ਕਿਉਂ ਹੁੰਦਾ ਹੈ।**

* ਸਾਡੀਆਂ ਅੱਖਾਂ ਤੇਜ਼ ਰੌਸ਼ਨੀ ਵਿਚ ਚੁੰਧਿਆ ਜਾਂਦੀਆਂ ਹਨ। ਇਸ ਲਈ ਜਦੋਂ ਅਸੀਂ ਤੇਜ਼ ਰੌਸ਼ਨੀ ਤੋਂ ਘੱਟ ਰੌਸ਼ਨੀ ਵੱਲ ਆਉਂਦੇ ਹਾਂ ਤਾਂ ਸਾਡੀਆਂ ਅੱਖਾਂ ਨੂੰ ਮੁੜ ਪਹਿਲੀ ਹਾਲਤ ਵਿਚ ਆਉਣ ਲਈ ਕੁਝ ਸਮਾਂ ਲੱਗ ਜਾਂਦਾ ਹੈ।

**? ਮਨੁੱਖ ਦੀ ਪਹਿਲੀ ਖੋਜ ਕੀ ਸੀ?**

* ਮਨੁੱਖ ਦੀਆਂ ਮੁੱਢਲੀਆਂ ਖੋਜਾਂ ਵਿਚ ਕੁਝ ਪੱਥਰ ਦੇ ਹਥਿਆਰ, ਅੱਗ ਅਤੇ ਪਹੀਆ ਆਦਿ ਸਨ।

**? ਜੀਨ ਕੀ ਹੁੰਦੇ ਹਨ।**

* ਇਹ ਮਨੁੱਖੀ ਸੈਲਾਂ ਦੀਆਂ ਅਜਿਹੀਆਂ ਰਚਨਾਵਾਂ ਹੁੰਦੇ ਹਨ ਜਿਹੜੇ ਅਨੁਵੰਸ਼ਕੀ ਗੁਣਾਂ ਨੂੰ ਮਾਪਿਆਂ ਤੋਂ ਧੀਆਂ ਪੁੱਤਾਂ ਵਿਚ ਲਿਜਾਣ ਦਾ ਕੰਮ ਕਰਦੇ ਹਨ।

**? ਡੀ. ਐੱਨ. ਏ. ਕੀ ਹੈ, ਤੇ ਇਸਦਾ ਕੀ ਅਰਥ ਹੈ।**

* ਇਸਦਾ ਅਰਥ ਡਾਈਨਿਊਕਲਿਕ ਐਸਿਡ ਹੈ ਤੇ ਇਸਦਾ ਕੰਮ ਮਾਪਿਆਂ ਦੇ ਗੁਣਾਂ ਨੂੰ ਬੱਚਿਆਂ ਵਿਚ ਲੈ ਜਾਣਾ ਹੁੰਦਾ ਹੈ।

**? ਹਰ ਛੋਟੇ-ਵੱਡੇ ਟੈਸਟ ਜਾਂ ਪ੍ਰੀਖਿਆਵਾਂ ਵਿੱਚ ਗਣਿਤ ਸਬੰਧੀ ਪ੍ਰਸ਼ਨ ਪੁੱਛੇ ਜਾਂਦੇ ਹਨ ਕੀ ਗਣਿਤ ਦੇ ਬਿਨਾਂ ਟੈਸਟ ਮੁਸ਼ਕਲ ਹਨ?**

* ਗਣਿਤ ਵਿਅਕਤੀਆਂ ਵਿੱਚ ਤਰਕ ਤੇ ਵਿਵੇਕ ਪੈਦਾ ਕਰਦਾ ਹੈ ਅਤੇ ਇਹ ਚੀਜ਼ਾਂ ਨੂੰ ਛੇਤੀ ਕਰਨ ਵਿੱਚ ਸਹਾਈ ਹੁੰਦਾ ਹੈ। ਇਸ ਲਈ ਗਣਿਤ ਇੱਕ ਜ਼ਰੂਰੀ ਵਿਸ਼ਾ ਹੈ।

**? ਸ਼ਰਾਬ ਪੀਣ ਤੋਂ ਬਾਅਦ ਕਿਸੇ ਆਦਮੀ ਦੀ ਆਵਾਜ਼ ਵਿੱਚ ਪਹਿਲਾਂ ਨਾਲੋਂ ਤਬਦੀਲੀ ਕਿਉਂ ਆ ਜਾਂਦੀ ਹੈ?**

* ਸ਼ਰਾਬ ਮਨੁੱਖੀ ਦਿਮਾਗ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਮਨੁੱਖੀ ਦਿਮਾਗ ਹੀ ਆਵਾਜ਼ ਨੂੰ ਕੰਟਰੋਲ ਕਰਦਾ ਹੈ। ਇਸ ਲਈ ਸ਼ਰਾਬ ਪੀਣ ਤੋਂ ਬਾਅਦ ਆਦਮੀ ਦੀ ਸੋਚਣ ਸ਼ਕਤੀ 'ਤੇ ਆਪਣਾ ਕਾਬੂ ਘੱਟ ਜਾਂਦਾ ਹੈ। ਇਸ ਲਈ ਆਵਾਜ਼ ਵਿੱਚ ਤਬਦੀਲੀ ਆ ਜਾਂਦੀ ਹੈ।

**? ਜੇਕਰ ਕੋਈ ਆਦਮੀ ਪਾਣੀ ਵਿੱਚ ਮਰ ਜਾਂਦਾ ਹੈ ਤਾਂ ਉਸਦੀ ਲਾਸ਼ ਪਾਣੀ ਦੇ ਉੱਪਰ ਕਿਉਂ ਆ ਜਾਂਦੀ ਹੈ ਅਤੇ ਫੁਲਾਵਟ ਕਿਉਂ ਧਾਰਨ ਕਰ ਜਾਂਦੀ ਹੈ।**

* ਪਾਣੀ ਵਿਚ ਡੁੱਬਣ ਤੋਂ ਕੁਝ ਸਮੇਂ ਬਾਅਦ ਲਾਸ਼ ਪਾਣੀ ਉੱਪਰ ਤੈਰਨ ਲੱਗ ਪੈਂਦੀ ਹੈ। ਇਸਦਾ ਕਾਰਨ ਇਹ ਹੈ ਕਿ ਮਨੁੱਖੀ ਸਰੀਰ ਵਿੱਚ ਵਾਪਰੀ ਰਸਾਇਣਿਕ ਕਿਰਿਆ ਰਾਹੀਂ ਉਪਜੀਆਂ ਗੈਸਾਂ ਕਾਰਨ ਮ੍ਰਿਤਕ ਦਾ ਸਰੀਰ ਫੁੱਲ ਜਾਂਦਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਬਾਦਲ ਦਾ ਘਿਰਾਓ ਕਰਨ ਦੇ ਮਨਸੂਬਿਆਂ ਤੇ ਪੁਲਿਸ ਸੁਰੱਖਿਆ ਪ੍ਰਬੰਧਾਂ ਨੇ ਫੇਰਿਆ ਪਾਣੀ

## ਬਾਦਲ ਦਾ ਘਿਰਾਓ ਕਰਨ ਪਹੁੰਚੇ ਸੈਂਕੜੇ ਕਾਂਗਰਸੀ ਵਰਕਰ ਗ੍ਰਿਫਤਾਰ, ਰਿਹਾਅ

**ਫਗਵਾੜਾ–** ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਅਤੇ ਦਿਹਾਤੀ ਵਲੋਂ ਫਗਵਾੜਾ ਵਿਖੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਘਿਰਾਓ ਕਰਨ ਦਾ ਮਨਸੂਬੇ ਉਪਰ ਉਸ ਸਮੇਂ ਪਾਣੀ ਫਿਰ ਗਿਆ ਜਦੋਂ ਪੁਲਿਸ ਦੇ ਸਖਤ ਸੁਰੱਖਿਆ ਪ੍ਰਬੰਧਾਂ ਅਤੇ ਬਾਦਲ ਦਾ ਕਾਫਿਲਾ ਗੁਜਰਨ ਤੋਂ ਪਹਿਲਾਂ ਹੀ ਹਦੀਆਬਾਦ ਚੌਕ ਵਿਖੇ ਸਾਬਕਾ ਕੈਬਿਨੇਟ ਮੰਤਰੀ ਅਤੇ ਕਾਂਗਰਸ ਦੇ ਸੂਬਾ ਜਨਰਲ ਸਕੱਤਰ ਜੋਗਿੰਦਰ ਸਿੰਘ ਮਾਨ ਦੀ ਅਗਵਾਈ ਹੇਠ ਇਕੱਤਰ ਹੋਏ ਸੈਂਕੜੇ ਕਾਂਗਰਸੀ ਵਰਕਰਾਂ ਨੂੰ ਥਾਣਾ ਸਿਟੀ ਮੁਖੀ ਪਰਮਸੁਨੀਲ ਸਿੰਘ ਨੇ ਹਿਰਾਸਤ ਵਿਚ ਲੈ ਲਿਆ। ਇਸ ਤੋਂ ਪਹਿਲਾਂ ਸ. ਮਾਨ ਅਤੇ ਪੁਲਿਸ ਵਿਚਕਾਰ ਕੁਝ ਨੋਕ-ਝੋਂਕ ਤੇ ਧੱਕਾ ਮੁੱਕੀ ਵੀ ਹੋਈ। ਹਿਰਾਸਤ ਵਿਚ ਲਏ ਕਾਂਗਰਸੀ ਵਰਕਰਾਂ ਨੂੰ ਪੁਲਿਸ ਵੈਨਾਂ ਵਿਚ ਚੌਕੀ ਚਹੇੜੂ ਲਿਜਾਇਆ ਗਿਆ ਜਿੱਥੋਂ ਕਰੀਬ ਦੋ ਘੰਟੇ ਦੀ ਹਿਰਾਸਤ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਜੋਗਿੰਦਰ ਸਿੰਘ ਮਾਨ ਨੇ ਸਰਕਾਰ ਦੇ ਇਸ਼ਾਰੇ ਤੇ ਪੁਲਿਸ ਵਲੋਂ ਕੀਤੀ ਇਸ ਕਾਰਵਾਈ ਦੀ ਸਖਤ ਨਖੇਦੀ ਕਰਦਿਆਂ ਕਿਹਾ ਕਿ ਜਨਤਾ ਦੀ ਆਵਾਜ ਨੂੰ ਦਬਾਉਣ ਦੀ ਹਰ ਕੋਸ਼ਿਸ਼ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ। ਉਹਨਾਂ ਤਲਖੀ ਨਾਲ ਕਿਹਾ ਕਿ ਮੁੱਖਮੰਤਰੀ ਪੁੱਤਰ ਮੋਹ ਵਿਚ ਆਪਣਾ ਰਾਜ ਧਰਮ ਭੁਲ ਗਏ ਹਨ। ਉਪ ਮੁੱਖਮੰਤਰੀ ਸੁਖਬੀਰ ਬਾਦਲ, ਉਹਨਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਅਤੇ ਹਰਸਿਮਰਤ ਦਾ ਭਰਾ ਅਤੇ ਸੂਬੇ ਦਾ ਮਾਲ ਮੰਤਰੀ ਬਿਕਰਮਜੀਤ ਮਜੀਠੀਆ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਸਰਕਾਰੀ ਮਸ਼ੀਨਰੀ ਅਤੇ ਖਜਾਨੇ ਦੀ ਦੁਰਵਰਤੋਂ ਕਰ ਰਹੇ ਹਨ। ਪੰਜਾਬ ਦੇ ਲੋਕ ਅਕਾਲੀ-ਭਾਜਪਾ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਦੁਖੀ ਹਨ। ਸਰਕਾਰੀ ਖਜਾਨੇ ਦੀ ਖੁਲ੍ਹ ਕੇ ਦੁਰਵਰਤੋਂ ਹੋ ਰਹੀ ਹੈ। ਦਲਿਤਾਂ ਨਾਲ ਧੱਕੇਸ਼ਾਹੀ ਸਿਖਰਾਂ ਤੇ ਹੈ। ਕਿਸਾਨ ਆਤਮ ਹੱਤਿਆਵਾਂ ਕਰ ਰਹੇ ਹਨ। ਵਿਕਾਸ ਦੇ ਕੰਮ ਠਪ ਪਏ ਹਨ। ਸਰਕਾਰੀ ਮੁਲਾਜਮਾ ਨੂੰ ਤਨਖਾਹਾਂ ਨਹੀਂ ਮਿਲ ਰਹੀਆਂ। ਪੈਨਸ਼ਨ ਧਾਰਕਾਂ ਨੂੰ ਪੈਨਸ਼ਨ ਨਹੀਂ ਮਿਲ ਰਹੀ। ਜਦਕਿ ਬਾਦਲਾਂ ਦੀਆਂ ਤਿਜੋਰੀਆਂ ਅਤੇ ਗੋਲਕਾਂ ਭਰਦੀਆਂ ਜਾ ਰਹੀਆਂ ਹਨ। ਬੀਬੀ ਬਾਦਲ ਜਦੋਂ ਤੋਂ ਮੰਤਰੀ ਬਣੀ ਹੈ ਪੰਜਾਬ ਦਾ ਕੋਈ ਮਸਲਾ ਕੇਂਦਰ ਵਿਚ ਨਹੀਂ ਚੁੱਕਿਆ। ਪੰਜਾਬ ਨੂੰ ਜੋ ਗ੍ਰਾਂਟਾਂ ਯੂ.ਪੀ.ਏ. ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਨ ਉਹ ਵੀ ਨਹੀਂ ਮਿਲ ਰਹੀਆਂ। ਦਲਿਤ ਭਲਾਈ ਸਕੀਮਾਂ ਦੇ ਫੰਡ ਵੀ ਰੁਕੇ ਹੋਏ ਹਨ। ਉਹਨਾਂ ਕਿਹਾ ਕਿ ਬਾਦਲ ਸਰਕਾਰ ਨੂੰ ਸੱਤਾ ਵਿਚ ਬਣੇ ਰਹਿਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ। ਕਿਉਂਕਿ ਬਾਦਲਾਂ ਦੀ ਨਲਾਇਕੀ ਦੀ ਵਜ੍ਹਾ ਨਾਲ ਪੰਜਾਬ ਨਸ਼ੇ ਦੀ ਮੰਡੀ ਬਣ ਕੇ ਦੁਨੀਆ ਭਰ ਵਿਚ ਬਦਨਾਮ ਹੋ ਗਿਆ ਹੈ। ਇੱਥੋਂ ਦੀ ਜਵਾਨੀ ਖੋਖਲੀ ਹੋ ਰਹੀ ਹੈ। ਉਹਨਾਂ ਕਿਹਾ ਕਿ ਅੱਜ ਉਹ ਸਮੂਹ ਕਾਂਗਰਸੀਆਂ ਨੂੰ ਨਾਲ ਲੈ ਕੇ ਮੁੱਖਮੰਤਰੀ ਨੂੰ ਜਨਤਾ ਪ੍ਰਤੀ ਉਹਨਾਂ ਦਾ ਕਰਤੱਵ ਯਾਦ ਕਰਾਉਣਾ ਚਾਹੁੰਦੇ ਸਨ ਪਰ ਪੁਲਿਸ ਦੇ ਜੋਰ ਤੇ ਉਹਨਾਂ ਦੀ ਆਵਾਜ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਮੋਕੇ ਸੂਬਾ ਕਾਂਗਰਸ ਸਕੱਤਰ ਜਗਜੀਤ ਬਿੱਟੂ, ਬਲਾਕ ਫਗਵਾੜਾ ਸ਼ਹਿਰੀ ਦੇ ਪ੍ਰਧਾਨ ਸੰਜੀਵ ਬੁੱਗਾ, ਦਿਹਾਤੀ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ, ਕ੍ਰਿਸ਼ਨ ਕੁਮਾਰ ਹੀਰੋ, ਰਾਮ ਕੁਮਾਰ ਚੱਢਾ, ਅਵਤਾਰ ਸਿੰਘ ਪੰਡਵਾ, ਸੌਰਵ ਜੋਸ਼ੀ, ਸੌਰਵ ਖੁੱਲਰ, ਮਨਿਲ ਸ਼ਿੰਗਾਰੀ, ਸ਼ੋਂਕੀ ਰਾਮ ਬਲਾਕ ਸੰਮਤੀ ਮੈਂਬਰ, ਸਾਧੂ ਰਾਮ ਪੀਪਾਰੰਗੀ, ਜੈਲਾ ਉੱਚਾ ਪਿੰਡ, ਗੋਪੀ ਬੇਦੀ, ਰਮਨ ਸ਼ਰਮਾ, ਬੋਬੀ ਨਾਹਰ, ਤਰਲੋਕ ਚੰਦ ਥਾਪਰ, ਸੁਰਿੰਦਰ ਸਿੰਘ, ਤਰਨ ਨਾਮਧਾਰੀ, ਬਲਜੀਤ ਸਿੰਘ, ਭੁਪਿੰਦਰ ਸਿੰਘ ਖੈਹਰਾ, ਯਸ਼ਪਾਲ ਠੱਕਰਕੀ, ਪੰਕਜ ਦੁੱਗਲ, ਤਾਰਾ ਨਾਮਧਾਰੀ, ਨਰੇਸ਼ ਕੁਮਾਰ, ਹਰਮੇਸ਼ ਦੁੱਗਲ, ਕਾਰਤਿਕ ਸ਼ਰਮਾ, ਕੁਲਦੀਪ ਕੁਮਾਰ, ਅਨੁ ਦੁੱਗਲ, ਬਾਵਾ ਖੇੜਾ, ਗੌਰਵ ਬੰਗੜ, ਸੌਰਵ ਬੰਗੜ, ਨਛੱਤਰ ਪਾਲ, ਅਮਰੀਕ ਸਿੰਘ ਖੁਰਮਪੁਰ, ਅਤੁਲ ਗੋਂਸਾਈ, ਕੋਂਸਲਰ ਮਨੀਸ਼ ਪ੍ਰਭਾਕਰ, ਦਰਸ਼ਨ ਲਾਲ ਧਰਮਸੋਤ, ਅਵਿਨਾਸ਼ ਗੁਪਤਾ ਬਾਸ਼ੀ, ਵਰਿੰਦਰ ਢੀਂਗਰਾ, ਹਰੀਸ਼ ਟੀਨੂੰ, ਰਾਮ ਆਸਰਾ ਚੱਕ ਪ੍ਰੇਮਾ, ਬੰਟੀ ਵਾਲੀਆ, ਅਗਮ ਪਰਾਸ਼ਰ, ਇੰਦਰ-ਜੀਤ, ਤਰਲੋਕ ਸਿੰਘ ਨਾਮਧਾਰੀ, ਕੇ.ਕੇ. ਸ਼ਰਮਾ, ਮੰਗੀ ਧਰਮਸੋਤ, ਤਰਸੇਮ ਸਿੰਘ ਸੈਣੀ, ਰਾਜਿੰਦਰ ਕੁਮਾਰ ਸ਼ਰਮਾ, ਗੁਰਮੁਖ ਭੁੱਲਾਰਾਈ, ਅਜੇ ਸ਼ਰਮਾ, ਅਸ਼ੋਕ ਕਮਲ, ਸਨੀ ਬਾਂਸਲ, ਹਰਜੀ ਮਾਨ, ਸਨੀ ਮਾਨ ਆਦਿ ਵੀ ਹਾਜਰ ਸਨ।






# ਵਪਾਰ ਮੰਡਲ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਤੇਜ਼ਾਬ ਵੇਚਣ ਦੇ ਨਿਯਮ ਹੋਰ ਸਖਤ ਕੀਤੇ ਜਾਣ ਤਾਂ ਜੋ ਐਸਿਡ ਅਟੈਕ ਦੀਆਂ ਘਟਨਾਵਾਂ ਬੰਦ ਹੋ ਸਕਣ

**ਬਰਨਾਲਾ–** ਐਸਿਡ ਅਟੈਕ ਦੀਆਂ ਘਟਨਾਵਾਂ ਪੰਜਾਬ ਵਿੱਚ ਆਏ ਦਿਨੀ ਕੀਤੇ ਨਾ ਕੀਤੇ ਹੋ ਰਹੀਆਂ ਹਨ ਪਰ ਹਰ ਸ਼ਹਿਰ ਵਿੱਚ ਹੀ ਲੋਕਲ ਪ੍ਰਸ਼ਾਸਨ ਇਹਨਾਂ ਘਟਨਾਵਾਂ ਨੂੰ ਰੋਕਨ ਲਈ ਕੋਈ ਸਰਗਰਮ ਹੁੰਦਾ ਨਜਰ ਨਹੀਂ ਆਉਂਦਾ। ਜਦੋਂ ਕੀਤੇ ਕੋਈ ਘਟਨਾ ਵਾਪਰਦੀ ਹੈ ਤਾਂ ਕੁਝ ਦਿਨ ਤਾਂ ਪ੍ਰਸ਼ਾਸਨ ਦੀ ਸਰਗਰਮੀ ਰਹਿੰਦੀ ਹੈ ਪਰ ਫਿਰ ਉਹੀ ਢਾਕ ਦੇ ਤੀਨ ਪਾਤ। ਬਰਨਾਲਾ ਵਿੱਚ ਖੁਲ੍ਹੇਆਮ ਤੇਜ਼ਾਬ ਵਿੱਕ ਰਿਹਾ ਹੈ ਪਰ ਪ੍ਰਸ਼ਾਸਨ ਵੱਲੋਂ ਇਸ ਨੂੰ ਰੋਕਣ ਲਈ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ। ਵਪਾਰ ਮੰਡਲ ਬਰਨਾਲਾ ਦੇ ਪ੍ਰਧਾਨ ਅਕੇਸ਼ ਕੁਮਾਰ, ਜਰਨਲ ਸੈਕਟਰੀ ਜਗਤਾਰ ਸਿੰਘ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਤੇਜਾਬ ਦੀ ਵਿਕਰੀ ਸੰਬਧੀ ਨਿਯਮ ਹੋਰ ਸਖਤ ਕੀਤੇ ਜਾਣ ਤਾਂ ਜੋ ਇਹ ਘਟਨਾਵਾਂ ਬੰਦ ਹੋ ਸਕਣ।

ਪਿਛਲੇ ਕੁੱਝ ਸਮੇਂ ਤੋਂ ਐਸਿਡ ਅਟੈਕ ਦੀਆਂ ਘਟਨਾਵਾਂ ਵਿੱਚ ਕਾਫੀ ਵਾਧਾ ਹੋਇਆ ਹੈ। ਇਸੇ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਵਲੋਂ ਵੀ ਇਸ ਦੀ ਖੁੱਲੀ ਵਿਕਰੀ ਤੇ ਰੋਕ ਲਗਾ ਦਿੱਤੀ ਗਈ ਹੈ। ਸੁਪਰੀਮ ਕੋਰਟ ਦੇ ਆਦੇਸ਼ ਦੇ ਮੁਤਾਬਕ 18 ਸਾਲ ਤੋਂ ਉਪਰ ਦੀ ਉਮਰ ਵਾਲੇ ਅਤੇ ਵੈਧ ਪਹਿਚਾਨ ਪੱਤਰ ਧਾਰਕ ਹੀ ਤੇਜਾਬ ਖਰੀਦ ਸਕਦਾ ਹੈ ਤੇ ਖਰੀਦਣ ਸਮੇਂ ਉਸਨੂੰ ਖਰੀਦਣ ਦਾ ਮਕਸਦ ਵੀ ਦਸਣਾ ਹੋਵੇਗਾ। ਇਸ ਦੇ ਨਾਲ ਹੀ ਦੁਕਾਨਦਾਰਾਂ ਲਈ ਵੀ ਇਹ ਜਰੂਰੀ ਕੀਤਾ ਗਿਆ ਹੈ ਕਿ ਤੇਜਾਬ ਵਿਕਰੀ ਦਾ ਬਿਓਰਾ ਤਿੰਨ ਦਿਨਾਂ ਦੇ ਅੰਤਰਾਲ ਤੇ ਸਥਾਨਕ ਪੁਲਿਸ ਨੂੰ ਦੇਣਾ ਹੋਵੇਗਾ। ਤੇਜਾਬ ਦੇ ਅਘੋਸ਼ਿਤ ਸਟਾਕ ਨੂੰ ਜਬਤ ਕੀਤਾ ਜਾ ਸਕਦਾ ਹੈ, 50000 ਰੁਪਏ ਤੱਕ ਦਾ ਜੁਰਮਾਨਾ ਵੀ ਹੋ ਸਕਦਾ ਹੈ। ਕਿਉਂਕਿ ਤੇਜਾਬ ਦੇ ਹਮਲੇ ਦੇ ਪੀੜਤਾਂ ਨੂੰ ਪਲਾਸਟਿਕ ਸਰਜਰੀ ਵੀ ਕਰਵਾਉਣੀ ਪੈਂਦੀ ਹੈ ਇਸ ਲਈ ਇਲਾਜ ਬਹੁਤ ਮਹਿ-ਗਾ ਹੋ ਜਾਂਦਾ ਹੈ। ਸੁਪਰੀਮ ਕੋਰਟ ਦੇ ਆਦੇਸ਼ ਦੇ ਮੁਤ-ਾਬਿਕ ਸੰਬਧਤ ਰਾਜ ਸਰਕਾਰਾਂ ਤੇਜਾਬ ਦੇ ਹਮਲੇ ਦੇ ਪਿੜਿਤਾਂ ਨੂੰ ਇਲਾਜ ਲਈ 3 ਲੱਖ ਰੁਪਏ ਵੀ ਦੇਣ ਜਿਸ ਵਿੱਚੋਂ 1 ਲੱਖ ਘਟਨਾ ਦੇ 15 ਦਿਨਾਂ ਦੇ ਅੰਦਰ ਅਤੇ ਬਾਕੀ 2 ਲੱਖ ਦੋ ਮਹੀਨੇ ਦੇ ਅੰਦਰ ਅੰਦਰ ਦੇਵੇ। ਪਰ ਸੁਪਰੀਮ ਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਇਸ ਦੀ ਵਿਕਰੀ ਵਿੱਚ ਕੋਈ ਫਰਕ ਨਹੀਂ ਆਇਆ ਤੇ ਗਲੀ ਦੀ ਨੁਕੜ ਦੀ ਦੁਕਾਨ ਤੋਂ ਵੀ ਤੇਜਾਬ ਅਸਾਨੀ ਨਾਲ ਖਰੀਦਿਆ ਜਾ ਸਕਦਾ ਹੈ।

ਆਏ ਦਿਨ ਔਰਤਾਂ ਤੇ ਕੁੜੀਆਂ ਤੇ ਤੇਜਾਬ ਦੇ ਹਮਲੇ ਹੋ ਰਹੇ ਹਨ ਪਰ ਪ੍ਰਸ਼ਾਸਨ ਸੁੱਤਾ ਪਿਆ ਹੈ। ਸੁਪਰੀਮ ਕੋਰਟ ਦੇ ਆਦੇਸ਼ ਤੋਂ ਬਾਦ ਵੀ ਇਹ ਹਮਲੇ ਰੁਕੇ ਨਹੀਂ ਹਨ। ਹਮਲਾਵਰਾਂ ਨੂੰ ਅੱਜ ਵੀ ਜੇ ਤੇਜਾਬ ਅਸਾਨੀ ਨਾਲ ਮਿਲ ਰਿਹਾ ਹੈ ਤਾਂ ਪ੍ਰਸ਼ਾਸਨ ਦੀ ਅਸਫਲਤਾ ਖੁੱਲ ਕੇ ਸਾਮਣੇ ਆਉਂਦੀ ਹੈ।








# ਗੁਰੂ ਨਾਨਕ ਖਾਲਸਾ ਸਕੂਲ ਫਰਿਜ਼ਨੋ ਵੱਲੋਂ ਸਕੂਲ ਦੀ ਪਹਿਲੀ ਵਰੇਗੰਢ 21 ਜੂਨ ਨੂੰ ਮਨਾਈ ਜਾਵੇਗੀ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਇਥੋਂ ਦੇ ਸਥਾਨਿਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦੀ ਸਰਪ੍ਰਸਤੀ ਹੇਠ ਚੱਲ ਰਹੇ ਪੰਜਾਬੀ ਸਕੂਲ ਦੀ ਪਹਿਲੀ ਵਰੇਗੰਢ 21 ਮਈ ਦਿਨ ਐਤਵਾਰ ਨੂੰ ਗੁਰੂ ਮਹਾਰਾਜ ਦੇ ਸ਼ੁਕਰਾਨੇ ਵਜੋਂ ਰੱਖੇ ਸ੍ਰੀ ਅਖੰਠ ਪਾਠਾ ਦੇ ਭੋਗ ਪਾਉਣ ਉਪਰੰਤ ਗੁਰੂ ਨਾਨਕ ਖਾਲਸਾ ਸਕੂਲ ਵਿਖੇ ਧੂੰਮ-ਧਾਮ ਨਾਲ ਮਨਾਈ ਜਾ ਰਹੀ ਹੈ।

ਇਸ ਮੌਕੇ ਲੰਘੇ ਸਕੂਲ ਸਾਲ ਦੌਰਾਂਨ ਅੱਛੀ ਕਾਰਜੁਗਾਰੀ ਵਿਖਾਉਣ ਵਾਲੇ ਬੱਚਿਆਂ ਨੂੰ ਅਵਾਰਡ ਵੰਡੇ ਜਾਣਗੇ ਤਾਂ ਜੋ ਹੋਰ ਬੱਚੇ ਇਸ ਤੋ ਉਤਸ਼ਾਹਿਤ ਹੋ ਸਕਣ। ਪ੍ਰਬੰਧਕਾਂ ਨੇ ਦੱਸਿਆ ਕਿ ਇਸੇ ਦੌਰਾਨ ਸਕੂਲ ਦੀਆਂ ਪਿਛਲੇ ਸਾਲ ਦੀ ਪ੍ਰਾਪਤੀਆਂ ਬਾਰੇ ਵੀ ਸੰਗਤ ਨੂੰ ਜਾਣਕਾਰੀ ਦਿੱਤੀ ਜਾਵੇਗੀ ਅਤੇ ਉਹਨਾਂ ਵੱਲੋਂ ਸਮੂੰਹ ਸਾਧ ਸੰਗਤ ਨੂੰ ਇਸ ਮੌਕੇ ਗੁਰੂ ਨਾਨਕ ਪੰਜਾਬੀ ਸਕੂਲ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਪਹੁੰਚਕੇ ਬੱਚਿਆਂ ਦੀ ਹੌਸਲਾ ਫਸਾਈ ਕਰਨ ਦੀ ਅਪੀਲ ਕੀਤੀ..!

# ਨਾਟਕਾਂ ਦੇ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਖਿਲਾਫ ਜਾਗਰੂਕ ਕਰ ਰਹੀ ਹੈ ਬਟਾਲਾ ਪੁਲਿਸ

## ਪੁਲਿਸ ਜ਼ਿਲ੍ਹਾ ਬਟਾਲਾ ਦੇ ਪੁਲਿਸ ਜਵਾਨਾਂ ਨੇ ਤਿਆਰ ਕੀਤੀ ਨਾਟਕ ਮੰਡਲੀ

**ਬਟਾਲਾ (ਨਰਿੰਦਰ ਸਿੰਘ ਬਰਨਾਲਾ)**–ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਵਹਿਣ 'ਚ ਰੁੜਨੋਂ ਬਚਾਉਣ ਲਈ ਪੰਜਾਬ ਪੁਲਿਸ ਵੱਲੋਂ ਜਿਥੇ ਨਸ਼ੇ ਦੇ ਸੌਦਾਗਰਾਂ ਖਿਲਾਫ ਕਾਨੂੰਨੀ ਸਿਕੰਜਾ ਕੱਸਿਆ ਹੋਇਆ ਹੈ ਉਥੇ ਨੌਜਵਾਨਾਂ ਦੀ ਸੋਚ ਬਦਲ ਕੇ ਉਨ੍ਹਾਂ ਨੂੰ ਸਹੀ ਸੇਧ ਦੇਣ ਲਈ ਤਾਕਤਵਰ ਪੁਰਾਤਨ ਮੀਡੀਆ 'ਨਾਟਕਾਂ' ਦਾ ਸਹਾਰਾ ਵੀ ਲਿਆ ਜਾ ਰਿਹਾ ਹੈ। ਪੁਲਿਸ ਜ਼ਿਲ੍ਹਾ ਬਟਾਲਾ ਦੇ ਐੱਸ. ਐੱਸ. ਪੀ. ਸ. ਇੰਦਰਬੀਰ ਸਿੰਘ ਦੀ ਪ੍ਰੇਰਨਾ ਸਦਕਾ ਬਟਾਲਾ ਪੁਲਿਸ ਦੇ ਮੁਲਾਜ਼ਮਾਂ ਵੱਲੋਂ ਇੱਕ ਨਾਟਕ ਮੰਡਲੀ ਤਿਆਰ ਕੀਤੀ ਗਈ ਹੈ ਜੋ ਨਾਟਕਾਂ ਰਾਹੀਂ ਸਮਾਜ 'ਚੋਂ ਨਸ਼ੇ ਖਤਮ ਕਰਨ ਦਾ ਹੋਕਾ ਦੇ ਰਹੀ ਹੈ। ਪੰਜਾਬ ਪੁਲਿਸ ਦੀ ਨਾਟਕ ਮੰਡਲੀ ਵੱਲੋਂ ਨਸ਼ਿਆਂ ਖਿਲਾਫ ਤਿਆਰ ਕੀਤਾ ਗਿਆ ਨਾਟਕ 'ਮਾਂ ਦਾ ਲਾਡਲਾ' ਨੌਜਵਾਨਾਂ ਨੂੰ ਨਸ਼ੇ ਛੱਡ ਕੇ ਜ਼ਿੰਮੇਵਾਰ ਸ਼ਹਿਰੀ ਬਣਨ ਦੀ ਪ੍ਰੇਰਨਾ ਦੇ ਰਿਹਾ ਹੈ। ਨਾਟਕ ਮੰਡਲੀ ਦੇ ਸਾਰੇ ਕਲਾਕਾਰ ਆਪਣੇ ਰੋਲ ਨੂੰ ਇਸ ਬਾਖੂਬੀ ਨਾਲ ਨਿਭਾਉਂਦੇ ਹਨ ਕਿ ਖੇਡਿਆ ਜਾ ਰਿਹਾ ਨਾਟਕ ਸਾਰੀ ਹਕੀਕਤ ਬਿਆਨ ਕਰ ਜਾਂਦਾ ਹੈ। ਲੋਕਾਂ ਵੱਲੋਂ ਵੀ ਪੁਲਿਸ ਦੀ ਪੇਸ਼ਕਾਰੀ ਨੂੰ ਖੂਬ ਪਸੰਦ ਕੀਤਾ ਜਾ ਰਿਹਾ ਹੈ ਅਤੇ ਬਟਾਲਾ ਪੁਲਿਸ ਦੀ ਲੋਕਾਂ ਦੇ ਦਿਲਾਂ 'ਚ ਉਤਰਨ ਦੀ ਇਹ ਨਵੀਂ ਕੋਸ਼ਿਸ਼ ਕਾਮਯਾਬ ਹੋਈ ਹੈ। ਐਸ. ਐਸ. ਪੀ. ਬਟਾਲਾ ਸ. ਇੰਦਰਬੀਰ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਟਾਲਾ ਪੁਲਿਸ ਦੀ ਨਸ਼ਾ ਵਿਰੋਧੀ ਮੁਹਿੰਮ 'ਚ ਨਾਟਕਾਂ ਦਾ ਇਹ ਤਜ਼ਰਬਾ ਬੇਹੱਦ ਕਾਮਯਾਬ ਰਿਹਾ ਹੈ ਅਤੇ ਪੰਜਾਬ ਪੁਲਿਸ ਸਧਾਰਨ ਲੋਕਾਂ ਤੱਕ ਆਪਣਾ ਸੁਨੇਹਾ ਪੁੰਹਚਾਉਣ 'ਚ ਕਾਮਯਾਬ ਰਹੀ ਹੈ। ਉਨ੍ਹਾਂ ਕਿਹਾ ਕਿ ਬਟਾਲਾ ਪੁਲਿਸ ਵੱਲੋਂ ਸਮਾਜ ਵਿੱਚ ਨਸ਼ਿਆਂ ਖਿਲਾਫ ਚੇਤਨਾ ਲਿਆਉਣ ਲਈ ਵਿਆਪਕ ਪ੍ਰੋਗਰਾਮ ਚਲਾਏ ਜਾ ਰਹੇ ਹਨ ਜਿਸ ਤਹਿਤ ਸੈਮੀਨਾਰ ਤੇ ਵਿਚਾਰ ਗੋਸ਼ਟੀਆਂ ਰਾਹੀਂ ਮੋਹਤਬਰ ਵਿਅਕਤੀਆਂ, ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਜਾਗਰੂਕ ਕਰਕੇ ਲੋਕ ਲਹਿਰ ਪੈਦਾ ਕੀਤੀ ਜਾ ਰਹੀ ਹੈ। ਸ. ਇੰਦਰਬੀਰ ਸਿੰਘ ਨੇ ਕਿਹਾ ਨਾਟਕਾਂ ਰਾਹੀਂ ਦਿੱਤਾ ਜਾਂਦਾ ਸੁਨੇਹਾ ਲੋਕਾਂ ਦੇ ਦਿਲਾਂ ਤੱਕ ਪੁਹੰਚਦਾ ਹੈ ਅਤੇ ਨਾਟਕ ਰਾਹੀਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਪਰਿਵਾਰਾਂ ਤੇ ਸਮਾਜ ਦੀ ਪੀੜ੍ਹ ਨੂੰ ਜਿਆਦਾ ਬੇਹਤਰ ਤਰੀਕੇ ਨਾਲ ਪੇਸ਼ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਨਾਟਕ 'ਚ ਨਸ਼ਿਆਂ ਦੇ ਕਾਰਨ ਤਬਾਹ ਹੋਏ ਘਰਾਂ ਦੀ ਪੀੜ੍ਹਾ ਨੂੰ ਦੇਖ ਕੇ ਨੌਜਵਾਨ ਸਮੇਤ ਹਰ ਉਮਰ ਦੇ ਲੋਕ ਜਾਗਰੂਕ ਹੋ ਰਹੇ ਹਨ ਅਤੇ ਸਮਾਜ ਦੀ ਸੋਚ 'ਚ ਤਬਦੀਲੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਬਟਾਲਾ ਪੁਲਿਸ ਵੱਲੋਂ ਨਸ਼ਿਆਂ ਖਿਲਾਫ ਲੋਕਾਂ 'ਚ ਲਹਿਰ ਪੈਦਾ ਕੀਤੀ ਜਾਵੇਗੀ ਕਿਉਂਕਿ ਲੋਕਾਂ ਦੇ ਸਹਿਯੋਗ ਨਾਲ ਹੀ ਹਰ ਮੁਹਿੰਮ ਕਾਮਯਾਬ ਹੁੰਦੀ ਹੈ। ਐੱਸ. ਐੱਸ. ਪੀ. ਸ. ਇੰਦਰਬੀਰ ਸਿੰਘ ਨੇ ਦੱਸਿਆ ਕਿ ਬਟਾਲਾ ਪੁਲਿਸ ਦੀ ਇਸ ਨਾਟਕ ਮੰਡਲੀ ਵਿੱਚ 8 ਮੈਂਬਰ ਹਨ, ਜਿਨ੍ਹਾਂ 'ਚ ਏ. ਐਸ. ਆਈ. ਗੁਰਨਾਮ ਸਿੰਘ, ਹੌਲਦਾਰ ਨਿਰਮਲ ਸਿੰਘ, ਹੌਲਦਾਰ ਗੁਰਸ਼ਰਨ ਸਿੰਘ, ਹੌਲਦਾਰ ਤ੍ਰਿਪਤ ਸਿੰਘ, ਹੌਲਦਾਰ ਬਲਦੀਪ ਸਿੰਘ, ਮਹਿਲਾ ਸਿਪਾਹੀ ਲਖਵਿੰਦਰ ਕੌਰ ਤੇ ਮਨਦੀਪ ਕੌਰ ਤੋਂ ਇਲਾਵਾ ਪੰਜਾਬ ਹੋਮਗਾਰਡ ਦਾ ਜਵਾਨ ਮੰਗੀ ਰਾਮ ਸ਼ਾਮਲ ਹਨ। 'ਮਾਂ ਦਾ ਲਾਡਲਾ' ਨਾਟਕ ਦੇ ਡਾਇਲਗ ਜ਼ਿਲ੍ਹਾ ਕਮਿਊਨਿਟੀ ਅਫਸਰ ਡੀ. ਐੱਸ. ਪੀ. ਸ੍ਰੀ ਹਰੀਸ਼ਰਨ ਸ਼ਰਮਾਂ ਨੇ ਲਿਖੇ ਹਨ ਅਤੇ ਨਾਟਕ ਦਾ ਨਿਰਦੇਸ਼ਨ ਵੀ ਡੀ. ਐੱਸ. ਪੀ. ਸ਼ਰਮਾਂ ਵੱਲੋਂ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਬਟਾਲਾ ਪੁਲਿਸ ਦੀ ਨਾਟਕ ਮੰਡਲੀ ਵੱਲੋਂ ਸਰਹੱਦੀ ਕਸਬੇ ਡੇਰਾ ਬਾਬਾ ਨਾਨਕ ਵਿਖੇ ਨਸ਼ਿਆਂ ਖਿਲਾਫ ਨਾਟਕ 'ਮਾਂ ਦਾ ਲਾਡਲਾ' ਦੀ ਸਫਲ ਪੇਸ਼ਕਾਰੀ ਕੀਤੀ ਜਾ ਚੁੱਕੀ ਹੈ। ਇਸਤੋਂ ਇਲਾਵਾ ਘੁਮਾਣ ਅਤੇ ਪੁਲਿਸ ਲਾਈਨ ਬਟਾਲਾ 'ਚ ਵੀ ਇਸ ਨਾਟਕ ਦੀਆਂ ਸਫਲ ਪੇਸ਼ਕਾਰੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬਟਾਲਾ ਪੁਲਿਸ ਦਾ ਇਹ ਉਪਰਾਲਾ ਭਵਿੱਖ ਵਿੱਚ ਵੀ ਜਾਰੀ ਰਹੇਗਾ ਅਤੇ ਪੁਲਿਸ ਨਸ਼ਿਆਂ ਖਿਲਾਫ ਆਪਣਾ ਹੋਕਾ ਇਸੇ ਤਰਾਂ ਦਿੰਦੀ ਰਹੇਗੀ।



# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਹਫਤਾਵਾਰੀ ਧਾਰਮਿਕ ਕਵੀ-ਦਰਬਾਰ ਸਜਾਏ ਗਏ

**ਪੈਟਰਸਨ (ਕੈਲੀਫੋਰਨੀਆ) (ਪ੍ਰਮਿੰਦਰ ਸਿੰਘ ਪ੍ਰਵਾਨਾ)**

ਵਿਸਾਖੀ ਪੁਰਬ ਦੇ ਗੁਰ ਇਤਿਹਾਸ ਨੂੰ ਸਮਰਪਿਤ ਮਡੈਸਟੋ, ਟਰੇਸੀ, ਸੈਨਹੋਜ਼ੇ ਆਦਿ ਵਿ ਸਫਲ ਧਾਰਮਿਕ ਕਵੀ-ਦਰਬਾਰ ਸਜਾਉਣ ਤੋਂ ਬਾਅਦ ਕਵੀਆਂ ਵੱਲੋਂ ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ ਦੇ ਦਿਹਾੜੇ ਨੂੰ ਸਮਰਪਿਤ ਕਵੀ ਦਰਬਾਰ ਡੀਵਾਈਨ ਟਰੁੱਥ ਸਿੱਖ ਮਿਸ਼ਨ ਟੈਂਪਲ ਪੈਟਰਸਨ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਗੁਰੂ ਜੀ ਦੇ ਸੇਵਾ ਕਾਰਜਾਂ ਉਪਰ ਚਾਨਣਾ ਪਾਉਂਦੇ ਕਿਹਾ ਗਿਆ ਕਿ ਗੁਰੂ ਜੀ ਦੀ ਸੇਵਾ ਜਿੱਥੇ ਤਨ ਦੀ ਘਾਲਣਾ ਹੈ, ਉਥੇ ਵੱਡੀ ਘਾਲਣਾ ਮਨ ਦੀ ਹੈ। ਉਹਨਾਂ ਸਵਾਸ-ਸਵਾਸ ਗੁਰੂ ਦੀ ਸੇਵਾ ਵਿਚ ਲਾ ਦਿੱਤਾ। ਉਹਨਾਂ ਦਾ ਖਿਆਲ ਸੀ ਕਿ ਜੇ ਗੁਰੂ ਪ੍ਰਸੰਨ ਹੋ ਗਏ, ਗੁਰੂ ਦਾ ਮਨ ਮੰਨ ਗਿਆ ਤਾਂ ਸੇਵਾ ਸਫਲ ਹੈ। ਉਹਨਾਂ ਨੇ ਸਿੱਖ ਧਰਮ ਦੇ ਸੰਗਠਨ ਅਤੇ ਵਿਕਾਸ ਲਈ ਅਨੇਕ ਕੰਮ ਕੀਤੇ। ਜਾਤ-ਪਾਤ ਦਾ ਖੰਡਨ ਕੀਤਾ।

ਨਸ਼ਿਆਂ ਨੂੰ ਨਕਾਰਿਆ, ਲੰਗਰ ਅਤੇ ਪੰਗਤ ਦੀ ਪ੍ਰੰਪਰਾ ਆਰੰਭੀ। ਪਾਣੀ ਦੀ ਕਮੀ ਦੂਰ ਕਰਨ ਲਈ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ ਕਰਵਾਇਆ, ਉਪਰੰਤ ਇਸਤਰੀ ਜਾਤੀ ਦੇ ਮਾਣ ਨੂੰ ਵਧਾਇਆ। ਸਤੀ ਪ੍ਰਥਾ ਦੀ ਨਿਖੇਧੀ ਕਰਕੇ ਪੁਨਰ ਵਿਆਹ ਦੀ ਵਿਵਸਥਾ ਕੀਤੀ, ਇਸਤਰੀ ਪਰਦੇ ਦੀ ਮਨਾਹੀ ਕੀਤੀ ਆਦਿ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮਲ ਹੋਏ ਭਾਈ ਕੰਵਲ ਸਿੰਘ, ਪ੍ਰਿੰਸੀਪਲ ਸੇਵਾ ਸਿੰਘ, ਤਰਸੇਮ ਸਿੰਘ ਸੁਮਨ, ਗੁਰਦਿਆਲ ਸਿੰਘ ਨੂਰਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਕਵੀਆਂ ਵੱਲੋਂ ਇਤਿਹਾਸ ਨੂੰ ਸੰਖੇਪ ਅਤੇ ਸਧਾਰਨ ਸ਼ਬਦਾਂ ਵਿਚ ਦਰਸਾ ਕੇ ਸੰਗਤਾਂ ਨੂੰ ਜੋੜਿਆ ਹੈ। ਕਵੀ ਆਪਣਾ ਕੀਮਤੀ ਸਮਾਂ ਕੱਢ ਕੇ ਸਾਡੇ ਕੋਲ ਅਤੇ ਦੂਰ-ਦੁਰਾਡੇ ਦੇ ਗੁਰਦੁਆਰਿਆਂ ਵਿਚ ਜਾ ਕੇ ਧਾਰਮਿਕ ਕਵੀ ਦਰਬਾਰਾਂ ਰਾਹੀਂ ਗੁਰ ਇਤਿਹਾਸ ਦਾ ਪ੍ਰਚਾਰ ਕਰਦੇ ਹਨ, ਧੰਨਤਾ ਦੇ ਯੋਗ ਹਨ।

ਇਕ ਯਾਦਗਾਰੀ ਤਸਵੀਰ ਨਾਲ ਕਵੀਆਂ ਦਾ ਸਨਮਾਨ ਕੀਤਾ ਗਿਆ। ਪ੍ਰਵਾਨਾ ਵੱਲੋਂ ਧੰਨਵਾਦੀ ਸ਼ਬਦਾਂ ਵਿਚ ਕਿਹਾ ਗਿਆ ਕਿ ਜਿੱਥੇ ਪ੍ਰਬੰਧਕਾਂ ਦੇ ਭਰਪੂਰ ਸਹਿਯੋਗ ਨਾਲ ਇਹ ਪ੍ਰੋਗਰਾਮ ਸਫਲ ਹੋਇਆ ਹੈ, ਉਥੇ ਸੰਗਤਾਂ ਦਾ ਭਰਪੂਰ ਹੁੰਗਾਰਾ ਮਿਲਿਆ ਹੈ। ਉਹਨਾਂ ਕਿਹਾ ਕਿ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਵੀ ਦਰਬਾਰਾਂ ਦੀ ਮਹੱਤਤਾ ਨੂੰ ਅਗਾਂਹ ਤੋਰਦੇ ਹੋਏ ਅਜਿਹੇ ਧਾਰਮਿਕ ਕਵੀ ਦਰਬਾਰ ਸਜਾਏ ਜਾਂਦੇ ਹਨ।

# ਗੁਰੂ ਰਵਿਦਾਸ ਜੀ ਦੇ ਜੋਤੀ ਜੋਤ ਦਿਵਸ ਤੇ ਛਬੀਲ ਲਗਾਈ



**ਸੜੋਆ (ਸਤਨਾਮ ਸਿੰਘ ਸਹੂੰਗੜਾ–** ਪਿੰਡ ਬੇਗਮਪੁਰ ਵਿਖੇ ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਦੁਆਰੇ ਵਿਖੇ ਸਤਿਗੁਰੂ ਰਵਿਦਾਸ ਜੀ ਦੇ ਜੋਤੀ ਜੋਤ ਪੁਰਬ ਨੂੰ ਸਮਰਪਿਤ ਤੇ ਸੰਗਰਾਂਦ ਦੇ ਦਿਹਾੜੇ ਮੁੱਖ ਰੱਖਦਿਆਂ ਸਮੂਹ ਸਾਧ ਸੰਗਤ ਤੇ ਪਿੰਡ ਵਾਸੀਆਂ ਦੇ ਵਡਮੁੱਲੇ ਸਹਿਯੋਗ ਨਾਲ ਪ੍ਰਬੰਧਕਾਂ ਵੱਲੋਂ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਦੀ ਪਵਿੱਤਰ ਬਾਣੀ ਦੇ ਭੋਗ ਪਾਏ ਗਏ। ਇਸ ਮੌਕੇ ਤੇ ਕਥਾ ਕੀਰਤਨ ਕਰਨ ਉਪਰੰਤ ਪ੍ਰਬੰਧਕਾਂ ਵੱਲੋਂ ਸਾਧ ਸੰਗਤ ਦੇ ਸਹਿਯੋਗ ਨਾਲ ਠੰਡੇ ਮਿੱਠੇ ਜਲ ਦੀ ਛਬੀਲ ਦਾ ਆਯੋਜਨ ਕੀਤਾ ਗਿ। ਇਸ ਮੌਕੇ ਤੇ ਨੰਬਰਦਾਰ ਗੁਰਬਖਸ਼ ਸਿੰਘ, ਮਾਸਟਰ ਨਰਿੰਦਰ ਬੇਗਮਪੁਰੀ, ਬੈਂਕ ਮੈਨੇਜਰ ਸਬੰਧ ਕੁਮਾਰ, ਧਰਮਪਾਲ, ਕੁਲਦੀਪ ਸਿੰਘ, ਹੁਸਨ ਲਾਲ ਤੇ ਧਰਮਿੰਦਰ ਆਦਿ ਵੀ ਹਾਜ਼ਰ ਸਨ।

# ਨਸ਼ਿਆਂ ਖਿਲਾਫ ਜਾਗਰੂਕਤਾ ਪੈਦਾ ਕਰਨ ਦੇ ਮਨੋਰਥ ਨਾਲ ਇਕ ਸੈਮੀਨਾਰ ਦਾ ਆਯੋਜਨ

**ਫਗਵਾੜਾ (ਬੀ. ਕੇ. ਰੱਤੂ)–** ਪਿੰਡ ਜਗਜੀਤਪੁਰ ਵਿਖੇ ਹਕੂਮਤ ਪੁਰੀ ਐਂਟੀ ਡਰੱਗ ਆਰਗਨਾਈਜੇਸ਼ਨ ਵਲੋਂ ਸ਼ਹੀਦ ਭਗਤ ਸਿੰਘ ਵੈਲਫੇਅਰ ਕਮੇਟੀ, ਸ਼ਹੀਦ ਬਾਬਾ ਦੀਪ ਸਿੰਘ ਧਰਮ ਪ੍ਰਚਾਰ ਸਮਾਜ ਸੇਵਾ ਰਜਿ. ਪਿੰਡ ਦੇਹਾਣਾ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਨਸ਼ਿਆਂ ਖਿਲਾਫ ਜਾਗਰੁਕਤਾ ਪੈਦਾ ਕਰਨ ਦੇ ਮਨੋਰਥ ਨਾਲ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਅਜੋਕੀ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਅੱਗੇ ਆ ਕੇ ਆਪਣਾ ਯੋਗਦਾਨ ਪਾਉਣ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੀ ਜੱਥੇਬੰਦੀ ਪ੍ਰਵਾਸੀ ਭਾਰਤੀਆਂ ਅਵਤਾਰ ਪੜਵੰਗਾ,ਰਾਕੇਸ਼ ਸੈਣੀ, ਦਵਿੰਦਰ ਮਿਠਾਰ, ਸ੍ਰੀ ਆਹੂਜਾ, ਜੀਤ ਕੌਰ ਬੈਂਸ, ਰਣਜੀਤ ਸਿੰਘ, ਚਰਨ ਸਿੱਧੂ, ਵਰਿੰਦਰ ਸਿੰਘ, ਮਨਜੀਤ ਸਹੋਤਾ, ਸੰਤੋਖ ਨਿੱਝਰ, ਮੁਖਤਿਆਰ ਸਿੰਘ ਅਤੇ ਦਲਜੀਤ ਸੇਖੋਂ ਆਦਿ ਦੇ ਸਹਿਯੋਗ ਨਾਲ



ਨਿਰਮਲ ਸਿੰਘ ਹਕੂਮਤ ਪੁਰੀ, ਅਜੀਤ ਸਿੰਘ ਬਾਸੀ ਪ੍ਰਧਾਨ, ਬਲਰਾਜ ਸਿੰਘ ਗਿਲ ਮੀਤ ਪ੍ਰਧਾਨ, ਹਰਵਿੰਦਰ ਸਿੰਘ ਭਬਿਆਣਾ ਸਕੱਤਰ, ਕੁਲਵੰਤ ਸਿੰਘ ਬੈਂਸ ਜਨਰਲ ਸਕੱਤਰ ਨੇ ਲੋਕਾਂ ਨੂੰ ਨਸ਼ਿਆਂ ਦੇ ਵਿਕਾਰਾਂ ਬਾਰੇ ਮਹੱਤਵਪੂਰਣ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ੁਰੂ ਸ਼ੁਰੂ ਵਿਚ ਕੋਈ ਵੀ ਨਸ਼ਾ ਬਹੁਤ ਮਾਨਸਿਕ ਸ਼ਾਂਤੀ ਪ੍ਰਦਾਨ ਕਰਨ ਵਾਲਾ ਪ੍ਰਤੀਤ ਹੁੰਦਾ ਹੈ ਪਰ ਸਮੇਂ ਦੇ ਨਾਲ ਇਸ ਲਤ ਇਨਸਾਨ ਦੀ ਜਿੰਦਗੀ ਨੂੰ ਨਰਕ ਬਣਾ ਦਿੰਦੀ ਹੈ। ਘਰ ਦੇ ਘਰ ਬਰਬਾਦ ਹੋ ਜਾਂਦੇ ਹਨ। ਜਵਾਨੀਆਂ ਰੁਲ ਜਾਂਦੀਆਂ ਹਨ ਅਤੇ ਆਦਮੀ ਹੌਲੀ ਹੌਲੀ ਮੌਤ ਵਲ ਨੂੰ ਵਧਣ ਲਗ ਪੈਂਦਾ ਹੈ। ਉਹਨਾਂ ਖਾਸ ਤੌਰ ਤੇ ਨੌ-ਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਨਸ਼ੇ ਛਡਾਉਣ ਦੇ ਦੇਸੀ ਨੁਸਖੇ ਦਸਦੇ ਹੋਏ ਦੇਸੀ ਦਵਾਈਆਂ ਵੀ ਵੰਡੀਆਂ ਗਈਆਂ। ਉਹਨਾਂ ਧਾਰਮਿਕ ਅਤੇ ਸਮਾਜਿਕ ਜੱਥੇਬੰਦੀਆਂ ਨੂੰ ਵੀ ਅਪੀਲ ਕੀਤੀ ਕਿ ਪੂਰੇ ਪੰਜਾਬ ਵਿਚ ਵੱਖ ਵੱਖ ਥਾਂਵਾ ਤੇ ਅਜਿਹੇ ਸੈਮੀਨਾਰ ਆਯੋਜਿਤ ਕਰਕੇ ਲੋਕਾਂ ਨੂੰ ਨਸ਼ਿਆਂ ਖਿਲਾਫ ਜਾਗਰੁਕ ਕਰ ਰਹੀ ਹੈ।

ਇਸ ਮੋਕੇ ਇਸ ਮੋਕੇ ਮਾਸਟਰ ਪਰਮਜੀਤ ਸਿੰਘ ਚੌਹਾਨ ਅਤੇ ਸ਼ਹੀਦ ਭਗਤ ਸਿੰਘ ਵੈਲਫੇਅਰ ਕਮੇਟੀ ਦੇ ਪ੍ਰਧਾਨ ਸੇਵਾ ਸਿੰਘ ਨੇ ਪਹੁੰਚੇ ਡਾਕਟਰ ਸਾਹਿਬਾਨਾ ਅਤੇ ਪਤਵੰਤਿਆਂ ਨੂੰ ਸਨਮਾਨਤ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਕੀਤਾ ਜਾ ਰਿਹਾ ਇਹ ਉਪਰਾਲਾ ਬਹੁਤ ਸ਼ਲਾਘਾਯੋਗ ਹੈ। ਇਸ ਮੋਕੇ ਗੁਰਦੇਵ ਸਿੰਘ, ਸੁਰਜਣ ਸਿੰਘ, ਰਤਨ ਸਿੰਘ ਪੰਚਾਇਤ ਮੈਂਬਰ, ਨਛੱਤਰ ਸਿੰਘ, ਲੈਹੰਬਰ ਸਿੰਘ, ਸਤਨਾਮ ਸਿੰਘ, ਬਲਦੇਵ ਸਿੰਘ, ਮਹਿੰਦਰ ਸਿੰਘ, ਰਾਜਾ ਸਿੰਘ, ਫਕੀਰ ਸਿੰਘ, ਬਲਕਾਰ ਸਿੰਘ, ਸੋਢੀ ਸਿੰਘ, ਮਲਕੀਤ ਸਿੰਘ, ਬਚਿੱਤਰ ਸਿੰਘ, ਟਹਿਲ ਸਿੰਘ, ਬਿੱਲਾ ਤੇ ਬਿੱਟੂ ਆਦਿ ਵੀ ਹਾਜਰ ਸਨ।

# ਪਾਕਿਸਤਾਨ 'ਚ ਇਕ ਹੋਰ ਸਕੂਲ 'ਤੇ ਹੋਇਆ ਅੱਤਵਾਦੀ ਹਮਲਾ

**ਇਸਲਾਮਾਬਾਦ–** ਪਾਕਿਸਤਾਨ 'ਚ ਬੁੱਧਵਾਰ ਸਵੇਰੇ ਇਕ ਹਾਈ ਸਕੂਲ 'ਚ ਬੰਬ ਧਮਾਕਾ ਹੋਇਆ। ਇਸ 'ਚ ਕਿਸੇ ਦੀ ਮੌਤ ਜਾਂ ਕਿਸੇ ਦੇ ਜ਼ਖਮੀ ਹੋਣ ਦੀ ਸੂਚਨਾ ਨਹੀਂ ਹੈ।

ਇਥੋਂ ਦੀ ਅਖਬਾਰ ਦੀ ਰਿਪੋਰਟ ਮੁਤਾਬਕ ਸੰਘ ਸ਼ਾਸਤ ਜਨਜਾਤੀ ਖੇਤਰਾਂ ਦੀ ਬੰਜੌਰ ਏਜੰਸੀ ਸਥਿਤ ਮਮੁੰਦ ਤਹਿਸੀਲ 'ਚ ਕੁਝ ਅਣਪਛਾਤੇ ਬਦਮਾਸ਼ਾਂ ਨੇ ਤਾਂਗੀ ਘਰਿਆਲ ਸਕੂਲ 'ਚ ਧਮਾਕਾਖੇਜ਼ ਸਮੱਗਰੀ ਲਗਾ ਦਿੱਤੀ।

# ਸੁਖਵੰਤ ਸਿੰਘ ਸਰਾਓ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਮੈਂਬਰ ਨਾਮਜ਼ਦ

**ਚੰਡੀਗੜ੍ਹ–** ਪੰਜਾਬ ਸਰਕਾਰ ਨੇ ਅੱਜ ਇੱਕ ਨੋਟੀਫਿਕੇਸਨ ਜਾਰੀ ਕਰਦਿਆਂ ਸ੍ਰੀ ਸੁਖਵੰਤ ਸਿੰਘ ਸਰਾਓ ਨੂੰ ਪੰਜਾਬ ਲੋਕ ਸੇਵਾ ਕਮਿਸ਼ਨ (ਪੀ ਪੀ ਐਸ ਸੀ) ਦੇ ਮੈਂਬਰ ਵੱਜੋਂ ਨਾਮਜ਼ਦ ਕੀਤਾ ਹੈ ਜੋ ਕਿ ਜਲਦ ਹੀ ਅਹੁਦੇ ਅਤੇ ਭੇਦ ਗੁਪਤ ਰੱਖਣ ਦੀ ਸਹੁੰ ਚੁੱਕਣਗੇ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਰਾਜ ਸਰਕਾਰ ਨੇ ਸ੍ਰੀ ਸਰਾਓ ਨੂੰ ਉਨਾਂ ਦੇ ਸਰਕਾਰੀ ਨੌਕਰੀ ਦੌਰਾਨ ਬੇਦਾਗ ਅਕਸ ਅਤੇ ਸਫਲ ਵਕੀਲ ਵਜੋਂ ਨਿਭਾਈਆਂ ਸੇਵਾਵਾਂ ਦੇ ਮੱਦੇਨਜਰ ਇਹ ਨਿਯੁਕਤੀ ਕੀਤੀ ਹੈ। ਬੁਲਾਰੇ ਨੇ ਦੱਸਿਆ ਕਿ ਪੰਜਾਬ ਲੋਕ ਸੇਵਾ ਕਮਿਸਨ ਦੇ ਮੈਂਬਰ ਵਜੋਂ ਨਾਮਜਦਗੀ ਲਈ ਮੁੱਖ ਮੰਤਰੀ ਸ. ਪਰਕਾਸ ਸਿੰਘ ਬਾਦਲ ਵੱਲੋਂ ਉਨਾਂ ਦੇ ਨਾਮ ਨੂੰ ਪ੍ਰਵਾਨਗੀ ਦਿਤੀ ਗਈ ਹੈ। ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਸ੍ਰੀ ਸੁਖਵੰਤ ਸਿੰਘ ਸਰਾਓ ਬਾਰ ਕੌਂਸਲ ਆਫ ਪੰਜਾਬ ਅਤੇ ਹਰਿਆਣਾ ਦੇ ਮੈਂਬਰ ਵੀ ਰਹਿ ਚੁੱਕੇ ਹਨ। ਉਨ੍ਹਾ 1979 ਤੋਂ 1984 ਤੱਕ ਜੁਡੀਸ਼ੀਅਲ ਕੋਰਟ ਸੁਨਾਮ ਵਿਖੇ ਵਕਾਲਤ ਵੀ ਕੀਤੀ।

ਦੱਸਣਯੋਗ ਹੈ ਕਿ ਸ੍ਰੀ ਸਰਾਓ ਪੰਜਾਬ ਸਰਕਾਰ ਵਿਚ ਬਤੌਰ ਡੀ ਡੀ ਪੀ ਓ, ਡਿਪਟੀ ਡਾਇਰੈਕਟਰ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਡਿਪਟੀ ਡਾਇਰੈਕਟਰ ਪੰਚਾਇਤਾਂ ਅਤੇ ਸਟੇਟ ਇੰਸਟੀਚਿਊਟ ਆਫ ਰੂਰਲ ਡਿਵੈਲਪਮੈਂਟ ਨਾਭਾ ਦੇ ਪ੍ਰਿੰਸੀਪਲ ਵੱਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ।

# ਗੁਰੂ ਤੇਗ ਬਹਾਦਰ ਦਾ ਸ਼ਹੀਦੀ ਪੁਰਬ ਕੌਮੀ ਪੱਧਰ 'ਤੇ ਮਨਾਉਣ ਦੀ ਲੋੜ: ਬਾਦਲ

**ਸ੍ਰੀ ਆਨੰਦਪੁਰ ਸਾਹਿਬ–** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਇੱਥੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਨੂੰ ਕੌਮੀ ਪੱਧਰ 'ਤੇ ਮਨਾਉਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਨਾਲ ਭਾਈਚਾਰਕ ਸਾਂਝ ਅਤੇ ਧਰਮ ਨਿਰਪੱਖਤਾ ਨੂੰ ਬਲ ਮਿਲੇਗਾ। ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਸਬੰਧੀ ਸ਼ੁਰੂ ਹੋਏ ਤਿੰਨ ਰੋਜ਼ਾ ਸਮਾਗਮਾਂ ਦੇ ਪਹਿਲੇ ਦਿਨ ਮਾਤਾ ਨਾਨਕੀ ਗੁਰਮਤਿ ਸੰਮੇਲਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕੌਮੀ ਪੱਧਰ 'ਤੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਮਨਾਉਣਾ ਨਾ ਸਿਰਫ਼ ਗੁਰੂ ਜੀ ਨੂੰ ਨਿੱਘੀ ਸ਼ਰਧਾਂਜਲੀ ਹੋਵੇਗੀ ਸਗੋਂ ਲੋਕਾਂ ਵਿੱਚ ਆਪਸੀ ਭਾਈਚਾਰੇ ਦੀ ਹੋਰ ਮਜ਼ਬੂਤੀ ਲਈ ਵੀ ਕਾਰਗਾਰ ਸਿੱਧ ਹੋਵੇਗੀ। ਆਨੰਦਪੁਰ ਸਾਹਿਬ ਦੀ ਸਥਾਪਨਾ ਨੂੰ ਭਾਰਤੀ ਇਤਿਹਾਸ ਦੇ ਪੰਨਿਆਂ ਵਿੱਚ ਕ੍ਰਾਂਤੀਕਾਰੀ ਕਦਮ ਦੱਸਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਵੱਲੋਂ ਸਥਾਪਤ ਇਸ ਪਵਿੱਤਰ ਅਸਥਾਨ 'ਤੇ ਸਮਾਜਿਕ ਏਕਤਾ ਅਤੇ ਧਰਮ ਨਿਰਪੱਖਤਾ ਦਾ ਮੁੱਢ ਬੰਨ੍ਹਿਆ ਗਿਆ ਸੀ ਅਤੇ ਇਸੇ ਧਰਤੀ 'ਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਵਿਰਾਸਤ ਦੀ ਸਾਂਭ ਸੰਭਾਲ ਲਈ 1000 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ, ਜਿਸ ਤਹਿਤ ਮਹੱਤਵਪੂਰਨ ਯਾਦਗਾਰਾਂ ਦੀ ਉਸਾਰੀ ਕੀਤੀ ਗਈ ਹੈ ਜਿਨ੍ਹਾਂ ਵਿੱਚ ਵਿਰਾਸਤ-ਏ-ਖਾਲਸਾ, ਬਾਬਾ ਬੰਦਾ ਸਿੰਘ ਬਹਾਦਰ ਜੰਗ-ਏ-ਆਜ਼ਾਦੀ ਯਾਦਗਾਰ, ਛੋਟਾ ਘੱਲੂਘਾਰਾ ਅਤੇ ਵੱਡਾ ਘੱਲੂਘਾਰਾ ਤੋਂ ਇਲਾਵਾ ਕਈ ਵਿਰਾਸਤੀ ਪ੍ਰਾਜੈਕਟ ਸ਼ਾਮਲ ਹਨ। ਜੰਗ-ਏ-ਆਜ਼ਾਦੀ ਵਾਰ ਹੀਰੋਜ਼ ਯਾਦਗਾਰ ਅਤੇ ਮਿਊਜ਼ੀਅਮ, ਬਾਬਾ ਜੀਵਨ ਸਿੰਘ ਮੈਮੋਰੀਅਲ, ਸ਼੍ਰੀ ਗੁਰੂ ਰਵਿਦਾਸ ਮੈਮੋਰੀਅਲ ਅਤੇ ਕਈ ਹੋਰ ਵਿਰਾਸਤੀ ਪ੍ਰਾਜੈਕਟ ਉਸਾਰੀ ਅਧੀਨ ਹਨ। ਇਨ੍ਹਾਂ ਯਾਦਗਾਰਾਂ ਦਾ ਮਕਸਦ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਮੀਰ ਵਿਰਸੇ ਅਤੇ ਇਤਿਹਾਸਕ ਵਿਰਾਸਤਾਂ ਤੋਂ ਜਾਣੂ



ਕਰਵਾਉਣਾ ਹੈ।ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਸਥਾਪਨਾ ਦਿਵਸ ਦੇ ਉਦਘਾਟਨੀ ਸਮਾਰੋਹ ਦੌਰਾਨ ਮਾਤਾ ਨਾਨਕੀ ਗੁਰਮਤਿ ਸੰਮੇਲਨ ਕਰਵਾਏ ਜਾਣ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸਤਰੀ ਅਕਾਲੀ ਦਲ ਵੱਲੋਂ ਸਮੇਂ-ਸਮੇਂ 'ਤੇ ਔਰਤਾਂ ਦੇ ਹਿੱਤਾਂ ਦੀ ਰਾਖੀ ਲਈ ਵਿਸ਼ੇਸ ਯਤਨ ਕੀਤੇ ਗਏ ਹਨ। ਉਨ੍ਹਾਂ ਬੀਬੀਆਂ ਨੂੰ ਸੱਦਾ ਦਿੱਤਾ ਕਿ ਸੂਬੇ ਵਿੱਚੋਂ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਆਪਣਾ ਯੋਗਦਾਨ ਪਾਉਣ। ਇਸ ਮੌਕੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਬਲਵਿੰਦਰ ਸਿੰਘ ਭੂੰਦੜ, ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਬਾਬਾ ਹਰਨਾਮ ਸਿੰਘ ਖਾਲਸਾ, ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ, ਮੁੱਖ ਮੰਤਰੀ ਦੇ ਸਲਾਹਕਾਰ ਮਹੇਸ਼ਇੰਦਰ ਸਿੰਘ ਗਰੇਵਾਲ, ਮੁੱਖ ਸੰਸਦੀ ਸਕੱਤਰ ਪਵਨ ਟੀਨੂੰ ਆਦਿ ਹਾਜ਼ਰ ਸਨ।

# ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਗੁਰਦੁਆਰਿਆਂ ਲਈ ਪੱਕੇ ਪਹਿਰੇਦਾਰ ਨਿਯੁਕਤ ਕਰਨ ਦੇ ਆਦੇਸ਼

**ਅੰਮ੍ਰਿਤਸਰ–** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਮੂਹ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧਕਾਂ ਨੂੰ ਸਖ਼ਤੀ ਨਾਲ ਆਦੇਸ਼ ਜਾਰੀ ਕੀਤਾ ਹੈ ਕਿ 15 ਦਿਨਾਂ ਵਿੱਚ ਗੁਰਦੁਆਰਿਆਂ ਵਿਖੇ ਪੱਕੇ ਪਹਿਰੇਦਾਰਾਂ ਦਾ ਪ੍ਰਬੰਧ ਕੀਤਾ ਜਾਵੇ। ਅਜਿਹਾ ਨਾ ਕੀਤੇ ਜਾਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਕਮੇਟੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਇਹ ਆਦੇਸ਼ ਉਨ੍ਹਾਂ ਨੇ ਪਿੰਡ ਬੰਗੀ ਕਲਾਂ ਵਿੱਚ ਬਾਬਾ ਪ੍ਰੇਮ ਦਾਸ ਡੇਰੇ 'ਤੇ 11 ਪਾਵਨ ਸਰੂਪਾਂ ਦੇ ਅਗਨ ਭੇਂਟ ਹੋਣ ਦੀ ਵਾਪਰੀ ਘਟਨਾ ਤੋਂ ਬਾਅਦ ਜਾਰੀ ਕੀਤੇ ਹਨ। ਉਨ੍ਹਾਂ ਨੇ ਇਸ ਘਟਨਾ 'ਤੇ ਦੁੱਖ ਅਤੇ ਚਿੰਤਾ ਦਾ ਪ੍ਰਗਟਾਵਾ ਕੀਤਾ।

ਡੇਰੇ 'ਤੇ ਵਾਪਰੀ ਘਟਨਾ ਵਿੱਚ 11 ਸਰੂਪਾਂ ਦੇ ਅਗਨ ਭੇਂਟ ਹੋ ਜਾਣ ਨੂੰ ਬੇਹੱਦ ਦੁਖਦਾਈ ਅਤੇ ਮੰਦਭਾਗਾ ਕਰਾਰ ਦਿੰਦਿਆਂ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਕਈ ਵਾਰ ਅਪੀਲ ਅਤੇ ਚਿਤਾਵਨੀ ਦੇ ਬਾਵਜੂਦ ਵੀ ਗੁਰਦੁਆਰਿਆਂ ਵਿੱਚ ਪਾਵਨ ਸਰੂਪ ਪ੍ਰਤੀ ਅਵੇਸਲਾਪਨ ਵਰਤਿਆ ਜਾ ਰਿਹਾ ਹੈ।

ਕਈ ਵਾਰ ਸਭਾ ਸੁਸਾਇਟੀ, ਸਿੰਘ ਸਭਾਵਾਂ, ਡੇਰੇਦਾਰਾਂ ਅਤੇ ਗ੍ਰੰਥੀ ਸਿੰਘਾਂ ਨੂੰ ਸੁਚੇਤ ਵੀ ਕੀਤਾ ਜਾ ਚੁੱਕਾ ਹੈ ਕਿ ਉਹ ਗੁਰਦੁਆਰਿਆਂ ਵਿੱਚ ਬਿਜਲੀ ਦੀ ਵਾਇਰਿੰਗ ਠੀਕ ਕਰਾਉਣ, ਸੁਖ ਆਸਨ ਵਾਲੇ ਅਸਥਾਨ 'ਤੇ ਕੋਈ ਵੀ ਬਿਜਲਈ ਉਪਕਰਨ ਚਲਦਾ ਨਾ ਛੱਡਿਆ ਜਾਵੇ ਅਤੇ ਘੱਟੋ ਘੱਟ ਇੱਕ ਵਿਅਕਤੀ 24 ਘੰਟੇ ਗੁਰਦੁਆਰੇ ਵਿੱਚ ਹਾਜ਼ਰ ਰਹੇ, ਇਸ ਦੇ ਬਾਵਜੂਦ ਵੀ ਗੁਰਦੁਆਰਾ ਕਮੇਟੀਆਂ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਨੇ ਸਮੂਹ ਗੁਰਦੁਆਰਾ ਕਮੇਟੀਆਂ ਨੂੰ ਆਦੇਸ਼ ਦਿੱਤੇ ਹਨ ਕਿ ਗੁਰਦੁਆਰਿਆਂ ਵਿੱਚ 15 ਦਿਨਾਂ ਦੇ ਅੰਦਰ ਪੱਕੇ ਪਹਿਰੇਦਾਰ ਰੱਖੇ ਜਾਣ।

ਇਹ ਮਿਆਦ ਪੂਰੀ ਹੋਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ ਉਡਣ ਦਸਤਾ ਛਾਪੇ ਮਾਰੇਗਾ ਅਤੇ ਜਿਸ ਗੁਰਦੁਆਰੇ ਵਿਚ ਗੁਰਦੁਆਰਾ ਕਮੇਟੀ ਦੋਸ਼ੀ ਪਾਈ ਗਈ, ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਇਸ ਘਟਨਾ ਦੀ ਬਾਰੀਕੀ ਨਾਲ ਪੜਤਾਲ ਕਰਨ ਲਈ ਵੀ ਆਖਿਆ ਹੈ।

### ਸ਼੍ਰੋਮਣੀ ਕਮੇਟੀ ਵੱਲੋਂ ਦੋ ਮੈਂਬਰੀ ਜਾਂਚ ਟੀਮ ਕਾਇਮ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਵੀ ਇਸ ਘਟਨਾ ਦੀ ਨਿਖੇਧੀ ਕਰਦਿਆਂ ਮਾਮਲੇ ਦੀ ਪੜਤਾਲ ਲਈ ਦੋ ਮੈਂਬਰੀ ਜਾਂਚ ਕਮੇਟੀ ਬਣਾ ਦਿੱਤੀ ਹੈ, ਜਿਸ ਵਿੱਚ ਅੰਤ੍ਰਿੰਗ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੈਨੇਜਰ ਜਗਪਾਲ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਕਮੇਟੀ ਜਾਂਚ ਮਗਰੋਂ ਆਪਣੀ ਰਿਪੋਰਟ ਪ੍ਰਧਾਨ ਨੂੰ ਸੌਂਪੇਗੀ। ਉਨ੍ਹਾਂ ਨੇ ਵੀ ਸਮੂਹ ਗੁਰਦੁਆਰਾ ਕਮੇਟੀਆਂ ਨੂੰ ਆਖਿਆ ਕਿ 15 ਦਿਨਾਂ ਵਿੱਚ ਗੁਰੂ ਘਰਾਂ ਦੇ ਪ੍ਰਬੰਧਕ, ਅੱਗ ਬੁਝਾਉਣ ਵਾਲੇ ਉਪਕਰਨ, ਗੁਰਦੁਆਰਿਆਂ ਵਿਚ ਸਥਾਪਤ ਕਰਨ।

# ਅਮਰੀਕੀ ਸੰਸਦ 'ਚ ਗੂੰਜੀ ਪੱਗੜੀਧਾਰੀ ਸਿੱਖਾਂ ਨੂੰ ਫੌਜ 'ਚ ਸ਼ਾਮਲ ਕਰਨ ਦੀ ਅਪੀਲ

**ਵਾਸ਼ਿੰਗਟਨ–** ਇਕ ਪ੍ਰਭਾਵਸ਼ਾਲੀ ਅਮਰੀਕੀ ਸੰਸਦ ਨੇ ਕਿਹਾ ਕਿ ਅਮਰੀਕੀ ਫੌਜ ਨੂੰ ਨਿਯਮਾਂ ਮੁਤਾਬਕ ਸਿੱਖ ਅਮ-ਰੀਕੀਆਂ ਨੂੰ ਫੌਜ 'ਚ ਸ਼ਾਮਲ ਕਰਨਾ ਚਾਹੀਦਾ ਹੈ ਕੋਈ ਐਕਸੈਪਸ਼ਨ ਮੰਨ ਕੇ ਨਹੀਂ। ਸੰਸਦ ਜੋ ਕ੍ਰਾਊਲੇ (53) ਨੇ ਸੰਘੀ ਅਦਾਲਤ ਦੇ ਉਸ ਫੈਸਲੇ ਦਾ ਵੀ ਸਵਾਗਤ ਕੀਤਾ ਜਿਸ 'ਚ 20 ਸਾਲਾ ਸਿੱਖ-ਅਮਰੀਕੀ ਵਿਦਿਆਰਥੀ ਇਕਨੂਰ ਸਿੰਘ ਨੂੰ ਪੰਥ ਨਾਲ ਜੁੜੀ ਆਪਣੀ ਮਾਨਤਾ ਨੂੰ ਨਿਭਾਉਂਦੇ ਹੋਏ ਕੇਸ ਅਤੇ ਪਗੜੀ ਸਣੇ ਫੌਜ ਦੇ ਇਕ ਪ੍ਰੋਗਰਾਮ 'ਚ ਰਜਿਸਟਰ ਕਰਵਾਉਣ ਦੀ ਇਜਾਜ਼ਤ ਦਿੱਤੀ ਗਈ। ਕ੍ਰਾਊਲੇ ਨੇ ਕਿਹਾ ਕਿ ਅਮਰੀਕੀ ਸਿੱਖ ਇਸ ਦੇਸ਼ ਨੂੰ ਪਿਆਰ ਕਰਦੇ ਹਨ ਅਤੇ ਆਪਣੇ ਰਾਸ਼ਟਰ ਦੀ ਫੌਜ 'ਚ ਸੇਵਾ ਦਾ ਪੂਰਾ ਮੌਕਾ ਚਾਹੁੰਦੇ ਹਨ। ਸਾਡੀ ਫੌਜ ਲਈ ਸਮਾਂ ਆ ਗਿਆ ਹੈ ਕਿ ਅਮਰੀਕੀ ਸਿੱਖਾਂ ਨੂੰ ਐਕਸੈਪਸ਼ਨ ਦੇ ਤੌਰ 'ਤੇ ਨਹੀਂ ਸਗੋਂ ਨਿਯਮਾਂ ਦੇ ਤੌਰ 'ਤੇ ਸ਼ਾਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਮਰੀਕੀ ਜ਼ਿਲਾ ਅਦਾਲਤ ਦਾ ਫੈਸਲਾ ਦੇਸ਼ਭਗਤ ਸਿੱਖ ਅਮਰੀਕੀਆਂ ਦੀਆਂ ਸੇਵਾਵਾਂ 'ਤੇ ਪਾਬੰਦੀ ਖਤਮ ਕਰਨ ਦੀ ਦਿਸ਼ਾ 'ਚ ਇਕ ਹੋਰ ਮਹੱਤਵਪੂਰਨ ਕਦਮ ਹੈ। ਪਿਛਲੇ ਹਫਤੇ ਅਮਰੀਕੀ ਜ਼ਿਲਾ ਅਦਾਲਤ ਨੇ ਇਕ ਫੈਸਲੇ 'ਚ ਕਿਹਾ ਕਿ ਸਿੰਘ ਦਾ ਸਿੱਖ ਧਰਮ ਦਾ ਪਾਲਨ ਕਰਦੇ ਹੋਏ ਦਾੜੀ ਰੱਖਣ ਜਾਂ ਪਗੜੀ ਪਹਿਨਣ ਨਾਲ ਅਮਰੀਕੀ ਫੌਜ 'ਚ ਸੇਵਾ ਦੀ ਉਨ੍ਹਾਂ ਦੀ ਯੋਗਤਾ ਨਹੀਂ ਚਲੀ ਜਾਂਦੀ।



# ਪੰਜਾਬੀ ਸਾਹਿਤ ਅਤੇ ਭਾਸ਼ਾ ਦੇ ਵਿਕਾਸ ਲਈ ਇੱਕਜੁਟ ਹੋ ਕੇ ਹੰਭਲੇ ਮਾਰਨ ਦੀ ਲੋੜ -ਸੁਰਜੀਤ ਸਿੰਘ ਰੱਖੜਾ

## ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਯਾਦਗਾਰੀ ਸਮਾਗਮ

**ਪਟਿਆਲਾ–** ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੇ ਲੈਕਚਰ ਹਾਲ ਵਿਖੇ ਯਾਦਗਾਰੀ ਸਾਹਿਤਕ ਅਤੇ ਸਭਿਆਚਾਰਕ ਸਮਾਗਮ ਕਰਵਾਇਆ ਗਿਆ ਜਿਸ ਵਿਚ ਪੰਜਾਬ ਅਤੇ ਹਰਿਆਣਾ ਪ੍ਰਾਂਤਾਂ ਦੇ ਲਗਭਗ 150 ਲੇਖਕਾਂ ਨੇ ਵਿਚ ਭਾਗ ਲਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਮੁੱਖ ਮਹਿਮਾਨ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ, ਪੰਜਾਬ ਸਰਦਾਰ ਸੁਰਜੀਤ ਸਿੰਘ ਰੱਖੜਾ, ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ, ਡਾ. ਚੇਤਨ ਸਿੰਘ, ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਗਾਇਕਾ ਗੁਰਮੀਤ ਬਾਵਾ, ਗੀਤਕਾਰ-ਗਾਇਕ ਪਾਲੀ ਦੇਤਵਾਲੀਆ, ਚੜ੍ਹਦੀਕਲਾ ਟਾਈਮ ਟੀ.ਵੀ. ਚੈਨਲ ਦੇ ਮੈਨੇ-ਜਿੰਗ ਡਾਇਰੈਕਟਰ ਸ. ਜਗਜੀਤ ਸਿੰਘ ਦਰਦੀ, ਨਾਰਾਇਣ ਕੰਟੀਨੈਂਟਲ ਦੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਅਰੋੜਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਈ ਵੀਰ ਸਿੰਘ ਚੇਅਰ ਦੇ ਮੁਖੀ ਪ੍ਰੋਫੈਸਰ ਡਾ. ਗੁਰਨਾਇਬ ਸਿੰਘ ਅਤੇ ਭਾਸ਼ਾ ਵਿਭਾਗ ਦੇ ਅਡੀਸ਼ਨਲ ਡਾਇਰੈਕਟਰ ਗੁਰਸ਼ਰਨ ਕੌਰ ਵਾਲੀਆ ਸ਼ਾਮਿਲ ਸਨ।

ਸਮਾਗਮ ਦੇ ਆਰੰਭ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ ਨੇ ਪੁੱਜੇ ਲੇਖਕਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਸਾਹਿਤ, ਭਾਸ਼ਾ ਅਤੇ ਸਭਿਆਚਾਰ ਦਾ ਆਪਸ ਵਿਚ ਗੂੜ੍ਹਾ ਰਿਸ਼ਤਾ ਹੈ ਅਤੇ ਪੰਜਾਬੀ ਸਾਹਿਤ ਸਭਾ ਪਟਿਆਲਾ ਇਸ ਰਿਸ਼ਤੇ ਨੂੰ ਹੋਰ ਮਜਬੂਤ ਕਰਨ ਲਈ ਪਿਛਲੇ ਪਚਵੰਜਾ ਸਾਲਾਂ ਤੋਂ ਨਿਰੰਤਰ ਯੋਗਦਾਨ ਪਾਉਂਦੀ ਆ ਰਹੀ ਹੈ। ਸਰਦਾਰ ਸੁਰਜੀਤ ਸਿੰਘ ਰੱਖੜਾ ਨੇ ਆਪਣੇ ਮੁੱਖ ਭਾਸ਼ਣ ਵਿਚ ਲੇਖਕਾਂ, ਗੀਤਕਾਰਾਂ ਅਤੇ ਗਾਇਕਾਂ ਨੂੰ ਸੰਬੋਧਨ ਕਰਦਿਆਂ ਆਪਣੇ ਮੁੱਖ ਭਾਸ਼ਣ ਵਿਚ ਆਪਣੇ ਵਿਭਾਗ ਵੱਲੋਂ ਪੂਰਨ ਸਹਿਯੋਗ ਦੇਣ ਦੀ ਗੱਲ ਕਰਦੇ ਹੋਏ ਕਿਹਾ ਕਿ ਪੰਜਾਬੀ ਸਾਹਿਤ ਅਤੇ ਭਾਸ਼ਾ ਦੇ ਵਿਕਾਸ ਲਈ ਸਾਨੂੰ ਇਕਜੁੱਟ ਹੋ ਕੇ ਹੰਭਲੇ ਮਾਰਨ ਦੀ ਲੋੜ ਹੈ ਕਿਉਂਕਿ ਇਹ ਖੇਤਰ ਕਿਸੇ ਸਮਾਜ ਨੂੰ ਮਜਬੂਤ ਬਣਾਉਣ ਵਿਚ ਨਿੱਗਰ ਯੋਗਦਾਨ ਪਾਉਂਦੇ ਹਨ।

ਪੰਜਾਬੀ ਦੀ ਸਭ ਤੋਂ ਲੰਮੀ ਹੇਕ ਵਾਲੀ ਗਾਇਕਾ ਗੁਰਮੀਤ ਬਾਵਾ ਨੇ ਕਿਹਾ ਕਿ ਉਸ ਨੇ ਹਮੇਸ਼ਾ ਸਾਫ਼ ਸੁਥਰੀ ਗਾਇਕੀ ਰਾਹੀਂ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਇਆ ਹੈ ਜਦੋਂ ਕਿ ਗੀਤਕਾਰ ਅਤੇ ਗਾਇਕ ਪਾਲੀ ਦੇਤਵਾਲੀਆ ਨੇ ਕਿਹਾ ਕਿ ਕੇਵਲ ਸਾਫ ਸੁਥਰੇ ਅਕਸ ਵਾਲੇ ਪਰਿਵਾਰਕ ਗੀਤ ਹੀ ਜਿਉਂਦੇ ਰਹਿੰਦੇ ਹਨ। ਇਹਨਾਂ ਦੋਵਾਂ ਗਾਇਕਾਂ ਨੇ ਸਾਹਿਤਕ ਅਤੇ ਪਰਿਵਾਰਕ ਕਿਸਮ ਦੇ ਗੀਤ ਗਾ ਕੇ ਸਰੋਤਿਆਂ ਨੂੰ ਝੂਮਣ ਲਗਾ ਦਿੱਤਾ।

ਵੱਡੀ ਗਿਣਤੀ ਵਿਚ ਸਰੋਤੇ ਜਜ਼ਬਾਤੀ ਹੋ ਗਏ। ਚੜ੍ਹਦੀਕਲਾ ਟਾਈਮ ਟੀ. ਵੀ. ਦੇ ਮੈਨੇਜਿੰਗ ਡਾਇਰੈਕਟਰ ਸ. ਜਗਜੀਤ ਸਿੰਘ ਦਰਦੀ ਨੇ ਗੁਰਬਾਣੀ ਦੇ ਹਵਾਲੇ ਨਾਲ ਮਨੁੱਖੀ ਜੀਵਨ ਬਾਰੇ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਦਿਆਂ ਕਿਹਾ ਕਿ ਚੰਗੇ ਸਾਹਿਤ ਦੀ ਰਖਵਾਲੀ ਲਈ ਪਹਿਰਾ ਦੇਣਾ ਸਾਡਾ ਸਾਰਿਆਂ ਦਾ ਫਰਜ਼ ਹੈ। ਡਾ. ਚੇਤਨ ਸਿੰਘ ਡਾਇਰੈਕਟਰ ਭਾਸ਼ਾ ਵਿਭਾਗ ਨੇ ਕਿਹਾ ਕਿ ਪੰਜਾਬੀ ਸਾਹਿਤ ਸਭਾ ਪਟਿਆਲਾ ਪੰਜਾਬੀ ਦੀ ਤਰੱਕੀ ਲਈ ਵਡਮੁੱਲਾ ਕਾਰਜ ਕਰ ਰਹੀ ਹੈ।

ਰੰਗਕਰਮੀ ਅਵਤਾਰ ਸਿੰਘ ਅਰੋੜਾ ਨੇ ਪਟਿਆਲਾ ਵਿਚ ਅਜਿਹੇ ਸਮਾਗਮਾਂ ਦੇ ਆਯੋਜਨ ਲਈ ਆਪਣੇ ਵੱਲੋਂ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਅੰਮ੍ਰਿਤਸਰ ਤੋਂ ਪੰਜਾਬੀ ਵਿਰਾਸਤ ਸੰਸਥਾ ਦੇ ਸੰਸਥਾਪਕ ਭੁਪਿੰਦਰ ਸਿੰਘ ਸੰਧੂ ਨੇ ਸਾਹਿਤ ਅਤੇ ਗਾਇਕੀ ਦੇ ਸੁਮੇਲ ਵਾਲੇ ਇਸ ਸਮਾਗਮ ਪ੍ਰਤੀ ਆਪਣੀ ਵਿਸ਼ੇਸ਼ ਖੁਸ਼ੀ ਜ਼ਾਹਿਰ ਕੀਤੀ। ਇਸ ਤੋਂ ਪਹਿਲਾਂ ਵਖ ਵਖ ਸ਼ਖਸੀਅਤਾਂ ਨੂੰ ਕੁਲਵੰਤ ਸਿੰਘ, ਡਾ. ਰਾਜਵੰਤ ਕੌਰ ਪੰਜਾਬੀ ਅਤੇ ਸੁਖਦੇਵ ਸਿੰਘ ਚਹਿਲ ਆਦਿ ਵੱਲੋਂ ਬੁੱਕੇ ਭੇਂਟ ਕੀਤੇ ਗਏ। ਇਸ ਮੌਕੇ ਤੇ ਸਭਾ ਵੱਲੋਂ ਸਿੰਮੀ ਪ੍ਰੀਤ ਕੌਰ (ਜਲਾਲਾਬਾਦ) ਦੀ ਪੁਸਤਕ 'ਗੁਰਮੀਤ ਬਾਵਾ ਲੰਮੀ ਹੇਕ ਦੀ ਮਲਿਕਾ' ਅਤੇ ਹਰਿਆਣਾ ਦੇ ਪੁਆਧੀ ਲੇਖਕ ਚਰਨ ਪੁਆਧੀ ਦੀ ਬਾਲ ਪੁਸਤਕ 'ਆਉ ਪੰਜਾਬੀ ਸਿੱਖੀਏ' ਲੋਕ ਅਰਪਿਤ ਕੀਤੀਆਂ ਗਈਆਂ। ਪੁਸਤਕ 'ਗੁਰਮੀਤ ਬਾਵਾ ਲੰਮੀ ਹੇਕ ਦੀ ਮਲਿਕਾ' ਤੇ ਵਿਸ਼ੇਸ਼ ਚਰਚਾ ਕੀਤੀ ਗਈ।

ਡਾ. ਹਰਜੀਤ ਸਿੰਘ ਸੱਧਰ ਨੇ ਇਸ ਪੁਸਤਕ ਬਾਰੇ ਪੇਪਰ ਪੜ੍ਹਦਿਆਂ ਕਿਹਾ ਕਿ ਲੇਖਿਕਾ ਦਾ ਕਾਰਜ ਸੰਭਾਵਨਾਵਾਂ ਨਾਲ ਭਰਪੂਰ ਹੈ। ਚਰਚਾ ਦਾ ਆਗਾਜ਼ ਕਰਦਿਆਂ ਪ੍ਰੋ. ਗੁਰਨਾਇਬ ਸਿੰਘ ਨੇ ਕਿਹਾ ਕਿ ਇਹ ਪੁਸਤਕ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਪਰੰਪਰਾ ਨੂੰ ਅੱਗੇ ਤੋਰਦੀ ਹੈ।

# ਪਹਿਲਾ ਕੌਮਾਂਤਰੀ ਯੋਗਾ ਦਿਵਸ ਮਨਾਵੇਗਾ ਭਾਰਤੀ ਕੌਂਸਲੇਟ ਜਨਰਲ ਸਾਨਫਰਾਂਸਿਸਕੋ


(ਪਹਿਲੇ ਸਫੇ ਦੀ ਬਾਕੀ)

ਭਾਰਤ ਵਿਚ ਯੋਗਾ ਸਦੀਆਂ ਤੋਂ ਬਚਦਾ ਆਇਆ ਹੈ ਅਤੇ ਇਸ ਦਾ ਸਬੰਧ ਸਰੀਰ, ਮਨ, ਵਿਚਾਰ ਅਤੇ ਸੰਜਮ/ ਤੰਦਰੁਸਤੀ ਨਾਲ ਜੁੜਿਆ ਹੈ। ਭਾਰਤੀ ਕਾਂਸਲੇਟ ਜਨਰਲ ਵੱਲੋਂ ਮੀਡੀਆ ਨੂੰ ਜਾਰੀ ਪ੍ਰੈਸ ਰਿਲੀਜ਼ ਵਿਚ ਦੱਸਿਆ ਗਿਆ ਕਿ ਕਈ ਸਹਿਯੋਗੀ ਸੰਸਥਾਵਾਂ ਜਿਵੇਂ ਕਿ ਬ੍ਰਹਮ ਕੁਮਾਰੀ, ਈਸ਼ਾ ਫਾਊਂਡੇਸ਼ਨ, ਈਂਗਰ ਯੋਗਾ, ਨਿਰੋਗਾ ਓਵਰਸੀਜ਼ ਵਾਲੰਟੀਅਰ ਆਦਿ ਮਿ ਕੇ 21 ਜੂਨ ਨੂੰ ਮੈਰਿਨਾ ਗ੍ਰੀਨ ਪਾਰਕ, ਮੈਰਿਨਾ ਬੁਲੇਵਾਰਡ ਸੈਨ ਫਰਾਂਸਿਸਕੋ ਵਿਚ ਸਵੇਰੇ 9 ਵਜੇ ਤੋਂ ਦੁਪਹਿਰ 2.30 ਵਜੇ ਤੱਕ ਵਿਸ਼ਾਲ ਸਮਾਰੋਹ ਵਿਚ ਕੌਮਾਂਤਰੀ ਯੋਗਾ ਦਿਵਸ ਮਨਾਇਆ ਜਾਵੇਗਾ।

ਇਸ ਮੌਕੇ ਉਹਨਾਂ ਭਾਰਤੀ ਮੂਲ ਦੇ ਭਾਈਚਾਰੇ ਨੂੰ ਵਿਸ਼ੇਸ਼ ਅਪੀਲ ਕੀਤੀ ਕਿ ਇਸ ਦਿਨ ਸਮਾਂ ਕੱਢ ਕੇ ਸਮਾਗਮ ਵਿਚ ਜ਼ਰੂਰ ਸ਼ਾਮਲ ਹੋਵੋ। ਸਮਾਗਮ ਵਿਚ ਸ਼ਾਮਲ ਹੋਣ ਲਈ ਐਂਟਰੀ ਮੁਫਤ ਹੋਵੇਗੀ।

# ਡਾ. ਜਸਵੰਤ ਰਾਏ ਦੀ ਪੁਸਤਕ "ਕੌਮ ਦਾ ਸਿਤਾਰਾ - ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲੋਕ-ਅਰਪਣ ਅਤੇ ਗੋਸ਼ਟੀ












ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੇ ਸਹਿਯੋਗ ਨਾਲ ਸੰਤ ਬਾਬਾ ਸਤਪਾਲ ਸਿੰਘ ਸਪੋਰਟਸ ਕਲੱਬ ਸਾਹਰੀ ਵਲੋਂ ਡਾ. ਜਸਵੰਤ ਰਾਏ ਦੀ ਪੁਸਤਕ ਉਕੌਮ ਦਾ ਸਿਤਾਰਾ- ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲੋਕ-ਅਰਪਣ ਅਤੇ ਗੋਸ਼ਟੀ ਕਰਵਾਈ ਗਈ ਜਿਸ ਵਿਚ ਮੁਖ ਮਹਿਮਾਨ ਡਾ. ਰਘਬੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਅਤੇ ਪ੍ਰਧਾਨਗੀ ਮੰਡਲ ਵਿਚ ਡਾ. ਕਰਮਜੀਤ ਸਿੰਘ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ, ਸੀਤਾ ਰਾਮ ਬਾਂਸਲ, ਚਰੰਜੀ ਲਾਲ ਕੰਗਣੀਵਾਲ, ਡਿਪਟੀ ਡੀ. ਈ. ਓ. ਸ. ਦਰਸ਼ਨ ਸਿੰਘ ਹੁਸ਼ਿਆਰਪੁਰ ਸ਼ਾਮਿਲ ਹੋਏ।

ਇਹ ਪੁਸਤਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਯੂ.ਐੱਸ.ਏ. ਦੇਸ਼ ਦੁਆਬਾ ਪ੍ਰਕਾਸ਼ਨ ਵਲੋਂ ਪ੍ਰਕਾਸ਼ਿਤ ਕਰਵਾਈ ਗਈ ਹੈ।ਇਸ ਨੂੰ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਨੇ ਛਾਪਿਆ ਹੈ। ਇਸ ਤੋਂ ਪਹਿਲਾਂ ਵੀ ਦੇਸ਼ ਦੁਆਬਾ ਪ੍ਰਕਾਸ਼ਨ ਵਲੋਂ ਡਾ. ਜਸਵੰਤ ਰਾਏ ਦੀ ਲੋਕਧਾਰਕ ਪੁਸਤਕ ਉਕਥਾਵਾਂ ਦੇਸ਼ ਦੁਆਬ ਦੀਆਂ" ਪ੍ਰਕਾਸ਼ਿਤ ਕੀਤੀ ਜਾ ਚੁਕੀ ਹੈ।ਸਮਾਗਮ ਦੇ ਸ਼ੂਰੁ ਵਿਚ ਮੁਖ ਅਧਿਆਪਕ ਸ਼੍ਰੀ ਭਾਰਤ ਭੂਸ਼ਨ ਨੇ ਆਏ ਹੋਏ ਮਹਿਮਾਨਾਂ ਅਤੇ ਬੁਧੀਜੀਵੀਆਂ ਲਈ ਜੀ ਆਇਆਂ ਸ਼ਬਦ ਆਖਦਿਆਂ ਕਿਹਾ ਕਿ ਇਹ ਸਾਡੇ ਧੰਨਭਾਗ ਹਨ ਜੋ ਗਦਰੀ ਬਾਬਾ ਬਾਬੂ ਹਰਨਾਮ ਸਿੰਘ ਸਾਹਰੀ ਦੀ ਸਬੰਧੀ ਸਮਾਗਮ ਰਚਾਉਣ ਦਾ ਮਾਣ ਸਾਡੀ ਸੰਸਥਾ ਨੂੰ ਮਿਲਿਆ ਹੈ ਕਿਉਂਕਿ ਇਹ ਸੰਸਥਾ ਵੀ ਉਹਨਾਂ ਦੇ ਨਾਂ ਤੇ ਹੀ ਚੱਲ ਰਹੀ ਹੈ।

ਚਰਚਾ ਸ਼ੂਰੁ ਕਰਦਿਆਂ ਸ਼ਾਇਰ ਨਵਤੇਜ ਗੜ੍ਹਦੀਵਾਲਾ ਨੇ ਆਖਿਆ ਕਿ ਦੇਸ਼ ਦੀ ਆਜ਼ਾਦੀ ਲਈ ਬਾਬੂ ਹਰਨਾਮ ਸਿੰਘ ਦੀ ਕੁਰਬਾਨੀ ਲਾਸਾਨੀ ਹੈ।ਇਹ ਗਦਰ ਲਹਿਰ ਦਾ ਮਾਸਟਰ ਮਾਈਂਡ ਸੀ।ਡਾ. ਜਸਵੰਤ ਰਾਏ ਇਸ ਗਦਰੀ ਜੀਵਨੀ ਵਿਚ ਪਿੰਡ ਸਾਹਰੀ ਦੇ ਕਲਚਰ ਨੂੰ ਖੂਬਸੂਰਤੀ ਨਾਲ ਪੇਸ਼ ਕੀਤਾ ਹੈ।ਸੀਤਾ ਰਾਮ ਬਾਂਸਲ ਨੇ ਆਖਿਆ ਕਿ ਬਾਬੂ ਹਰਨਾਮ ਸਿੰਘ ਗਦਰ ਪਾਰਟੀ ਅਤੇ ਗਦਰ ਲਹਿਰ ਦੀਆਂ ਜੜ੍ਹਾਂ ਲਾਉਣ ਵਾਲਿਆਂ ਵਿਚੋਂ ਸਨ।ਇਹ ਸਾਡੀ ਬਦਕਿਸਮਤ ਹੈ ਕਿ ਇਹੋ ਜਿਹੇ ਦੇਸ਼ ਭਗਤਾਂ ਦੀਆਂ ਜੀਵਨੀਆ ਤੋਂ ਅਸੀਂ ਵਿਰਵੇ ਸੀ।ਇਤਿਹਾਸ ਨੂੰ ਦੁਬਾਰਾ ਤੋਂ ਲਿਖਣ ਦੀ ਜਰੀਰਤ ਹੈ ਤਾਂ ਕਿ ਇਹੋ ਜਿਹੇ ਅਣਗੌਲੇ ਸੂਰਮਿਆਂ ਦੀ ਕੁਰਬਾਨੀ ਨੂੰ ਇਤਿਹਾਸ ਦੇ ਪੰਨਿਆਂ ਤੇ ਉਕਰਿਆ ਜਾ ਸਕੇ।ਉਨਾਂ ਕਿਹਾ ਕਿ ਜੇਕਰ ਅਸੀਂ ਆਪਣੇ ਆਪ ਨੂੰ ਸ਼ਹੀਦਾਂ ਦੀ ਵਿਰਾਸਤ ਵਿਚੋਂ ਸਮਝਦੇ ਹਾਂ ਤਾਂ ਸਾਨੂੰ ਅਜੋਕੇ ਦੌਰ ਵਿਚ ਆਮ ਲੋਕਾਂ ਨੂੰ ਜਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਹਨਾਂ ਨਾਲ ਡੱਟ ਕੇ ਖੜਨਾ ਚਾਹੀਦਾ ਹੈ ਅਤੇ ਸਾਮਰਾਜਵਾਦੀ ਤਾਕਤਾਂ ਦਾ ਮੂੰਹ ਮੋੜਨਾ ਚਾਹੀਦਾ ਹੈ। ਡਾ. ਜਸਵੰਤ ਰਾਏ ਨੇ ਇਹ ਜੀਵਨੀ ਲਿਖ ਕੇ ਇਹ ਸਿੱਧ ਕੀਤਾ ਹੈ ਕਿ ਇਤਿਹਾਸ ਬਣਾਉਣ ਵਾਲੇ ਅਤੇ ਇਤਿਹਾਸ ਨੂੰ ਸਾਂਭਣ ਵਾਲੇ ਲੋਕ ਸਾਹਰੀ ਪਿੰਡ ਵਿਚ ਵਸਦੇ ਹਨ।ਚਰੰਜੀ ਲਾਲ ਕੰਗਣੀਵਾਲ ਨੇ ਕਿਹਾ ਕਿ ਡਾ. ਜਸਵੰਤ ਰਾਏ ਨੇ ਇਸ ਅਣਗੌਲੇ ਸ਼ਹੀਦ ਦੀ ਕੁਰਬਾਨੀ ਨੂੰ ਉਜਾਗਰ ਕਰੇ ਗਦਰੀ ਸਾਹਿਤ ਵਿਚ ਸਾਰਥਕ ਵਾਧਾ ਕੀਤਾ ਹੈ।ਕਿਉਂਕਿ ਗਦਰ ਲਹਿਰ ਦੀ ਹਰ ਗਤੀਵਿਧੀ ਵਿਚ ਬਾਬੂ ਹਰਨਾਮ ਸਿੰਘ ਦਾ ਨਾਂ ਮੋਹਰੀ ਸਫਾਂ ਤੇ ਅਉਂਦਾ ਹੈ।ਚਾਹੇ ਉਹ ਕਾਮਾਗਾਟਾਮਾਰੂ ਦੀ ਘਟਨਾ ਹੋਵੇ ਚਾਹੇ ਹਾਂਡੂਰਸ ਦੀ ਅਤੇ ਚਾਹੇ ਬਰ੍ਹਮਾ ਨੂੰ ਅੰਗਰੇਜ਼ੀ ਸਾਮਰਾਜ ਦੇ ਜੂਲ਼ੇ ਤੋਂ ਮੁਕਤ ਕਰਾਉਣ ਦੀ ਗੱਲ ਹੋਵੇ।

ਡਾ. ਰਘਬੀਰ ਕੌਰ ਨੇ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਗਦਰੀ ਜੀਵਨੀ ਨੂੰ ਸਾਹਿਤਕ ਰੂਪ ਵਿਚ ਪੇਸ਼ ਕੀਤਾ ਗਿਆ ਹੋਵੇ।ਇਸ ਮਹਾਨ ਸ਼ਹੀਦ ਦੀ ਸ਼ਹਾਦਤ ਬਾਰੇ ਪੜ੍ਹ ਕੇ ਮੈਂ ਬਹੁਤ ਬੇਚੈਨ ਹੋਈ। ਸ਼ਹੀਦ ਬਾਬੂ ਹਰਨਾਮ ਸਿੰਘ ਅੰਤਰਰਾਸ਼ਟਰੀ ਪਹਿਲਾ ਪੰਜਾਬੀ ਜਰਨਲਿਸਟ ਸੀ। ਗਦਰ ਅਖਬਾਰ ਤੋਂ ਪਹਿਲਾਂ ਬਾਬੂ ਹਰਨਾਮ ਸਿੰਘ ਨੇ ਸਵਦੇਸ਼ ਸੇਵਕ ਪਰਚਾ ਛਾਪ ਕੇ ਅੰਗਰੇਜ਼ੀ ਪ੍ਰਸ਼ਾਸਨ ਦੇ ਪੈਰਾਂ ਥੱਲੇ ਅੱਗ ਮਚਾ ਦਿੱਤੀ ਸੀ।ਬਾਅਦ ਵਿਚ ਗਦਰ ਅਖਬਾਰ ਵਿਚ ਵੀ ਇਹਨਾਂ ਦੇ ਲੇਖ ਅਤੇ ਕਰਟੂਨ ਛਪਦੇ ਰਹੇ। ਪਿੰਡ ਵਾਸੀਆਂ ਨੇ ਵੀ ਅੱਜ ਇਹ ਸਮਾਗਮ ਪਿੰਡ ਵਿਚ ਰਚਾ ਕੇ ਇੱਕ ਤਰ੍ਹਾਂ ਨਾਲ ਸ਼ਹੀਦ ਬਾਬੂ ਹਰਨਾਮ ਸਿੰਘ ਜੀ ਨੂੰ ਸ਼ਰਧਾਂਜਲੀ ਦਿੱਤੀ ਹੈ। ਡਾ. ਸਰਦੂਲ ਸਿੰਘ ਨੇ ਕਿਹਾ ਕਿ ਜਿਸ ਮਕਸਦ ਨੂੰ ਲੈ ਕੇ ਗਦਰੀ ਦੇਸ਼ ਭਗਤ ਸ਼ਹੀਦ ਹੋਏ ਸਨ ਉਹ ਟੀਚੇ ਅਜੇ ਪੂਰੇ ਨਹੀਂ ਹੋ ਸਕੇ।ਕਿਉਂ ਕਿ ਅਜੇ ਨਿਜ਼ਾਮ ਬਦਲਣਾ ਬਾਕੀ ਹੈ। ਪਹਿਲਾਂ ਸਾਡੇ ਦੇਸ਼ ਨੂੰ ਗੋਰਿਆਂ ਨੇ ਲੁਟਿਆ ਹੈ ਅਤੇ ਅੱਜ ਕਾਲੇ ਅੰਗਰੇਜ਼ ਇਸ ਨੂੰ ਲੁੱਟ ਕੇ ਖਾ ਰਹੇ ਹਨ। ਡਾ. ਮਨਮੋਹਨ ਸਿੰਘ ਤੀਰ ਨੇ ਡਾ. ਜਸਵੰਤ ਰਾਏ ਨੂੰ ਵਧਾਈ ਦਿੰਦਿਆਂ ਆਖਿਆ ਕਿ ਇਹ ਕਿਤਾਬ ਲਿਖ ਕੇ ਇੱਕ ਤਰ੍ਹਾਂ ਨਾਲ ਜਸਵੰਤ ਰਾਏ ਨੇ ਕਰਜ਼ ਹੀ ਅਦਾ ਕੀਤਾ ਹੈ। ਉਹਨਾਂ ਨੇ ਆਪਣੀ ਪਾਕਿਸਤਾਨੀ ਫੇਰੀ ਦੀਆ ਉਦਾਹਰਨਾਂ ਦਿੰਦਿਆਂ ਕਿਹਾ ਕਿ ਦੇਸ਼ ਲਈ ਜਾਨ ਵਾਰਨ ਵਾਲੇ ਸਾਡੇ ਲਈ ਸ਼ਹੀਦ ਹਨ ਜਦ ਕਿ ਦੂਜਿਆਂ ਲਈ ਇਹ ਆਮ ਜਿਹਾ ਹੀ ਵਰਤਾਰਾ ਹੈ। ਜਸਵੰਤ ਮੇਰਾ ਵਿਦਿਆਰਥੀ ਰਿਹਾ ਹੈ।ਸ਼ੁਰੂ ਤੋਂ ਹੀ ਇਸਦੀ ਵਿਰਤੀ ਇੱਕ ਖੋਜੀ ਵਾਲੀ ਰਹੀ ਹੈ। ਜਸਵੰਤ ਦੁਆਰਾ ਕੀਤੀ ਗਦਰੀ ਸਿਰਜਣਾ ਮੇਰੇ ਮਨ ਨੂੰ ਸਕੂਨ ਦੇ ਰਹੀ ਹੈ। ਮੈਂ ਇਸ ਪੁਸਤਕ ਨੂੰ ਛਪਵਾਉਣ ਵਾਲੀ ਸੰਸਥਾ ਦੇ ਮੁਖੀ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੂੰ ਵੀ ਵਧਾਈ ਦਿੰਦਾ ਹਾਂ ਜਿਹੜੇ ਸ਼ਹੀਦਾਂ ਦੀ ਵਿਰਾਸਤ ਨੂੰ ਸੰਭਾਲਣ ਦਾ ਉਪਰਾਲ਼ਾ ਕਰ ਰਹੇ ਹਨ। ਡਾ. ਕਰਮਜੀਤ ਸਿੰਘ ਨੇ ਸਮੁਚੀ ਬਹਿਸ ਨੂੰ ਸਮੇਟਦਿਆਂ ਅਤੇ ਵੱਖ ਵੱਖ ਪੇਸ਼ ਨੁਕਤਿਆਂ ਦੇ ਜਵਾਬ ਦਿੰਦਿਆਂ ਇਸ ਗਦਰੀ ਜੀਵਨੀ ਨੂੰ ਡਾ. ਜਸਵੰਤ ਰਾਏ ਦੀ ਦੂਜੀ ਪੀ. ਐੱਚ. ਡੀ. ਆਖਿਆ। ਉਹਨਾਂ ਕਿਹਾ ਕਿ ਲਗਾਤਾਰ ਕੀਤੀ ਮਿਹਨਤ ਮੁਸ਼ੱਕਤ ਦਾ ਸਿੱਟਾ ਹੈ ਕਿ ਅੱਜ ਇਹ ਪੁਸਤਕ ਸਾਡੇ ਹੱਥਾਂ ਵਿਚ ਹੈ।



ਜਸਵੰਤ ਨੇ ਇਸ ਪੁਸਤਕ ਵਿਚ ਸ਼ਹੀਦ ਬਾਬੂ ਹਰਨਾਮ ਸਿੰਘ ਦੀ ਜੀਵਨੀ ਦੇ ਨਾਲ ਨਾਲ ਗਦਰ ਲਹਿਰ ਦੇ ਪਿਛੋਕੜ ਅਤੇ ਗਦਰ ਲਹਿਰ ਦੇ ਪ੍ਰਭਾਵ ਨੂੰ ਵੀ ਬਾਖੂਬੀ ਚਿਤਰਿਆ ਹੈ। ਇਹ ਕਿੱਢੀ ਪ੍ਰਭਾਵਸ਼ਾਲੀ ਗੱਲ ਹੈ ਕਿ ਭਾਰਤ ਤੋਂ ਬਾਹਰ ਅਮਰੀਕਾ ਵਿਚ ਬੈਠੇ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਆਪਣੇ ਦੇਸ਼ ਭਗਤਾਂ ਦੀ ਕੀਤੀ ਘਾਲਣਾ ਨੂੰ ਸੰਭਾਲਣ ਲਈ ਸਾਡੇ ਨਾਲੋਂ ਵੀ ਵੱਧ ਤੱਤਪਰ ਹਨ। ਚੁੰਬਰ ਹੋਰੀਂ ਵਿਦੇਸ਼ ਬੈਠੇ ਲਗਾਤਾਰ ਦੋ ਅਖਬਾਰਾਂ "ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ" ਛਾਪ ਕੇ ਇੱਕ ਮਿਸ਼ਨਰੀ ਕੰਮ ਕਰ ਰਹੇ ਹਨ ਅਤੇ ਵਧਾਈ ਦੇ ਪਾਤਰ ਹਨ।ਸਟੇਜ ਦੀ ਕਾਰਗੁਜ਼ਾਰੀ ਸ਼ਾਇਰ ਮਦਨ ਵੀਰੇ ਨੇ ਇਤਿਹਾਸਕ ਟਿੱਪਣੀਆਂ ਰਾਹੀਂ ਬਾਖੂਬੀ ਨਿਭਾਈ। ਉਹਨਾਂ ਨੇ ਇਸੇ ਪਿੰਡ ਦੀ ਮਾਣਮੱਤੀ ਸ਼ਖਸੀਅਤ ਡਾ. ਰੌਣਕੀ ਰਾਮ ਦਿਆਂ ਲਿਖਤਾਂ ਅਤੇ ਕੰਮਾਂ ਬਾਰੇ ਵੀ ਸੰਖੇਪ ਜਾਣਕਾਰੀ ਮੁਹੱਈਆ ਕਰਵਾਈ। ਅੰਤ ਵਿਚ ਸ. ਦਰਸ਼ਨ ਸਿੰਘ ਡਿਪਟੀ ਡੀ. ਈ. ਓ. ਨੇ ਡਾ. ਜਸਵੰਤ ਰਾਏ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਆਏ ਹੋਏ ਵਿਦਵਾਨਾਂ ਅਤੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ। ਸਮਾਗਮ ਵਿਚ ਕੁਲਤਾਰ ਸਿੰਘ ਕੁਲਤਾਰ, ਲੈਕ. ਸਤਵੰਤ ਕਲੋਟੀ, ਪ੍ਰਿੰਸੀਪਲ ਧਰਮਪਾਲ ਸਾਹਿਲ, ਸੁਰਿੰਦਰ ਕੰਗਵੀ, ਡਾ. ਰਵਿੰਦਰ ਕੌਰ, ਡਾ. ਸੁਖਦੇਵ ਸਿੰਘ ਢਿੱਲੋਂ, ਪ੍ਰੀਤ ਨੀਤਪੁਰ, ਅਵਤਾਰ ਲੰਗੇਰੀ, ਜਗਤਾਰ ਬਾਹੋਵਾਲ, ਗੁਰਸਾਹਿਬ ਸਿੰਘ, ਸੰਦੀਪ ਸਿੰਘ ਜੱਜ, ਅਮਰਜੀਤ ਸਿੰਘ, ਬਲਵਿੰਦਰ ਸਿੰਘ ਸਰਪੰਚ, ਸੁਰਜੀਤ ਸਿੰਘ ਪੰਚ, ਬੂਟਾ ਰਾਮ ਪੰਚ, ਕੁਲਵਿੰਦਰ ਕੌਰ ਰੂਹਾਨੀ, ਬਬੀਤਾ ਰਾਣੀ, ਮਨਜੀਤ ਕੌਰ ਜੰਡਾ, ਨੀਤੂ ਰਾਣੀ, ਡਾ. ਵਿਜੇ ਕੁਮਾਰ, ਲਹਿੰਬਰ ਰਾਮ ਝਮਟ, ਰੌਸ਼ਨ ਲਾਲ, ਡਾ. ਬਲਵੀਰ ਸਿੰਘ, ਅਮਰੀਕ ਸਿੰਘ, ਸ਼ੌਕੀਨ ਜੱਜ, ਕਮਲਜੀਤ, ਮਮਤਾ ਰਾਣੀ, ਸਰਬਜੀਤ ਕੌਰ, ਹਰਵਿੰਦਰ ਸਾਹਬੀ, ਬਲਵਿੰਦਰ ਕੌਰ, ਮਲੂਕ ਸਿੰਘ ਬਾਦ, ਜੋਗਿੰਦਰ ਕੌਰ, ਜੋਗਿੰਦਰ ਪਾਲ, ਗੁਰਵਿੰਦਰ ਸਿੰਗ, ਭਾਰਤ ਲਾਲਾ ਪੰਚ, ਨਰਦੀਪ ਸਿੰਘ ਜੱਜ, ਯੋਧਾ ਮੱਲ ਪਾਲ, ਸਤਨਾਮ ਸਿੰਘ, ਸੁਰਿੰਦਰ ਪਾਲ, ਸਤਵੀਰ ਸਿੰਘ, ਸੁਖਚੈਨ ਸਿੰਘ, ਨਵਜੋਤ ਕੌਰ, ਮਾਸਟਰ ਲਖਵਿੰਦਰ ਰਾਮ, ਸਨੀ, ਜਸਵਿੰਦਰ ਕੌਰ, ਜਗਦੀਪ ਕੌਰ, ਕਿਰਮ ਬਾਲਾ, ਕੀਰਤੀ, ਰਜਵਿੰਦਰ ਕੌਰ, ਸੰਦੀਪ ਕੁਮਾਰ, ਦੀਪਕ, ਸੂਰਜ ਸਿੰਘ, ਬਲਵੀਰ ਸਾਹਰੀ, ਸੰਤ ਬਾਬਾ ਸਤਪਾਲ ਸਿੰਘ ਸਪੋਟਸ ਕਲੱਬ ਸਾਹਰੀ ਦੇ ਨੁਮਾਇੰਦੇ, ਚਿੰਤਕ ਅਤੇ ਵਿਦਿਆਰਥੀ ਹਾਜ਼ਰ ਸਨ।

**(ਰਿਪੋਰਟ: ਡਾ. ਜਸਵੰਤ ਰਾਏ) 98158-25999**



# CONSULATE GENERAL OF INDIA SAN FRANCISCO

सत्यमेव जयते

## CONSULATE GENERAL OF INDIA IN SAN FRANCISCO CELEBRATES FIRST INTERNATIONAL DAY OF YOGA

## Around 5,000 participants Expected to Participate in the Event

**SAN FRANCISCO –** At the initiative of Indian Prime Minister, Mr. Narendra Modi, the United Nations has declared June 21 as "International Day of Yoga (IDY)". During his address to UN General Assembly on September 27, 2014, Prime Minister Modi had stated "Yoga is an invaluable gift of India's ancient tradition. it embodies unity of mind and body; thought and action; restraint and fulfillment; harmony between man and nature' a holistic approach to health and well-being. It is not about exercise but to discover the sense of oneness with yourself, the world and nature. By changing our lifestyle and creating consciousness, it can help us deal with climate change." Yoga, a 5,000-year-old physical, mental and spiritual practice originating in India, aims to transform the body and the mind. June 21, which is the Summer Solstice, is the longest day of the year in the Northern Hemisphere and has special significance in India as well as many parts of the world.

The Consulate General of India, in coordination with the Art of Living Foundation and other like-minded organisations like Brahma Kumaris, Isha Foundation, Iyengar Yoga, Niroga, Overseas Volunteer for a Better India, Yoga Bharati, Hindustan Swayamsevak Sangh, Integral Yoga Institute of San Francisco, YANA, etc. and in partnership with Tech Mahindra (global technology partner for the IDY), Sify and Infosys is organizing "First International Day of Yoga" at Marina green Park, Marina Boulevard, San Francisco from 09:30 AM to 2:30 PM on 21 June 2015. All are cordially welcome to participate in this event. Registration is FREE for all. Please register via link: http://www.iydsf.org/ and through www.cgisf.org. Remember to bring a yoga mat and a cap. Children are welcome. Join the conversation on social media using #YogaNewDimension and #InternationalDayofYoga and link on Facebook at https:// www.facebook.com/ events/1570997046497847/.

Yoga for Harmony & Peace

The event is being projected as "Yoga: A New Dimension." This free event will highlight the rich heritage and deep values of Yoga through speeches, presentations, discussions, meditation, Yogasanas, kirtan and music. The program begins with a few yoga poses, followed by a video message from the Honorable Prime Minister of India Mr. Narendra Modi and will feature various traditions of yoga: Art of Living, Ashtanga, Isha, Iyengar, Sivananda, Yana and Yoga Bharati. GRAMMY nominated musician Jai Uttal will lead the group in "kirtan" music.

This event will bring together different schools of thoughts and will expose the audience to different branches of World Yoga. Attendees will learn more about the power of yoga and meditation as antidotes to stress and as keys to unlocking the power of creativity, intellect, intuition and joy – beneficial aspects to living a meaningful and balanced life. The International Day of Yoga celebration gives us all a chance to talk about how yoga is helping to solve important world problems - from helping schools deal with bullying to treating war veterans suffering with PTSD and insomnia, to how yoga is an incredible resource for healing and prevention of diseases like Alzheimers's etc. Yoga can help people in all walks of life no matter your socioeconomic level, geographic location, age and even your belief system.

**PRESS CONTACTS**

**Dr. K. J. Srinivasa**
Deputy Consul General
Email: dcg@cgisf.org

**Mr. Venkat Ramana**
Consul (Community Affairs)
Email: ccasf@cgisf.org

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets

Entry Free
''ਆਜੋ ਕੁੜੀਓ ਨੀ ਤੁਹਾਨੂੰ ਗਿੱਧਾ ਵਾਜਾਂ ਮਾਰਦਾ''
Entry Free
P.C.S. Sacramento
ਵਲੋਂ ਪੇਸ਼ ਹੈ 15ਵੀਆਂ
ਤੀਆਂ
TEEYAN




On Sunday, the 16th AUGUST 2015 At 1.00 P. M.
AT S.E.S. Hall
10427 E. STOCKTON BLVD. ELK GROVE, CA 95624
Featuring : Songs, Gidha, Dances, Skits, D.J. and Much More
All LADIES AND GIRLS ARE INVITED
ORGANIZING COMMITTEE
Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Simran Sandhu, Aman Kaur, Harinder Kaur, Laddi Thandi, Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala
For Participation\ & Stalls Please Call : Mandeep Pharwala @ 916-212-1826, Rashpal Parhar @ 730-7191, Baldev Kaur @ 996-2010, Email: palpharwala@yahoo.com I Website : www.sacpcs.com
ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ ।
ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

Printer : Barapind Printing Press, Email: bpp467@gmail.com

ੴ

ਸੋਹੰ



ਸ੍ਰੀ ਗੁਰੂ ਅਰਜਨ ਦੇਵ ਜੀ



ਸਤਿਗੁਰੂ ਕਬੀਰ ਮਹਾਰਾਜ ਜੀ



ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

# ਮਹਾਨ ਧਾਰਮਿਕ ਸਮਾਗਮ

ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੀ ਪ੍ਰਬੰਧਕੀ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸਤਿਗੁਰੂ ਕਬੀਰ ਮਹਾਰਾਜ ਜੀ, ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਮਹਾਨ ਧਾਰਮਿਕ ਸਮਾਗਮ ਉਲੀਕੇ ਗਏ ਹਨ।

ਸਤਿਗੁਰੂ ਕਬੀਰ ਮਹਾਰਾਜ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ

## ਪ੍ਰਕਾਸ਼ ਪੁਰਬ

14 ਜੂਨ, ਐਤਵਾਰ ਨੂੰ ਮਨਾਏ ਜਾ ਰਹੇ ਹਨ।

ਅਖੰਡ ਪਾਠ ਦੀ ਆਰੰਭਤਾ 12 ਜੂਨ ਨੂੰ ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ 14 ਜੂਨ ਨੂੰ ਸਵੇਰੇ 10 ਵਜੇ
ਉਪਰੰਤ ਗੁਰਬਾਣੀ ਕੀਰਤਨ, ਢਾਡੀ ਦਰਬਾਰ ਤੇ ਕਥਾ ਵਾਚਨਾ

ਸ੍ਰੀ ਗੁਰੂ ਅਰਜਨ ਦੇਵ ਜੀ ਦਾ

## ਸ਼ਹੀਦੀ ਪੁਰਬ

21 ਜੂਨ ਦਿਨ ਐਤਵਾਰ ਨੂੰ ਮਨਾਇਆ ਜਾਵੇਗਾ

ਅਖੰਡ ਪਾਠ ਦੀ ਆਰੰਭਤਾ 19 ਜੂਨ ਨੂੰ ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ 21 ਜੂਨ ਨੂੰ ਸਵੇਰੇ 10 ਵਜੇ
ਉਪਰੰਤ ਗੁਰਬਾਣੀ ਕੀਰਤਨ, ਢਾਡੀ ਦਰਬਾਰ ਤੇ ਕਥਾ ਵਾਚਨਾ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੀ ਲੜੀ 27 ਮਈ ਤੋਂ ਚੱਲ ਰਹੀ ਹੈ, ਜੋ 19 ਜੂਨ ਨੂੰ ਸੰਪੂਰਨ ਹੋਵੇਗੀ। ਸਮਾਂ ਹਰ ਰੋਜ਼ 9 ਵਜੇ ਤੋਂ 11 ਵਜੇ ਤੱਕ।

ਪਹੁੰਚ ਰਹੇ ਕੀਰਤਨੀ ਤੇ ਢਾਡੀ ਜਥੇ ਤੇ ਕਥਾ ਵਾਚਕ



ਭਾਈ ਭਗਤ ਸਿੰਘ ਬੰਬੇ ਵਾਲੇ



ਭਾਈ ਅਮਰੀਕ ਸਿੰਘ ਗੁਰਦਾਸਪੁਰ ਵਾਲੇ



ਢਾਡੀ ਸਰੂਪ ਸਿੰਘ ਕੰਡਿਆਣਾ ਵਾਲੇ



ਕਥਾਵਾਚਕ ਭਾਈ ਸਾਹਿਬ ਸਿੰਘ ਕੈਨੇਡਾ ਵਾਲੇ



ਕਥਾਵਾਚਕ ਭਾਈ ਗੁਲਜ਼ਾਰ ਸਿੰਘ ਕੈਨੇਡਾ ਵਾਲੇ

— ਸੰਗਤਾਂ ਦੇ ਦਰਸ਼ਨਾਂ ਦੀ ਉਡੀਕ ਵਿੱਚ —

ਗੁਰੂਘਰ ਦੇ ਸਮੂਹ ਸੇਵਾਦਾਰ ਤੇ ਗਰੰਥੀ ਅਮਰਜੀਤ ਸਿੰਘ

**SHRI GURU RAVI DASS SABHA**
**of New York Inc.**
61-01 Broadway, Woodside, NY 11377
Tel. : 718-898-8150 Fax 718-898-0932

ਗੁਰੂ ਕੇ ਲੰਗਰ ਅਤੁੱਟ ਵਰਤਣਗੇ

# ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ ਵਿਖੇ ਸਤਿਗੁਰੂ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਅਵਲ ਅੱਲਾ ਨੂਰ ਉਪਾਇਆ, ਕੁਦਰਤਿ ਕੇ ਸਭ ਬੰਦੇ**
**ਏਕ ਨੂਰ ਤੇ ਸਭ ਜਗੁ ਉਪਜਿਆ, ਕਉਨ ਭਲੇ ਕੋ ਮੰਦੇ**

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ**
**ਪੁਰਜਾ-ਪੁਰਜਾ ਕਟਿਅ ਮਰੈ ਕਬਹੂ ਨ ਛਾਡੇ ਖੇਤੁ**

ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਸਭਾ ਸੇਲਮਾ ਨੇ ਸਮੂਹ ਸੰਗਤ ਦੇ ਸਹਿਯੋਗ ਨਾਲ ਸਤਿਗੁਰੂ ਕਬੀਰ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ 14 ਜੂਨ, ਦਿਨ ਐਤਵਾਰ ਨੂੰ ਬਹੁਤ ਹੀ ਸ਼ਰਧਾ ਨਾਲ ਮਨਾਇਆ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਅਵਤਾਰ ਸਿੰਘ ਜੀ ਅਤੇ ਭਾਈ ਬੰਸੀ ਲਾਲ ਬੰਗੜ, ਭਾਈ ਹਰਬਲਾਸ ਸਿੰਘ ਜੀ ਨੇ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਨਾਲ ਰਹੇ ਭਾਈ ਮਰਦਾਨਾ ਜੀ ਦੇ ਵੰਸ਼ ਵਿਚੋਂ ਉਘੇ ਗਾਇਕ ਕਲਾਕਾਰ ਸੁਰਿੰਦਰ ਖਾਨ ਜੀ ਨੇ ਧਾਰਮਿਕ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੇ ਨਾਲ ਹੀ ਅਜੇ ਕੁਮਾਰ ਨਰ (ਪੀਟਾ ਪ੍ਰਸਿੱਧ ਗੀਤਕਾਰ) ਅਤੇ ਰਾਜਿੰਦਰ ਸਿੰਘ ਗੰਗੜ ਆਦਿ ਨੇ ਸਤਿਗੁਰੂ ਕਬੀਰ ਸਾਹਿਬ ਜੀ ਦੇ ਜੀਵਨ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ।

ਅੱਜ ਦੇ ਸਮਾਗਮ ਅਤੇ ਲੰਗਰ ਦੀ ਸੇਵਾ ਸਵਰਗਵਾਸੀ ਸ੍ਰੀ ਸੰਤ ਰਾਮ ਨਰ ਜੀ ਦੇ ਪਰਿਵਾਰ ਸ੍ਰੀ ਅਜੇ ਕੁਮਾਰ ਨਰ ਅਤੇ ਸਲਿੰਦਰ ਨਰ ਤੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ। ਅੱਜ ਦੇ ਪ੍ਰੋਗਰਾਮ ਦੀ ਸਟੇਜ ਸੇਵਾ ਸ੍ਰੀ ਜਸਵੰਤ ਮਹਿਮੀ ਜੀ ਨੇ ਬਾਖੂਬੀ ਨਿਭਾਈ।ਇਸ ਉਪਰੰਤ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। ਪ੍ਰਬੰਧਕ ਕਮੇਟੀ ਵੱਲੋਂ ਸੇਵਕ ਪਰਿਵਾਰਾਂ ਅਤੇ ਸਮੂਹ ਸੰਗਤਾਂ ਦਾ ਕੋਟਿਨ-ਕੋਟਿ ਧੰਨਵਾਦ ਕੀਤਾ।


























ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਮਨਾਏ ਜਾਣ ਸਮੇਂ ਦੀਆਂ ਦੋ ਯਾਦਗਾਰੀ ਤਸਵੀਰਾਂ

# Ideological Dimensions of Caste Violence & Coercive Pan-Brahmanism in South Asia

## Saturday, June 20, 2015, 4PM - 8PM

**University of the Pacific, DeRosa Ballroom**
**3601 Pacific Avenue, Stockton, CA 95211**



**Featuring:**

**B.D. Borkar** (*Mulnivasi Sangh*) | **Pieter Friedrich** (*Sikh Information Centre*)
**Jada Bernard** (*Organization for Minorities of India*) | **Fr. Joshua Lickter** (*Incarnation Anglican Church*)
**Harinder Singh** (*Sikh Research Institute*) | *Not pictured:* **Umar Malick** (*Indian American Muslim Council*)
**Opening Remarks:** M. R. Paul | **Panel Moderator:** Dr. Amrik Singh | **Introductions:** Bhajan Singh

*Social organizations backed by India's ruling political forces have recently sponsored Ghar Wapsi campaigns to "reconvert" South Asians minorities (Buddhists, Christians, Muslims, and Sikhs) to Brahmanism through coercion and legislation. Some are tempted to perceive this as a recent phenomenon, but its ideological support lies in ancient texts and thoughts of Hindu thinkers and interpreters. Their writings provide a framework for portraying perpetrators of violence as the most humane, tolerant, and nonviolent actors.*

*This conference features scholars and activists who will question whether caste ideology has truly been abandoned by the supposed transformation of India into the world's largest democracy or if instead the democratic label has only disguised an authoritarian, autocratic, and totalitarian system that perpetuates supremacism through a Brahminical model.*

*In order to defend universal human dignity and the equal value of all human beings, this conference will offer voices in response to the twisted ideology and enforced social practice of casteism — a worldview in which some humans are considered superior and others inferior.*

## Hosted in collaboration with —

MULNIVASI SANGH | ofmi organization for minorities of India | IAMC PEACE JUSTICE PLURALISM

*NO COST. OPEN TO ALL. TEA AND DINNER WILL BE SERVED.*

ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ 'ਤੇ ਵਿਸ਼ੇਸ਼

# 'ਮਹਾਨ ਗਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ'



ਪ੍ਰੋ: ਐਚ. ਐਲ. ਕਪੂਰ
01- 916- 587-4002

ਭਾਰਤ ਜਦੋਂ ਵੀ ਆਪਣੇ ਆਜ਼ਾਦ ਹੋਣ 'ਤੇ ਮਾਣ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਹਨਾਂ ਮਹਾਂ-ਪੁਰਸ਼ਾਂ ਅੱਗੇ ਝੁਕਦਾ ਹੈ, ਜਿਨ੍ਹਾਂ ਨੇ ਦੇਸ਼ ਪ੍ਰੇਮ ਦੇ ਰਾਹ 'ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ 'ਚ ਹਜ਼ਾਰਾਂ ਅਜਿਹੇ ਨੌਜਵਾਨ ਵੀ ਸਨ ਜਿਹਨਾਂ ਨੇ ਤਾਕਤ ਦੇ ਬਲ 'ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ 'ਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਦੇ ਪ੍ਰਮੁੱਖ ਕ੍ਰਾਂਤੀਕਾਰੀਆਂ 'ਚੋਂ 'ਗਦਰ ਲਹਿਰ' ਦੇ ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ ਸਰਦਾਰ ਹਰਨਾਮ ਸਿੰਘ 'ਟੁੰਡੀਲਾਟ' ਦਾ ਨਾਂ ਜ਼ਰੂਰ ਲਿਆ ਜਾਂਦਾ ਹੈ।

ਸਰਦਾਰ ਹਰਨਾਮ ਸਿੰਘ ਟੁੰਡੀਲਾਟ ਨੇ ਦੇਸ਼ ਦੇ ਨੌਜਵਾਨਾਂ 'ਚ ਊਰਜਾ ਦਾ ਐਸਾ ਗਵਾਰ ਭਰਿਆ ਕਿ ਵਿਦੇਸ਼ੀ ਹਕੂਮਤ ਨੂੰ ਭਾਰਤ ਦੇ ਨੌਜਵਾਨਾਂ ਤੋਂ ਡਰ ਲੱਗਣ ਲੱਗ ਪਿਆ। ਹੱਥ ਜੋੜ ਕੇ ਬੇਨਤੀ ਕਰਨ ਦੀ ਥਾਂ, ਲੋਹੇ ਨਾਲ ਲੋਹਾ ਟਕਰਾਅ ਕੇ, ਅੱਗ ਨਾਲ ਅਜ਼ਾਦੀ ਦੀ ਲੜਾਈ 'ਚ ਕੁੱਦਣ ਵਾਲੇ ਸਰਦਾਰ ਹਰਨਾਮ ਸਿੰਘ ਟੁੰਡੀਲਾਟ ਦੀ ਦਲੇਰੀ ਦੀ ਕਹਾਣੀ ਅੱਜ ਵੀ ਸਾਡੇ ਅੰਦਰ ਦੇਸ਼ ਭਗਤੀ ਦੀ ਅੱਗ ਲਾਉਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਅਗਰ ਉਸ ਸਮੇਂ ਦੇਸ਼ ਦੇ ਵੱਡੇ ਨੇਤਾ ਵੀ ਇਹਨਾਂ ਦਾ ਸਾਥ ਦਿੰਦੇ ਤਾਂ ਦੇਸ਼ ਕੋਈ ਹੋਰ ਸੌ ਸਾਲ ਪਹਿਲਾਂ ਆਜ਼ਾਦ ਹੋ ਗਿਆ ਹੁੰਦਾ ਤੇ ਉਸ ਸਮੇਂ ਹੋਰ ਮਾਣ ਮਹਿਸੂਸ ਕਰਦੇ ਪ੍ਰੰਤੂ ਦੇਸ਼ ਦੇ ਇਸ ਮਹਾਨ ਕ੍ਰਾਂਤੀਕਾਰੀ ਨੇ ਆਪਣਾ ਸਾਰਾ ਜੀਵਨ ਦੇਸ਼ ਆਜ਼ਾਦ ਕਰਾਉਣ ਦੀ ਖਾਤਰ ਲੰਮਾ ਸਮਾਂ ਦੇਸ਼ ਦੀਆਂ ਕਈ ਜੇਲ੍ਹਾਂ 'ਚ ਬਿਤਾਇਆ। ਅੱਜ ਦੇ ਨੇਤਾ ਜਿਹੜੇ ਕਿ ਛੱਲ-ਕਪਟ ਦੀ ਨੀਤੀ ਨਾਲ ਰਾਜਨੀਤੀ 'ਚ ਆ ਕੇ, ਦੇਸ਼ ਸੇਵਾ ਨਹੀਂ, ਸਗੋਂ ਇਸ ਨੂੰ ਵਿਉਪਾਰ ਤੇ ਪੈਸਾ ਕਮਾਉਣ ਦਾ ਵਧੀਆ ਧੰਦਾ ਸਮਝਦੇ ਹਨ, ਨੂੰ ਸਰਦਾਰ ਹਰਨਾਮ ਸਿੰਘ ਜੀ ਟੁੰਡੀਲਾਟ ਵਰਗੀਆਂ ਮਹਾਨ ਸ਼ਖਸੀਅਤਾਂ ਤੋਂ, ਚੰਗੇ ਆਦਰਸ਼ਾਂ ਦੀ, ਪ੍ਰੇਰਨਾ ਲੈਣ ਦੀ ਜ਼ਰੂਰਤ ਹੈ।

ਮਹਾਨ ਕ੍ਰਾਂਤੀਕਾਰੀ ਸਰਦਾਰ ਹਰਨਾਮ ਸਿੰਘ ਜੀ ਟੁੰਡੀਲਾਟ ਦਾ ਜਨਮ 11 ਮਾਰਚ 1882 ਨੂੰ ਪਿਤਾ ਸਰਦਾਰ ਗੁਰਦਿੱਤ ਸਿੰਘ ਜੀ ਦੇ ਘਰ, ਪਿੰਡ ਕੋਟਲਾ ਨੌਧ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਵਿਖੇ ਹੋਇਆ। ਉਹਨਾਂ ਦੇ ਪਿਤਾ ਖੇਤੀਬਾੜੀ ਦਾ ਕਿੱਤਾ ਕਰਦੇ ਸਨ। ਉਨ੍ਹਾਂ ਨੂੰ ਪਿੰਡ ਦੀ ਧਰਮਸ਼ਾਲਾ 'ਚ ਗੁਰਮੁਖੀ ਸਿੱਖਣ ਲਈ ਲਗਾਇਆ ਤੇ ਜਦੋਂ ਉਹ ਵੱਡੇ ਹੋਏ ਤਾਂ ਉਹ ਭਾਰਤੀ ਸੈਨਾ 'ਚ ਭਰਤੀ ਹੋ ਗਏ। ਜੁਲਾਈ 12, 1906 ਨੂੰ ਉਹ ਕੈਨੇਡਾ ਨੂੰ ਪ੍ਰਵਾਸ ਕਰ ਗਏ ਤੇ ਉਥੋਂ ਦਸੰਬਰ 1909 ਨੂੰ ਅਮਰੀਕਾ ਆ ਗਏ।

ਇੱਥੇ ਆ ਕੇ ਉਨ੍ਹਾਂ ਨੇ ਬਰਾਈਡਲਵਿਲੇ ਜਿਹੜਾ ਕਿ ਔਰੇਗਨ ਵਿਖੇ ਸਥਿਤ ਹੈ 'ਚ ਇਕ ਲੱਕੜ ਦੇ ਕਾਰਖ਼ਾਨੇ 'ਚ ਕੰਮ ਕੀਤਾ। ਉਨ੍ਹਾਂ ਨੇ ਪੋਰਟਲੈਂਡ ਵਿਖੇ ਭਾਰਤੀ ਪ੍ਰਵਾਸੀਆਂ ਦੀ 1912 ਦੇ ਆਰੰਭ 'ਚ ਹੋਈ ਮੀਟਿੰਗ 'ਚ ਸ਼ਾਮਲ ਹੋਏ। ਇਹ ਮੀਟਿੰਗ ਪੈਸੀਫਿਕ ਕੋਸਟ ਲਈ ਹਿੰਦੁਸਤਾਨੀ ਕਾਮਿਆਂ ਦੀ ਇਕ ਸਭਾ ਬਣਾਉਣ ਲਈ ਹੋਈ ਸੀ, ਜਿਸ ਦਾ ਦੁਬਾਰਾ ਨਾਮ 'ਹਿੰਦੀ ਪੈਸੀਫਿਕ ਕੋਸਟ ਐਸੋਸੀਏਸ਼ਨ' ਰੱਖਿਆ ਗਿਆ ਪਰ ਇਸ ਦੀ ਜ਼ਿਆਦਾ ਮਸ਼ਹੂਰੀ 'ਗਦਰ ਪਾਰਟੀ' ਦੇ ਵਜੋਂ ਹੀ ਹੋਈ। ਇਸ ਸਭਾ ਦੀ ਪਹਿਲੀ ਮੀਟਿੰਗ 31 ਮਾਰਚ, 1913 ਨੂੰ ਬਰਾਈਡਲ ਵਿਲੇ ਵਿਖੇ ਹੋਈ, ਜਿੱਥੇ ਕਿ ਉਥੇ ਦੀ ਲੋਕਲ ਬਰਾਂਚ ਦੇ ਸਰਦਾਰ ਹਰਨਾਮ ਸਿੰਘ ਜੀ ਨੂੰ ਸਕੱਤਰ ਚੁਣ ਲਿਆ ਗਿਆ। ਮਿਤੀ 31 ਦਸੰਬਰ, 1913 ਨੂੰ ਇਸ ਸਭਾ ਦੀ ਸੈਕਰਾਮੈਂਟੋ ਵਿਖੇ ਹੋਈ ਮੀਟਿੰਗ 'ਚ ਇਹ ਫੈਸਲਾ ਵੀ ਲਿਆ ਗਿਆ ਕਿ ਪਾਰਟੀ ਦਾ ਕੋਈ ਹਫ਼ਤਾਵਾਰ ਅਖ਼ਬਾਰ ਸ਼ੁਰੂ ਕੀਤਾ ਜਾਵੇ ਤੇ ਫਿਰ ਜਲਦ ਹੀ ਇਕ ਕ੍ਰਾਂਤੀਕਾਰੀ 'ਗਦਰ' ਨਾਮ ਦਾ ਅਖ਼ਬਾਰ ਉਰਦੂ, ਪੰਜਾਬੀ, ਹਿੰਦੀ ਤੇ ਹੋਰ ਕਈ ਭਾਰਤੀ ਭਾਸ਼ਾਵਾਂ 'ਚ ਸ਼ੁਰੂ ਕਰ ਦਿੱਤਾ ਗਿਆ। ਗਦਰ ਅਖ਼ਬਾਰ ਦਾ ਪਹਿਲਾ ਅੰਕ ਉਰਦੂ ਭਾਸ਼ਾ 'ਚ 1 ਨਵੰਬਰ, 1913 ਨੂੰ ਛਾਪਿਆ ਗਿਆ ਤੇ ਇਸ ਦਾ ਪੰਜਾਬੀ ਭਾਸ਼ਾ 'ਚ ਅੰਕ ਜਨਵਰੀ 1914 ਨੂੰ ਛਾਪਿਆ ਗਿਆ। ਇਸ ਅਖ਼ਬਾਰ ਦੇ ਆਰੰਭਕ ਸੰਪਾਦਕ ਲਾਲਾ ਹਰਦਿਆਲ ਜੀ ਸਨ ਤੇ ਸਰਦਾਰ ਕਰਤਾਰ ਸਿੰਘ ਤੇ ਸ੍ਰੀ ਰਘੂਬੀਰ ਦਿਆਲ ਸਹਾਇਕ ਸੰਪਾਦਕ ਸਨ। ਇਸ ਪਿੱਛੋਂ ਸਰਦਾਰ ਹਰਨਾਮ ਸਿੰਘ ਤੇ ਕੁਝ ਹੋਰ ਮੈਂਬਰਾਂ ਨੂੰ ਅਖ਼ਬਾਰ ਦੇ ਸੰਪਾਦਕੀ ਬੋਰਡ ਦੇ ਮੈਂਬਰ ਨਿਯੁਕਤ ਕਰ ਦਿੱਤਾ। ਸਰਦਾਰ ਹਰਨਾਮ ਸਿੰਘ ਜੀ ਨੇ ਇਸ ਅਖ਼ਬਾਰ ਲਈ ਪੰਜਾਬੀ 'ਚ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਲਿਖੀਆਂ ਜਾਂਦੀਆਂ ਇਹ ਕਵਿਤਾਵਾਂ ਦੇਸ਼ ਭਗਤੀ ਦੀ ਚਿਣਗ ਲਾਉਣ ਲਈ ਹੁੰਦੀਆਂ ਸਨ। ਸਰਦਾਰ ਹਰਨਾਮ ਸਿੰਘ ਜੀ ਨੇ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਲਾਲਾ ਹਰਦਿਆਲ ਜੀ ਦੇ ਅੰਗ ਰੱਖਿਅਕ ਵਜੋਂ ਵੀ ਜ਼ਿੰਮੇਵਾਰੀ ਨਿਭਾਈ।

ਅਪ੍ਰੈਲ 1914 'ਚ ਆਪਣੇ ਦੇਸ਼ ਲਈ ਕ੍ਰਾਂਤੀਕਾਰੀ ਗਤੀਵਿਧੀਆਂ ਕਰਨ ਕਾਰਣ ਤੇ ਵਿਦਰੋਹ ਨੂੰ ਭੜਕਾਉਣ ਵਾਲਾ ਗਦਰ ਅਖਬਾਰ 'ਚ ਸਾਹਿਤ ਲਿਖਣ ਕਾਰਣ ਸ੍ਰੀ ਲਾਲਾ ਹਰਦਿਆਲ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਲਾਲਾ ਜੀ ਨੂੰ ਅਮਰੀਕਾ ਛੱਡ ਜਾਣ ਦੇ ਹੁਕਮ ਜਾਰੀ ਕਰ ਦਿੱਤੇ। 'ਯੁਗਾਂਤਰ ਆਸ਼ਰਮ' ਜਿਸ ਦਾ ਮੁੱਖ ਦਫ਼ਤਰ ਸੈਨ ਫਰਾਂਸਿਸਕੋ ਵਿਖੇ ਸੀ, ਪਾਰਟੀ ਦਾ ਕੰਮ ਚਲਾਉਣ ਲਈ ਦੁਬਾਰਾ ਡਿਊਟੀਆਂ ਲਗਾਈਆਂ ਗਈਆਂ। ਸਰਦਾਰ ਹਰਨਾਮ ਸਿੰਘ ਜੀ ਨੂੰ ਗਦਰ ਅਖ਼ਬਾਰ ਦਾ ਸੰਪਾਦਕ ਥਾਪਿਆ ਗਿਆ ਤੇ ਉਨ੍ਹਾਂ ਨਾਲ ਚਾਰ ਹੋਰ ਮੈਂਬਰਾਂ ਨੂੰ ਸਹਾਇਕ ਦੇ ਤੌਰ 'ਤੇ ਲਾਇਆ ਗਿਆ। ਸੰਸਾਰ ਦਾ ਪਹਿਲਾ ਯੁੱਧ ਬਰਤਾਨੀਆ ਤੇ ਜਰਮਨ ਵਿਚਕਾਰ ਸਿਖਰਾਂ 'ਤੇ ਸੀ ਤੇ ਇਸ ਦੇ ਬੰਦ ਹੋਣ ਦੀ ਗੱਲਬਾਤ ਅਜੇ ਲਟਕੀ ਹੋਈ ਸੀ ਤੇ ਗਦਰ ਪਾਰਟੀ ਨੇ ਭਾਰਤ 'ਚ ਗਦਰ ਕਰਨ ਦੀ ਆਪਣੀ ਯੋਜਨਾ ਨੂੰ ਆਖਰੀ ਅੰਜਾਮ ਦੇ ਦਿੱਤਾ ਸੀ ਕਿਉਂਕਿ ਬਰਤਾਨੀਆ ਯੂਰਪ ਦੇ ਪਹਿਲੇ ਸੰਸਾਰ ਯੁੱਧ 'ਚ ਉਲਝਿਆ ਹੋਇਆ ਸੀ ਤੇ ਉਸਨੇ ਆਪਣੀ ਸਾਰੀ ਤਾਕਤ ਇਸ ਸੰਸਾਰ ਯੁੱਧ 'ਚ ਝੋਕੀ ਹੋਈ ਸੀ ਤੇ ਗਦਰ ਪਾਰਟੀ ਇਸ ਮੌਕੇ ਦਾ ਪੂਰਾ ਲਾਭ ਉਠਾਉਣਾ ਚਾਹੁੰਦੀ ਸੀ। ਉਸ ਸਮੇਂ ਸਰਦਾਰ ਊਧਮ ਸਿੰਘ ਕਸੇਲ ਜੀ ਨੇ ਗਦਰ ਪਾਰਟੀ ਦੇ ਮੈਂਬਰਾਂ ਨੂੰ, ਜੋ ਆਪਣੀ ਇੱਛਾ ਅਨੁਸਾਰ ਫੌਜੀ ਟ੍ਰੇਨਿੰਗ ਲੈਣੀ ਚਾਹੁੰਦੇ ਸਨ, ਨੂੰ ਫੌਜੀ ਟ੍ਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ। ਸਰਦਾਰ ਕਰਤਾਰ ਸਿੰਘ ਸਰਾਭਾ ਨੇ ਪੂਰਬੀ ਤੱਟ 'ਤੇ ਸਥਿਤ ਇਕ ਸੈਂਟਰ 'ਚ ਪਾਇਲਟ-ਕਾਮ-ਏਅਰ ਕਰਾਫਟ ਮਕੈਨਿਕ ਦੀ ਟ੍ਰੇਨਿੰਗ ਲੈਣੀ ਆਰੰਭ ਕਰ ਦਿੱਤੀ। ਸਰਦਾਰ ਹਰਨਾਮ ਸਿੰਘ ਨੇ ਆਪਣੇ ਇਕ ਅਮਰੀਕੀ ਦੋਸਤ ਤੋਂ ਬੰਬ ਬਣਾਉਣ ਦੀ ਟ੍ਰੇਨਿੰਗ ਲੈਣੀ ਸ਼ੁਰੂ ਕਰ ਦਿੱਤੀ।



ਇਸ ਟ੍ਰੇਨਿੰਗ ਦੇ ਦੌਰਾਨ ਮਿਤੀ 5 ਜੁਲਾਈ 1914 ਨੂੰ ਬੰਬ ਦਾ ਤਜਰਬਾ ਕਰਦੇ ਸਮੇਂ, ਬੰਬ ਫਟ ਗਿਆ ਤੇ ਸਰਦਾਰ ਹਰਨਾਮ ਸਿੰਘ ਜੀ ਦਾ ਹੱਥ ਉੱਡ ਗਿਆ ਤੇ ਉਸ ਦੇ ਨੁਕਸਾਨੇ ਗਏ ਹੱਥ ਨੂੰ, ਖੱਬੀ ਬਾਂਹ ਦੇ ਗੁੱਟ ਨੇੜਿਉਂ, ਡਾਕਟਰਾਂ ਨੇ ਕੱਟ ਦਿੱਤਾ ਤੇ ਉਸ ਦੇ ਦੋਸਤਾਂ ਨੇ ਉਸ ਦਾ ਨਵਾਂ ਨਾਮ 'ਟੁੰਡੀਲਾਟ' ਰੱਖ ਦਿੱਤਾ ਕਿਉਂਕਿ ਐਂਗਲੋ ਸਿੱਖ ਯੁੱਧ 1844-48 ਦੇ ਦੌਰਾਨ, ਭਾਰਤ ਦਾ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਸੀ, ਉਸ ਦੀ ਵੀ ਇਕ ਬਾਂਹ ਨਿਪੋਲੀਅਨ ਦੀਆਂ ਜੰਗਾਂ ਦੇ ਦੌਰਾਨ ਕੱਟੀ ਗਈ ਸੀ ਤੇ ਪੰਜਾਬ ਦੇ ਲੋਕਾਂ ਨੇ ਉਸਦੀ ਬਾਂਹ ਕੱਟੀ ਹੋਈ ਹੋਣ ਕਾਰਨ, ਉਸ ਦਾ ਨਾਮ 'ਟੁੰਡੀਲਾਟ' ਰੱਖਿਆ ਹੋਇਆ ਸੀ, ਠੀਕ ਇਸੇ ਤਰ੍ਹਾਂ ਹੀ ਸਰਦਾਰ ਹਰਨਾਮ ਸਿੰਘ ਦੀ ਬਾਂਹ ਕੱਟੀ ਜਾਣ ਕਰਕੇ, ਉਸ ਦੇ ਸਾਥੀਆਂ ਨੇ ਉਹਨਾਂ ਦਾ ਨਾਮ ਵੀ 'ਟੁੰਡੀਲਾਟ' ਰੱਖ ਦਿੱਤਾ ਸੀ।

ਜਿਉਂ ਹੀ ਪਹਿਲਾ ਸੰਸਾਰ ਯੁੱਧ ਮਿਤੀ 25 ਜੁਲਾਈ 1914 ਨੂੰ ਖਤਮ ਹੋਇਆ, ਗਦਰ ਪਾਰਟੀ ਨੇ ਆਪਣੇ ਪਾਰਟੀ ਮੈਂਬਰਾਂ ਤੇ ਹਮਦਰਦਾਂ ਨੂੰ ਆਦੇਸ਼ ਦਿੱਤਾ ਕਿ ਉਹ ਜਲਦੀ, ਗਦਰ ਕਰਵਾਉਣ ਲਈ ਭਾਰਤ ਚਲੇ ਜਾਣ। ਸਰਦਾਰ ਹਰਨਾਮ ਸਿੰਘ ਆਪਣੇ ਸਾਥੀਆਂ ਸਮੇਤ ਕਲੰਬੂ ਤੋਂ ਹੁੰਦਾ ਹੋਇਆ 24 ਦਸੰਬਰ, 1914 ਨੂੰ ਪੰਜਾਬ ਪਹੁੰਚ ਗਿਆ ਤੇ ਗੇਰੂਏ ਰੰਗ ਦੇ ਕੱਪੜੇ ਪਹਿਨ ਕੇ, ਭੇਸ ਬਦਲ ਕੇ, ਗਦਰ ਪਾਰਟੀ ਦਾ 'ਗਦਰ' ਕਰਨ ਦਾ ਸੰਦੇਸ਼ ਦੇਣ ਲਈ ਦੁਆਬੇ ਦੇ ਪਿੰਡਾਂ 'ਚ ਲੋਕਾਂ ਨੂੰ ਤੇ ਆਪਣੀ ਪਾਰਟੀ ਦੇ ਮੈਂਬਰਾਂ ਨੂੰ ਮਿਲੇ। ਉਹ ਪਾਰਟੀ ਦਾ ਸੰਦੇਸ਼ ਦੇਣ ਲਈ ਭਾਰਤੀ ਫੌਜ 'ਚ, ਸਿਪਾਹੀਆਂ ਨੂੰ ਰਾਵਲਪਿੰਡੀ, ਬੰਨੂੰ, ਨੌਸ਼ਹਿਰਾ ਤੇ ਪਿਸ਼ਾਵਰ ਦੀਆਂ ਫੌਜੀ ਛਾਉਣੀਆਂ 'ਚ ਵੀ ਮਿਲਣ ਗਏ ਤੇ 21 ਫਰਵਰੀ 1915 ਨੂੰ ਫੌਜੀ ਛਾਉਣੀਆਂ 'ਚ ਵਿਦਰੋਹ ਕਰਨ ਦੀ ਮਿਤੀ ਵੀ ਨਿਸ਼ਚਿਤ ਕਰ ਲਈ, ਪ੍ਰੰਤੂ ਬਾਅਦ 'ਚ ਵਿਦਰੋਹ ਕਰਨ ਦੀ ਕੁਝ ਕਾਰਨਾਂ ਕਰਕੇ ਮਿਤੀ ਨੂੰ ਬਦਲ ਕੇ ਅਗਾਊਂ 19 ਫਰਵਰੀ, 1915 ਕਰ ਦਿੱਤਾ ਗਿਆ। ਇਸ ਯੋਜਨਾਂ ਦੀ ਸਾਰੀ ਜਾਣਕਾਰੀ ਇਕ ਗੱਦਾਰ ਕ੍ਰਿਪਾਲ ਸਿੰਘ, ਜੋ ਕਿ ਪੁਲਿਸ ਦਾ ਜਾਸੂਸ ਸੀ, ਨੇ ਪੁਲਿਸ ਨੂੰ ਦੇ ਦਿੱਤੀ। ਪੁਲਿਸ ਦੀ ਗ੍ਰਿਫਤਾਰੀ ਤੋਂ ਬਚਣ ਲਈ ਸਰਦਾਰ ਹਰਨਾਮ ਸਿੰਘ ਆਪਣੇ ਸਾਥੀਆਂ ਸਰਦਾਰ ਕਰਤਾਰ ਸਿੰਘ ਸਰਾਭਾ ਤੇ ਸਰਦਾਰ ਜਗਤ ਸਿੰਘ ਸੁਰਸਿੰਘ ਨਾਲ ਅਫ਼ਗਾਨਿਸਤਾਨ ਦੇ ਉੱਤਰੀ-ਪੂਰਬੀ ਇਲਾਕੇ 'ਚ ਬਚ ਕੇ ਸੁਰੱਖਿਅਤ ਨਿਕਲ ਜਾਣ 'ਚ ਸਫਲ ਹੋ ਗਏ ਤੇ ਉਥੇ ਅਫ਼ਗਾਨਿਸਤਾਨ 'ਚ ਰਫ਼ਿਊਜੀ ਸ਼ਰਨ ਮੰਗੀ ਪਰ ਸ਼ਰਨ ਨਾ ਮਿਲੀ ਤੇ ਉਥੇ ਹੀ ਅਗਲੀ ਯੋਜਨਾ ਬਣਾ ਲਈ ਕਿ ਹੁਣ ਅੱਗੇ ਕੀ ਕਰਨਾ ਹੈ?

ਉਹ ਵਾਪਿਸ 2 ਮਾਰਚ, 1915 ਨੂੰ ਵਿਲਸਨਪੁਰ ਦੇ ਚੱਕ ਨੰਬਰ 105 ਵਿਖੇ, ਇਕ ਫਾਰਮ 'ਤੇ ਜੋ ਕਿ ਸ਼ਾਹਪੁਰ (ਸਰ-ਗੋਧਾ) ਜ਼ਿਲ੍ਹੇ 'ਚ ਹੈ, ਵਿਖੇ ਪਹੁੰਚ ਗਏ। ਉਥੇ ਉਹ ਇਕ ਫੌਜੀ ਪੈਨਸ਼ਨਰ ਜਿਸ ਦਾ ਨਾਮ ਰਾਜਿੰਦਰ ਸਿੰਘ ਸੀ, ਦੇ ਪਾਸ ਰੁਕੇ। ਇਹ ਫੌਜੀ ਸਰਦਾਰ ਜਗਤ ਸਿੰਘ ਸੁਰਸਿੰਘ ਦੀ ਜਾਣ-ਪਛਾਣ ਵਾਲਾ ਸੀ ਕਿਉਂਕਿ ਉਹ ਵੀ ਇਕ ਸਾਬਕਾ ਫੌਜੀ ਸੀ। ਇਸ ਰਾਜਿੰਦਰ ਸਿੰਘ ਨੇ ਇਹਨਾਂ ਕ੍ਰਾਂਤੀਕਾਰੀਆਂ ਦੀ ਸਾਰੀ ਜਾਣਕਾਰੀ ਰਸਾਲਦਾਰ ਗੰਡਾ ਸਿੰਘ ਜੋ ਕਿ ਗਾਡੀਵਿੰਡ ਦਾ ਰਸਾਲਦਾਰ ਸੀ, ਨੂੰ ਦੱਸ ਕੇ ਪੁਲਿਸ ਤੋਂ ਛਾਪਾ ਪੁਆ ਕੇ ਗ੍ਰਿਫ਼ਤਾਰ ਕਰਵਾ ਦਿੱਤਾ। ਇਹਨਾਂ ਤਿੰਨਾਂ ਸਰਦਾਰ ਹਰਨਾਮ ਸਿੰਘ ਟੁੰਡੀਲਾਟ, ਸਰਦਾਰ ਕਰਤਾਰ ਸਿੰਘ ਸਰਾਭਾ ਤੇ ਸਰਦਾਰ ਜਗਤ ਸਿੰਘ ਸੁਰਸਿੰਘ ਨੂੰ ਗ੍ਰਿਫ਼ਤਾਰ ਕਰਕੇ ਪੁਲਿਸ ਸੈਂਟਰਲ ਜੇਲ੍ਹ ਲਾਹੌਰ ਵਿਖੇ ਲੈ ਗਈ। ਇੱਥੇ ਇਹਨਾਂ ਤੇ ਪਹਿਲਾਂ ਲਾਹੌਰ ਸਾਜ਼ਿਸ਼ ਕੇਸ ਚਲਾਇਆ ਗਿਆ। ਫਿਰ ਡੀਫੈਂਸ ਆਫ ਇੰਡੀਆ ਐਕਟ 1914 ਦੀ ਧਾਰਾ ਦੇ ਤਹਿਤ ਸਪੈਸ਼ਲ ਟ੍ਰਿਬਿਊਨਲ ਬਣਾ ਕੇ ਕੇਸ 26 ਅਪ੍ਰੈਲ 1915 ਨੂੰ ਚਲਾਇਆ ਗਿਆ ਤੇ ਇਸ ਦਾ ਫੈਸਲਾ 13 ਸਤੰਬਰ 1915 ਨੂੰ ਸੁਣਾਇਆ ਗਿਆ। ਇਸ 'ਚ ਸਰਦਾਰ ਹਰਨਾਮ ਸਿੰਘ ਟੁੰਡੀਲਾਟ ਨੂੰ ਉਹਨਾਂ ਦੇ 24 ਸਾਥੀਆਂ ਸਮੇਤ, ਜਿਹਨਾਂ 'ਚ ਸਰਦਾਰ ਕਰਤਾਰ ਸਿੰਘ ਸਰਾਭਾ, ਸਰਦਾਰ ਜਗਤ ਸਿੰਘ ਸੁਰਸਿੰਘ ਤੇ ਵਿਸ਼ਨੂੰ ਗਣੇਸ਼ ਪਿੰਗਲੇ ਵੀ ਸ਼ਾਮਲ ਸਨ, ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਤੇ ਇਹਨਾਂ ਦੀ ਸਾਰੀ ਜਾਇਦਾਦ ਵੀ ਕੁਰਕ ਕਰਨ ਦੇ ਹੁਕਮ ਜਾਰੀ ਕੀਤੇ ਗਏ।

ਇਹਨਾਂ ਗਦਰੀ ਲੀਡਰਾਂ ਨੇ ਅਗਲੀ ਅਦਾਲਤ 'ਚ ਅਪੀਲ ਕਰਨ ਤੋਂ ਇਨਕਾਰ ਕਰ ਦਿੱਤਾ ਪ੍ਰੰਤੂ ਵਾਇਸਰਾਏ ਨੇ ਆਪਣੀ ਮਰਜ਼ੀ ਨਾਲ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰ ਦਿੱਤਾ। ਇਹ ਰਿਆਇਤ ਸਿਰਫ ਇਹਨਾਂ ਵਿਚੋਂ 17 ਗਦਰੀਆਂ ਨੂੰ ਹੀ ਮਿਲੀ ਜਿਹਨਾਂ ਵਿਚ ਸਰਦਾਰ ਹਰਨਾਮ ਸਿੰਘ ਟੁੰਡੀਲਾਟ ਵੀ ਸ਼ਾਮਲ ਸਨ। ਸਰਦਾਰ ਹਰਨਾਮ ਸਿੰਘ ਟੁੰਡੀਲਾਟ ਨੇ ਛੇ ਸਾਲ ਅੰਡੇਮਾਨ ਜੇਲ੍ਹ 'ਚ, ਨੌਂ ਸਾਲ ਦੂਜੀਆਂ ਜੇਲ੍ਹਾਂ 'ਚ ਜਿਵੇਂ ਮਦਰਾਸ, ਪੂਨਾ, ਬੰਬਈ ਤੇ ਮਿੰਟਗੁਮਰੀ 'ਚ ਕੈਦ ਕੱਟੀ ਤੇ ਸਰਕਾਰ ਨੇ 15 ਸਤੰਬਰ, 1930 ਨੂੰ ਉਹਨਾਂ ਦੀ ਸਿਹਤ ਠੀਕ ਨਾ ਹੋਣ ਕਾਰਨ, ਮੈਡੀਕਲ ਗਰਾਊਂਡ 'ਤੇ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ। ਉਹਨਾਂ ਨੇ 1941 ਤੋਂ 1945 ਤੱਕ ਦਾ ਸਮਾਂ ਫਿਰ ਦੇਸ਼ ਨੂੰ ਆਜ਼ਾਦ ਕਰਾਉਣ ਦੇ ਸੰਘਰਸ਼ 'ਚ ਜੇਲ੍ਹ 'ਚ ਗੁਜ਼ਾਰੇ। ਉਹਨਾਂ ਨੇ 1947 'ਚ ਦੇਸ਼ ਦੇ ਬਟਵਾਰੇ ਸਮੇਂ ਹੋਏ ਮਜ਼ਹਬੀ ਦੰਗਿਆਂ 'ਚ ਆਪਣੇ ਪਿੰਡ ਤੇ ਇਲਾਕੇ ਦੇ ਮੁਸਲਮਾਨਾਂ ਦੀ ਰੱਖਿਆ ਕੀਤੀ ਤੇ ਉਹਨਾਂ ਨੂੰ ਰਫ਼ਿਊਜੀ ਕੈਂਪਾਂ 'ਚ ਸਹੀ ਸਲਾਮਤ ਪਹੁੰਚਾਇਆ। ਸਰਦਾਰ ਹਰਨਾਮ ਸਿੰਘ ਜੀ ਟੁੰਡੀਲਾਟ ਦੀ 18 ਸਤੰਬਰ 1962 ਨੂੰ ਥੋੜ੍ਹਾ ਸਮਾਂ ਬਿਮਾਰ ਰਹਿਣ ਕਾਰਨ, ਦੇਸ਼ ਦੇ ਇਸ ਮਹਾਨ ਕ੍ਰਾਂਤੀਕਾਰੀ ਦੀ ਮੌਤ ਹੋ ਗਈ।

ਸਰਦਾਰ ਹਰਨਾਮ ਸਿੰਘ ਜੀ ਟੁੰਡੀਲਾਟ ਇਕ ਪ੍ਰਗਤੀਵਾਦੀ ਕ੍ਰਾਂਤੀਕਾਰੀ ਕਵੀ ਵੀ ਸਨ ਤੇ ਉਹਨਾਂ ਨੇ ਉੱਚ ਪਾਏ ਦੀ ਵਾਰਤਕ ਵੀ ਲਿਖੀ। ਉਹਨਾਂ ਦੀਆਂ ਕਵਿਤਾਵਾਂ ਦੇ ਤਿੰਨ ਕਾਵਿ ਸੰਗ੍ਰਹਿ 'ਹਰਨਾਮ ਲਫੇੜਾਂ', 'ਕੁਰੀਤੀ ਸੁੱਧ-ਸਲਾਰ' ਤੇ 'ਹਰਨਾਮ ਸੰਦੇਸ਼' ਵੀ ਛੱਪ ਚੁੱਕੇ ਹਨ। ਉਹਨਾਂ ਦੀਆਂ ਵਾਰਤਕ ਦੀਆਂ ਪੁਸਤਕਾਂ, 'ਸੱਚਾ ਇਹ ਸੌਦਾ', 'ਇਖਲਾਕ ਤੇ ਮਜ਼ਹਬ' ਪੰਜਾਬੀ 'ਚ ਤੇ 'ਮਜ਼ਹਬ ਤੇ ਇਨਸਾਨੀਅਤ' ਉਰਦੂ 'ਚ ਛਪ ਚੁੱਕੇ ਹਨ।

ਅੱਜ ਅਸੀਂ ਆਜ਼ਾਦ ਹਾਂ। ਭਾਰਤ ਨੂੰ ਅੰਗਰੇਜ਼ਾਂ ਤੋਂ 1947 'ਚ ਆਜ਼ਾਦੀ ਮਿਲੀ ਸੀ ਲੇਕਿਨ ਇਹ ਆਜ਼ਾਦੀ ਬੜੀਆਂ ਮੁਸ਼ਕਿਲਾਂ ਨਾਲ ਮਿਲੀ ਸੀ। ਇਸ ਆਜ਼ਾਦੀ ਦਾ ਅਸੀਂ ਬਹੁਤ ਵੱਡਾ ਮੁੱਲ ਵੀ ਚੁਕਾਇਆ ਹੈ। ਅੱਜ ਇਸ ਰਾਸ਼ਟਰੀ ਤੇ ਅੰਤਰ ਰਾਸ਼ਟਰੀ 'ਗਦਰ ਅੰਦੋਲਨ ਨੂੰ ਕਈ ਇਤਿਹਾਸਕਾਰ ਤੇ ਜਥੇਬੰਦੀਆਂ, ਭਾਰਤ ਦੀ ਆਜ਼ਾਦੀ ਲਈ ਲੜੀ ਗਈ ਇਸ ਹਥਿਆਰਬੰਦ ਲੜਾਈ ਨੂੰ ਨਿਰੋਲ 'ਸਿੱਖ ਲਹਿਰ' ਦੀ ਸੰਗਿਆ ਦੇ ਕੇ ਦੇਖਣ ਤੇ ਕਹਿਣ ਲੱਗ ਪਏ ਹਨ, ਜਿਸ ਨੂੰ ਕਦੀ ਵੀ ਤੇ ਕਿਸੇ ਵੀ ਤਰ੍ਹਾਂ ਇਤਿਹਾਸਕ ਸਚਾਈ ਤੇ ਯਥਾਰਥ ਨਹੀਂ ਮੰਨਿਆ ਜਾ ਸਕਦਾ। ਹਾਂ, ਇਹ ਗੱਲ ਜ਼ਰੂਰ ਦਰੁੱਸਤ ਹੈ ਕਿ ਇਸ 'ਗਦਰ ਅੰਦੋਲਨ' 'ਚ ਭਾਰਤ ਨੂੰ ਆਜ਼ਾਦ ਕਰਾਉਣ ਲਈ, ਪੰਜਾਬੀ ਸਿੱਖ ਨੌਜਵਾਨ ਯੋਧਿਆਂ ਦੀਆਂ ਕੁਰਬਾਨੀਆਂ ਦੇਣ ਦੀ ਗਿਣਤੀ, ਬਾਕੀ ਸਭ ਵਰਗਾਂ ਦੇ ਯੋਧਿਆਂ ਨਾਲੋਂ ਸਭ ਤੋਂ ਜ਼ਿਆਦਾ ਹਨ। ਇਸ 'ਗਦਰ ਅੰਦੋਲਨ' 'ਚ ਭਾਰਤ ਨੂੰ ਆਜ਼ਾਦ ਕਰਾਉਣ ਲਈ, ਸਮੁੱਚੇ ਭਾਰਤ ਵਰਸ਼ ਤੇ ਵਿਦੇਸ਼ਾਂ 'ਚ ਰਹਿੰਦੇ ਸਭ ਵਰਗਾਂ ਦੇ ਹਜ਼ਾਰਾਂ ਲੋਕਾਂ ਨੇ ਹੱਸਦੇ-ਹੱਸਦੇ ਆਪਣੀ ਜਾਨ ਨਿਛਾਵਰ ਕੀਤੀ ਸੀ ਤੇ ਜੇਲ੍ਹਾਂ 'ਚ ਅੰਗਰੇਜ਼ਾਂ ਵੱਲੋਂ ਕੀਤੇ ਗਏ ਆਪਣੇ ਉਪਰ ਤਸ਼ੱਦਦ ਨੂੰ ਖਿੜੇ ਮੱਥੇ ਸਹਾਰਿਆ ਸੀ।

ਦੇਸ਼ ਦੇ ਅਜਿਹੇ ਨੌਜਵਾਨਾਂ ਵਿਚੋਂ ਸਰਦਾਰ ਹਰਨਾਮ ਸਿੰਘ ਜੀ ਟੁੰਡੀਲਾਟ ਸਿਰਮੌਰ ਹਨ। ਇਹਨਾਂ ਦਾ ਨਾਂ ਆਉਂਦਿਆਂ ਹੀ ਇਕ ਅਜਿਹੇ ਸੁਤੰਤਰਤਾ ਸੈਨਾਨੀ ਦਾ ਨਾਂ ਸਾਹਮਣੇ ਆਉਂਦਾ ਹੈ, ਜਿਸ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕ੍ਰਾਂਤੀ ਦਾ ਰਸਤਾ ਚੁਣਿਆ ਤੇ ਆਪਣੇ ਉਪਰ ਆਈਆਂ ਮੁਸੀਬਤਾਂ ਨੂੰ ਖਿੜੇ ਮੱਥੇ ਸਹਾਰਿਆ। ਇਹਨਾਂ ਨੇ ਸਮੁੱਚੇ ਭਾਰਤ ਵਰਸ਼ ਤੇ ਵਿਦੇਸ਼ਾਂ 'ਚ ਵੱਸਦੇ ਭਾਰਤੀਆਂ ਦੇ ਦਿਲਾਂ 'ਚ ਜੋ ਕ੍ਰਾਂਤੀ ਦੀ ਮਸ਼ਾਲ ਜਗਾਈ ਸੀ, ਉਸ ਨੂੰ ਅਦੁੱਤੀ ਮੰਨਿਆ ਜਾਂਦਾ ਹੈ। ਸਰਦਾਰ ਹਰਨਾਮ ਸਿੰਘ ਜੀ ਟੁੰਡੀਲਾਟ ਨੇ ਦੇਸ਼ ਦੀ ਆਜ਼ਾਦੀ ਲਈ ਕ੍ਰਾਂਤੀ ਦਾ ਰਸਤਾ ਹੀ ਸਭ ਤੋਂ ਵਧੀਆ ਮੰਨਿਆ ਤੇ ਖੁਦ ਵੀ ਇਸੇ ਰਸਤੇ ਤੇ ਸਦਾ ਚਲਦੇ ਰਹੇ। ਇਸ ਕਰਕੇ ਹੀ ਉਹਨਾਂ ਨੂੰ ਇਸ ਗਦਰ ਅੰਦੋਲਨ ਦੇ ਮਹਾਨ ਯੋਧੇ ਤੇ ਕ੍ਰਾਂਤੀਕਾਰੀ ਕਿਹਾ ਜਾਂਦਾ ਹੈ।

ਇੱਥੇ ਇਹ ਕਹਿਣਾ ਬੜਾ ਜ਼ਰੂਰੀ ਹੈ ਕਿ ਇਹਨਾਂ ਮਹਾਨ ਕ੍ਰਾਂਤੀਕਾਰੀਆਂ ਨੇ ਜਿਸ ਤਰ੍ਹਾਂ ਦਾ ਆਪਣੇ ਦੇਸ਼ ਨੂੰ ਸਿਰਜਣ ਦਾ ਸੁਪਨਾ ਲਿਆ ਸੀ, ਉਹ ਆਜ਼ਾਦੀ ਪ੍ਰਾਪਤ ਕਰ ਲੈਣ ਬਾਅਦ ਵੀ ਪੂਰਾ ਨਹੀਂ ਹੋਇਆ। ਅੱਜ ਭਾਰਤ ਦੇਸ਼ 'ਚ 40 ਪ੍ਰਤੀਸ਼ਤ ਦੇ ਕਰੀਬ ਲੋਕ ਗਰੀਬੀ ਰੇਖਾ ਤੋਂ ਹੇਠਾਂ ਆਪਣਾ ਜੀਵਨ ਬਸਰ ਕਰ ਰਹੇ ਹਨ ਤੇ ਉਹਨਾਂ ਨੂੰ ਮਸਾਂ ਇਕ ਡੰਗ ਦੀ ਰੋਟੀ ਨਸੀਬ ਹੁੰਦੀ ਹੈ।

'ਭ੍ਰਿਸ਼ਟਾਚਾਰੀ ਰਾਜਨੀਤਿਕ ਲੋਕ' ਅਤੇ 'ਆਪੇ ਬਣੇ ਰੱਬ ਦੇ ਠੇਕੇਦਾਰ' ਸਾਧ-ਫਕੀਰ, ਧਰਮਾਂ ਤੇ ਡੇਰਿਆਂ ਦੇ ਨਾਂ 'ਤੇ ਧਰਮ ਨੂੰ ਇਕ ਵਧੀਆ ਵਪਾਰ ਬਣਾ ਕੇ, ਦੋਹਾਂ ਹੱਥਾਂ ਨਾਲ ਦੇਸ਼ ਦੀ ਭੋਲੀ-ਭਾਲੀ ਜਨਤਾ ਨੂੰ ਗੁੰਮਰਾਹ ਤੇ ਮੂਰਖ ਬਣਾ ਕੇ, ਲੁੱਟ ਕੇ ਅਮੀਰ ਹੋਈ ਜਾ ਰਹੇ ਹਨ ਤੇ ਇਹੀ ਲੋਕ, ਲੋਕਾਂ ਦੀ ਵਿਗਿਆਨਕ ਸੋਚ ਬਣਨ 'ਚ ਵੱਡਾ ਰੋੜਾ ਬਣੀ ਬੈਠੇ ਹਨ।

ਅੱਜ ਅਜਿਹੇ ਲੋਕਾਂ ਦੇ ਖ਼ਿਲਾਫ਼ ਲਾਮਬੰਦ ਹੋਣ ਦਾ ਸਮਾਂ ਹੈ ਤਾਂ ਜੋ ਗਦਰੀ ਬਾਬਿਆਂ ਦੇ ਆਪਣੇ ਦੇਸ਼ ਪ੍ਰਤੀ ਸੰਜੋਏ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ। ਅੱਜਕਲ੍ਹ ਦੇ ਨੌਜਵਾਨਾਂ ਨੂੰ ਸਰਦਾਰ ਹਰਨਾਮ ਸਿੰਘ ਜੀ ਟੁੰਡੀਲਾਟ ਤੇ ਹੋਰ ਦੂਸਰੇ ਸ਼ਹੀਦ ਹੋਏ ਸਾਥੀਆਂ ਦੀਆਂ, ਪ੍ਰੇਰਨਾਦਾਇਕ ਕਹਾਣੀਆਂ ਜਾਨਣ ਤੇ ਕੁਰਬਾਨੀਆਂ ਦਾ ਇਤਿਹਾਸ ਸਮਝਾਉਣ ਦੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਜ਼ਰੂਰਤ ਹੈ। ਮੈਂ ਇਹਨਾਂ ਮਹਾਨ ਭਾਰਤੀ ਸਪੂਤਾਂ ਤੇ ਕ੍ਰਾਂਤੀਕਾਰੀ ਯੋਧਿਆਂ ਨੂੰ ਸਲਾਮ ਕਰਦਾ ਹਾਂ।

# ਕਬੂਤਰਾਂ ਤੋਂ ਹੋਏ ਝਗੜੇ 'ਚ ਪੁੱਤਰ ਜ਼ਖ਼ਮੀ , ਮਾਂ ਦੀ ਮੌਤ

**ਬਟਾਲਾ (ਨਰਿੰਦਰ ਬਰਨਾਲ)–** ਪਿੰਡ ਦਰਗਾਬਾਦ 'ਚ ਕਬੂਤਰਾਂ ਤੋਂ ਹੋਏ ਝਗੜੇ 'ਚ ਇੱਕ ਪੁੱਤਰ ਜ਼ਖ਼ਮੀ ਹੋ ਗਿਆ ਜਦਕਿ ਉਸ ਦੀ ਮਾਤਾ ਦੀ ਮੌਤ ਹੋ ਗਈ। ਸਥਾਨਕ ਸ਼ਹੀਦ ਸੁਖਵਿੰਦਰ ਸਿੰਘ ਸੈਣੀ ਕਮਿਊਨਟੀ ਸਿਹਤ ਕੇਂਦਰ 'ਚ ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਸੁਖਵਿੰਦਰ ਕੌਰ ਪੁੱਤਰੀ ਮਦਨ ਸਿੰਘ ਤੇ ਗੁਰੀਪ ਸਿੰਘ ਪੁੱਤਰ ਮਦਨ ਸਿੰਘ ਵਾਸੀ ਦਰਗਾਬਾਦ ਨੇ ਦੱਸਿਆ ਕਿ ਉਨ੍ਹਾਂ ਨੇ ਘਰ 'ਚ ਕਬੂਤਰ ਰੱਖੇ ਹੋਏ ਸਨ ਕਿ ਇਸ ਦੌਰਾਨ ਉਨ੍ਹਾਂ ਦੇ ਗੁਆਂਢੀ ਨੇ ਆ ਕੇ ਕਿਹਾ ਕਿ ਉਨ੍ਹਾਂ ਦਾ ਕਬੂਤਰ ਉਨ੍ਹਾਂ ਦੇ ਕਬੂਤਰਾਂ 'ਚ ਆ ਕੇ ਬੈਠ ਗਿਆ ਹੈ ਇਸ ਦੌਰਾਨ ਗੁਆਂਢੀ ਵੱਲੋਂ ਉਨ੍ਹਾਂ ਦੀ ਕੰਧ ਢਾਹ ਦਿੱਤੀ ਤੇ ਉਨ੍ਹਾਂ ਦੇ ਗੁਆਢੀਆਂ ਨੇ ਕੰਧ ਦੀਆਂ ਇੱਟਾਂ ਉਨ੍ਹਾਂ ਦੇ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਇੱਟਾਂ



ਗੁਰਦੀਪ ਸਿੰਘ ਦੇ ਮੂੰਹ 'ਤੇ ਵੱਜੀਆਂ ? ਗੁਰਦੀਪ ਸਿੰਘ ਅਤੇ ਸੁਖਵਿੰਦਰ ਕੌਰ ਨੇ ਦੱਸਿਆ ਕਿ ਇਸ ਦੌਰਾਨ ਉਨ੍ਹਾਂ ਦੀ ਮਾਤਾ ਹਰਜਿੰਦਰ ਕੌਰ ਵੀ ਮੌਕੇ 'ਤੇ ਮੌਜੂਦ ਸੀ, ਜੋ ਇੱਕਦਮ ਧਰਤੀ 'ਤੇ ਡਿੱਗ ਪਈ ਜਿਸ ਨੂੰ ਤੁਰੰਤ ਵਡਾਲਾ ਬਾਂਗਰ ਦੇ ਇੱਕ ਹਸਪਤਾਲ ਤੋਂ ਬਾਅਦ ਕਲਾਨੌਰ ਦੇ ਸਰਕਾਰੀ ਹਸਪਤਾਲ 'ਚ ਇਲਾਜ ਲਈ ਲਿਆਂਦਾ ਗਿਆ ਜਿਥੇ ਡਾਕਟਰਾਂ ਨੇ ਹਰਜਿੰਦਰ ਕੌਰ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਇਸ ਸੰਬੰਧੀ ਪੁਲਿਸ ਥਾਨਾਂ ਕੋਟਲੀ ਸੂਰਤ ਮੱਲ੍ਹੀ ਦੇ ਐਸ.ਐਚ.ਓ. ਸੁੱਚਾ ਸਿੰਘ ਬੱਲ ਵੀ ਕਲਾਨੌਰ ਹਸਪਤਾਲ 'ਚ ਪਹੁੰਚ ਗਏ ਓਧਰ ਮੌਕੇ 'ਤੇ ਡੀ.ਐਸ.ਪੀ. ਡੇਰਾ ਬਾਬਾ ਨਾਨਕ ਹਰਪਾਲ ਸਿੰਘ ਵੀ ਮੌਕੇ 'ਤੇ ਪਹੁੰਚੇ ਤੇ ਘਟਨਾਂ ਸੰਬੰਧੀ ਮ੍ਰਿਤਕ ਦੇ ਵਾਰਸਾਂ ਨਾਲ ਗੱਲਬਾਤ ਕੀਤੀ ਗਈ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੁਲਿਸ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

# ਭੁੱਲਰ ਨੂੰ ਪੈਰੋਲ ਦਿੱਤੇ ਜਾਣ ਦਾ ਜੇਲ੍ਹ ਵਿਭਾਗ ਨੇ ਕੀਤਾ ਵਿਰੋਧ

**ਚੰਡੀਗੜ੍ਹ–** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਪੈਰੋਲ ਉਤੇ ਰਿਹਾਅ ਕੀਤੇ ਜਾਣ ਸਬੰਧੀ ਸਿਆਸੀ ਦਬਾਅ ਵਧਣ ਦੇ ਬਾਵਜੂਦ ਪੰਜਾਬ ਜੇਲ੍ਹ ਵਿਭਾਗ ਨੇ ਰਾਇ ਦਿੱਤੀ ਹੈ ਕਿ ਇਸ ਮੌਕੇ ਉਸ ਨੂੰ ਪੈਰੋਲ ਨਹੀਂ ਦਿੱਤੀ ਜਾਣੀ ਚਾਹੀਦੀ, ਕਿਉਂਕਿ ਇਸ ਨਾਲ ਸੂਬੇ ਵਿੱਚ ਅਮਨ-ਕਾਨੂੰਨ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਉਚ ਪੱਧਰੀ ਸੂਤਰਾਂ ਨੇ ਦੱਸਿਆ ਕਿ ਇਸ ਸਾਬਕਾ ਖਾੜਕੂ ਨੂੰ ਪੈਰੋਲ ਦੇਣ ਸਬੰਧੀ ਭਾਵੇਂ ਹਾਲੇ ਤੱਕ ਕੋਈ ਅੰਤਿਮ ਫ਼ੈਸਲਾ ਨਹੀਂ ਹੋਇਆ ਪਰ ਇਸ ਖ਼ਿਲਾਫ਼ ਦੋ ਪੱਤਰ ਮਿਲਣ ਤੋਂ ਬਾਅਦ ਜੇਲ੍ਹ ਵਿਭਾਗ ਨੇ ਇਸ ਟਿੱਪਣੀ ਨਾਲ ਫਾਈਲ ਅੱਗੇ ਤੋਰ ਦਿੱਤੀ ਹੈ ਕਿ 'ਭੁੱਲਰ ਨੂੰ ਪੈਰੋਲ ਦੇਣ ਨਾਲ ਸੂਬੇ ਦੀ ਅਮਨ ਸ਼ਾਂਤੀ ਭੰਗ ਹੋ ਸਕਦੀ ਹੈ। ਇਸ ਫ਼ਾਈਲ ਨੂੰ ਵਿਚਾਰ ਲਈ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਕੋਲ ਭੇਜਿਆ ਜਾਵੇਗਾ।




# ਗੀਗਾ ਜਰਮਿਆ ਮੈਂ ਸੁਣਿਆ ਰਾਧਕੇ



ਡਾ. ਕਰਮਜੀਤ ਸਿੰਘ
91-98763-23862




'ਦੇਸ਼ ਸੇਵਕ' ਵਿਚ 'ਪੰਜਾਬੀ ਬੋਲੀ ਦੀ ਗੁਜਰਾਤੀ ਨਾਲ ਸਾਂਝ' ਲੇਖ ਪੜ੍ਹਦਿਆਂ ਬਹੁਤ ਸਾਰੇ ਤੱਥਾਂ ਬਾਰੇ ਚਾਨਣਾ ਹੋਇਆ। ਪਰ ਮੇਰੇ ਲਈ ਲੋਕਯਾਨ ਦੀ ਦ੍ਰਿਸ਼ਟੀ ਤੋਂ ਸਭ ਤੋਂ ਮਹੱਤਵਪੂਰਨ ਸ਼ਬਦ 'ਗੀਗਾ' ਸੀ ਜਿਸ ਦਾ ਅਰਥ ਲੇਖਕ ਨੇ ਨਵਜੰਮਿਆ ਬੱਚਾ ਕੀਤਾ ਹੈ। ਪੰਜਾਬ ਵਿਚ ਇਹ ਸ਼ਬਦ ਲੋਕ-ਗੀਤਾਂ ਵਿਚ ਤਾਂ ਉਪਲਬਧ ਹੈ ਪਰ ਆਮ ਬੋਲ-ਚਾਲ ਦੀ ਭਾਸ਼ਾ ਵਿਚ ਨਹੀਂ। ਗੁਜਰਾਤੀ ਵਿਚ ਨਵਜੰਮੀ ਲੜਕੀ ਲਈ 'ਗੀਗੀ' ਸ਼ਬਦ ਵੀ ਹੈ ਇਸ ਲਈ ਇਹ ਉਥੋਂ ਦੀ ਲੋਕ-ਬੋਲੀ ਦਾ ਸ਼ਬਦ ਹੈ। ਇਥੋਂ ਇਹ ਕਲਪਨਾ ਵੀ ਕੀਤੀ ਜਾ ਸਕਦੀ ਹੈ ਕਿ ਅਜਿਹੀਆਂ ਬਿਆਈਆਂ (ਜਨਮ ਦੇ ਗੀਤ) ਸ਼ਾਇਦ ਗੁਜਰਾਤੀ ਤੋਂ ਰੂਪਾਂਤਰਿਤ ਹੋ ਕੇ ਆਈਆਂ ਹਨ। ਖ਼ੈਰ ਇਹ ਤਾਂ ਤੁਲਨਾਤਮਕ ਅਧਿਐਨ ਤੋਂ ਬਾਦ ਹੀ ਦੱਸਣਾ ਸੰਭਵ ਹੋ ਸਕੇਗਾ ਪਰ ਹਾਲ ਦੀ ਘੜੀ ਇਸ ਸ਼ਬਦ ਨੇ ਸਾਨੂੰ ਕੁਝ ਜਨਮ ਦੇ ਗੀਤਾਂ ਉੱਪਰ ਚਰਚਾ ਕਰਨ ਲਈ ਪ੍ਰੇਰਿਤ ਕੀਤਾ ਹੈ।

ਭਾਵੇਂ ਜਨਮ ਗੀਤਾਂ ਵਿਚ ਕਲਪਨਾ ਦੀਆਂ ਉਡਾਰੀਆਂ ਰਿਸ਼ਤਿਆਂ ਦੇ ਕਈ ਪਾਸਾਰ ਸਾਡੇ ਸਾਹਮਣੇ ਆਉਂਦੇ ਹਨ ਪਰੰਤੂ ਇਨ੍ਹਾਂ ਉੱਪਰ ਵਿਚਾਰ ਕਰਦਿਆਂ ਇਸ ਤੱਥ ਤੋਂ ਆਸਾਨੀ ਨਾਲ ਪਿੱਛਾ ਨਹੀਂ ਛੁਡਾਇਆ ਜਾ ਸਕਦਾ ਕਿ ਇਹ ਗੀਤ ਕੇਵਲ ਮੁੰਡੇ ਦੇ ਜੰਮਣ ਉੱਪਰ ਹੀ ਗਾਏ ਜਾਂਦੇ ਹਨ। ਕੁੜੀ ਦੇ ਜੰਮਣ ਦਾ ਜ਼ਿਕਰ ਮਜ਼ਾਕ ਵਿਚ ਹੀ ਆਇਆ ਹੈ ਉਹ ਵੀ ਮੁੰਡੇ ਨਾਲ ਤੁਲਨਾ ਕਰਨ ਦੇ ਰੂਪ ਵਿਚ।

ਮੁੰਡਾ ਲੈ ਬਹਿਨੀ ਆਂ, ਪਲੰਘ 'ਤੇ ਬਹਿ ਰਹਿੰਨੀ ਆਂ,
ਕੁੜੀ ਲੈ ਬਹਿਨੀ ਆਂ, ਕ ਭੂੰਜੇ ਬਹਿ ਰਹਿੰਨੀ ਆਂ,
ਕੁੜੀ ਲੈ ਕੇ ਮੈਂ ਨਵਾਂ ਸੂਟ ਸਵਾਇਆ,
ਸਾਬਾਸ਼ੇ ਮੇਰੇ ਮਾਹੀਏ ਦੇ ਜਿਨ ਓਹ ਵੀ ਗਲੋਂ ਲੁਹਾਇਆ।

ਹਰਿਆਣਵੀ ਲੋਕ-ਗੀਤਾਂ ਵਿਚ ਸਥਿਤੀ ਹੋਰ ਵੀ ਮਾੜੀ ਹੈ। ਉਥੇ ਤਾਂ ਕੁੜੀ ਜੰਮਣ 'ਤੇ ਹਨੇਰ ਹੀ ਪੈ ਜਾਂਦਾ ਹੈ।

ਜਿਤ ਦਿਨ ਲਾਡੋ ਤੇਰਾ ਜਨਮ ਭਇਆ ਰੇ,
ਹੂਈ ਰੇ ਬੱਜਰ ਕੀ ਰਾਤ,
ਸੌ ਸੱਠ ਦੀਅਰੇ ਬਾਲ ਧਰੇ ਫਿਰ ਭੀ ਘੋਰ ਅੰਧੇਰ।

ਮਾੜੀ ਗੱਲ ਇਹ ਹੈ ਕਿ ਇਨ੍ਹਾਂ ਗੀਤਾਂ ਦੀ ਰਚਨਾਕਾਰ ਔਰਤ ਹੈ। ਉਸ ਨੇ ਮਰਦ ਪ੍ਰਧਾਨ ਸਮਾਜ ਦੀ ਗ਼ੁਲਾਮੀ ਇੰਨੀ ਆਤਮਸਾਤ ਕਰ ਲਈ ਹੈ ਕਿ ਉਹ ਆਪਣੀ ਧੀ ਪ੍ਰਤਿ ਅਜਿਹਾ ਕੁਝ ਸੋਚਣ ਤੇ ਸਿਰਜਣ ਤੋਂ ਗੁਰੇਜ਼ ਨਹੀਂ ਕਰਦੀ। ਇਸ ਪਾਸੇ ਸੋਚਣਾ ਬਣਦਾ ਹੈ।

ਇੱਥੇ ਅਸੀਂ ਦੋ ਗੀਤਾਂ ਨੂੰ ਆਹਮੋ-ਸਾਹਮਣੇ ਰੱਖ ਕੇ ਰਚਨਾਕਾਰਾਂ ਦੀਆਂ ਕਲਪਨਾ ਉਡਾਰੀਆਂ ਦੇ ਸੁਹਜ ਨੂੰ ਦੇਖਾਂਗੇ। ਗੀਗਾ ਜੰਮਿਆ ਤਾਂ 'ਜਾਇਦਾਦ ਦਾ ਵਾਰਿਸ' ਪੈਦਾ ਹੋ ਜਾਂਦਾ ਹੈ। ਇਸ ਨਾਲ ਮਾਂ (ਔਰਤ) ਦੀ ਕੀਮਤ ਵੱਧ ਜਾਂਦੀ ਹੈ। ਮਰਦ ਵੀ ਖੁਸ਼ੀ ਵਿਚ ਜੱਚਾ ਦੀ ਹਰ ਮੰਗ ਪੂਰੀ ਕਰਨ ਲਈ ਤਿਆਰ ਰਹਿੰਦਾ ਹੈ।

ਗੀਗਾ ਜਰਮਿਆ ਨੀ, ਗੀਗਾ ਜਰਮਿਆ ਗੋਰੀਏ,
ਜੋ ਕੁਝ ਮੰਗਣਾ ਸੋ ਮੰਗ ਗੀਗਾ ਜਰਮਿਆ ਨੀ।

ਔਰਤ ਅਜਿਹਾ ਕੁਝ ਮੰਗਦੀ ਹੈ ਜਿਸ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ। ਸਭ ਤੋਂ ਪਹਿਲਾਂ ਉਹ ਨਾਂਹ ਕਰਦੀ ਹੋਈ 'ਤਾਰਿਆਂ ਦੇ ਹਾਰ' ਦੀ ਫ਼ਰਮਾਇਸ਼ ਕਰਦੀ ਹੈ। ਉਸ ਦੀ ਇਨਕਾਰ ਤੋਂ ਬਾਅਦ ਕੀਤੀ ਅਜਿਹੀ ਅਸੰਭਵ ਮੰਗ 'ਮਰਦ' ਦੀ ਹਊਂ ਨੂੰ ਠੇਸ ਵੀ ਲਾਉਂਦੀ ਹੈ। ਇਸੇ ਲਈ,

ਮੈਂ ਕੀ ਮੰਗਣਾ ਏ, ਮੈਂ ਕੀ ਮੰਗਣਾ ਵੇ।
ਲੈਣਾ ਤਾਰਿਆਂ ਦਾ ਹਾਰ, ਮੈਂ ਕੀ ਮੰਗਣਾ ਵੇ।

ਦੇ ਜਵਾਬ ਵਿਚ ਉਹ ਫੁੱਟ ਪੈਂਦਾ ਹੈ,

ਏਹ ਕਿੰਨ ਦੱਸਿਆ ਨੀ, ਏਹ ਕਿੰਨ ਦੱਸਿਆ ਗੋਰੀਏ
ਕਾਰਸਤਾਨੀਆਂ ਦੀ ਮੱਤ, ਤੇਰੀ ਮੱਤ ਸਾਡੇ ਹੱਥ,
ਤੇਰੀ ਕੁੜੀਆਂ ਦੀ ਸੱਤ ਏ, ਕਿਨ ਦੱਸਿਆ ਨੀ।

ਇੱਥੇ 'ਤੇਰੀ ਮੱਤ ਸਾਡੇ ਹੱਥ' ਵਾਕੰਸ਼ ਵਧੇਰੇ ਧਿਆਨ ਦੀ ਮੰਗ ਕਰਦਾ ਹੈ। ਤਾਰਿਆਂ ਦੇ ਹਾਰ ਦੀ ਮੰਗ ਹੀ ਅਨੂਠੀ ਨਹੀਂ ਇਹ ਤਾਂ ਸ਼ੁਰੂਆਤ ਹੈ। ਇੱਥੋਂ ਔਰਤ ਦੀ ਗਹਿਣਿਆਂ ਨਾਲ ਪ੍ਰੀਤ ਵੀ ਤਿੱਖ ਰੂਪ ਵਿਚ ਰੂਪਮਾਨ ਹੁੰਦੀ ਹੈ। ਕਿਉਂਕਿ ਅਗਲੀਆਂ ਮੰਗਾਂ ਵੀ ਗਹਿਣਿਆਂ ਨਾਲ ਸਬੰਧਤ ਹਨ।

ਮੈਂ ਕੀ ਮੰਗਣਾ ਵੇ, ਮੈਂ ਕੀ ਮੰਗਣਾ ਢੋਲਾ,
ਲੈਣੀ ਖੂਹੇ ਜਿੱਡੀ ਨੱਥ, ਮੈਂ ਕੀ ਮੰਗਣਾ ਵੇ।
ਮੈਂ ਕੀ ਮੰਗਣਾ ਵੇ, ਮੈਂ ਕੀ ਮੰਗਣਾ ਢੋਲਾ,
ਲੈਣਾ ਮੂਸਲ (ਤੂੜੀ ਦਾ ਕੁੱਪ) ਜਿੱਡਾ ਚੌਕ,
ਮੈਂ ਕੀ ਮੰਗਣਾ ਵੇ।

ਇੱਥੇ ਖੂਹ ਤੇ ਮੂਸਲ ਦੀ ਸਭਿਆਚਾਰਕ ਮਹੱਤਤਾ ਵੱਲ ਧਿਆਨ ਦੇਣਾ ਵੀ ਬਣਦਾ ਹੈ। ਖੂਹ ਨਾਲ ਔਰਤ ਦਾ ਨਾਤਾ ਸਦੀਆਂ ਤੱਕ ਰਿਹਾ ਹੈ। ਪਾਣੀ ਦੁਆਲੇ ਰੀਤੀ-ਰਿਵਾਜ਼ ਪੂਜਾ-ਪਾਠ ਜੁੜੇ ਹੋਏ ਹਨ। ਵਿਆਹ ਤੇ ਸ਼ਗਨਾਂ ਨਾਲ ਇੱਕੋਂ ਪਾਣੀ ਲਿਜਾਇਆ ਜਾਂਦਾ ਰਿਹਾ ਹੈ। ਸਮੂਹਿਕ ਮਿਲਣ ਦੀ ਥਾਂ 'ਤੇ ਸਾਰੇ ਪਿੰਡ ਦੀਆਂ ਖ਼ਬਰਾਂ ਦਾ ਆਦਾਨ-ਪ੍ਰਦਾਨ ਇੱਥੇ ਹੀ ਹੁੰਦਾ ਰਿਹਾ ਹੈ। ਔਰਤ ਦੇ ਜੀਵਨ ਨਾਲ ਨੇੜਿਉਂ ਜੁੜਿਆ ਹੋਣ ਕਰਕੇ ਖੂਹ ਅਲੰਕਾਰਿਕ ਰੂਪ ਵਿਚ ਸਹਿਜ ਸੁਭਾਵਿਕ ਹੀ ਆ ਹਾਜ਼ਰ ਹੁੰਦਾ ਹੈ। ਤੂੜੀ ਦਾ ਕੁੱਪ ਡੰਗਰਾਂ ਲਈ ਖ਼ੁਰਾਕ ਸੰਭਾਲਣ ਦਾ ਕੰਮ ਕਰਦਾ ਹੈ। ਪਰ ਜਿੰਨਾ ਵੱਡਾ ਕੁੱਪ ਓਨਾ ਜ਼ਿਆਦਾ ਅੰਨ ਤੇ ਉਨਾਂ ਅਮੀਰ ਘਰ। ਔਰਤ ਵੱਡੇ ਤੋਂ ਵੱਡੇ 'ਚੌਂਕ' ਲੈਣਾ ਲੋੜਦੀ ਹੈ। ਇਹ ਮੰਗ ਗਾਇਕਾਵਾਂ ਦੇ ਚਿਹਰਿਆਂ 'ਤੇ ਹੀ ਮੁਸਕਰਾਹਟ ਨਹੀਂ ਲਿਆਉਂਦੀ ਸਗੋਂ ਸ੍ਰੋਤਿਆਂ ਨੂੰ ਵੀ ਖਿੱਚ ਪਾਉਂਦੀ ਹੈ।

ਗਹਿਣੇ ਤਾਂ ਛੋਟੇ ਵੱਡੇ ਬਣਾਏ ਜਾ ਸਕਦੇ ਹਨ। ਪਰ ਹੇਠ ਲਿਖੀ ਮੰਗ ਕੌਣ ਪੂਰੀ ਕਰੇਗਾ?

ਮੈਂ ਕੀ ਮੰਗਣਾ ਵੇ, ਮੈਂ ਕੀ ਮੰਗਣਾ ਢੋਲਾ
ਲੈਣਾ ਚਿੜੀਆਂ ਦਾ ਦੁੱਧ ਮੈਂ ਕੀ ਮੰਗਣਾ ਵੇ।

ਇਸ ਤਰ੍ਹਾਂ ਸੰਵਾਦ ਵਿਚ ਔਰਤ ਮੰਗਾਂ ਰੱਖਦੀ ਜਾਂਦੀ ਹੈ ਤੇ ਮਰਦ 'ਕਾਰਸਤਾਨੀਆਂ ਦੀ ਮੱਤ' ਨੂੰ ਆਪਣੇ ਅਧੀਨ ਹੋਣ ਦਾ ਦੁਹਰਾ ਕਰੀ ਜਾ ਰਿਹਾ ਹੈ। ਸਥਿਤੀ ਉਵੇਂ ਦੀ ਉਵੇਂ ਰਹਿ ਜਾਂਦੀ ਹੈ।

ਇਸ ਨਾਲ ਮਿਲਦਾ-ਜੁਲਦਾ ਇਕ ਹੋਰ ਗੀਤ ਕ੍ਰਿਸ਼ਨ-ਰਾਧਾ ਦੇ ਸੰਵਾਦ ਰਾਹੀਂ ਉਜਾਗਰ ਹੁੰਦਾ ਹੈ। ਔਰਤਾਂ ਸੈਂਕੜੇ ਗੀਤਾਂ ਵਿਚ ਰਾਧਾ-ਕ੍ਰਿਸ਼ਨ ਦੇ ਉਹਲੇ ਨਾਲ ਆਪਦੀਆਂ ਮਾਨਸਿਕ ਭਾਵਨਾਵਾਂ ਦਾ ਪ੍ਰਗਟਾਅ ਕਰਦੀਆਂ ਹਨ। ਇਸ ਗੀਤ ਵਿਚ ਵੀ ਕ੍ਰਿਸ਼ਨ, ਰਾਧਾ ਦੀਆਂ ਮੰਗਾਂ ਨੂੰ 'ਪੁੱਠੀਆਂ ਅੜੀਆਂ' ਹੀ ਦੱਸਦਾ ਹੈ। ਮੰਗਾਂ ਇੱਥੇ ਵੀ ਕਾਲਪਨਿਕ ਹਨ ਪਰ ਹਨ ਬੜੀਆਂ ਸੁਹਜ-ਭਰਪੂਰ।

ਸੱਪਾਂ ਦੀ ਪੀਂਘ, ਪੁਆ ਮੇਰੇ ਰਾਮ ਜੀ,
ਪੰਘੂੜਾ ਕਰਾ ਦੇ ਦੰਦ ਦਾ,
ਪੁੱਠੀਆਂ ਅੜੀਆਂ ਨਾ ਕਰ ਮੇਰੀ ਰਾਧਕੇ,
ਪੰਘੂੜਾ ਨਾ ਦੇਖਿਆ ਦੰਦ ਦਾ।

ਦੰਦ ਖੰਡ ਦਾ ਪੰਘੂੜਾ ਤਾਂ ਭਾਵੇਂ ਸੰਭਵ ਹੋਵੇ ਪਰ ਸੱਪਾਂ ਦੀ ਪੀਂਘ ਬਾਰੇ ਸੋਚਣਾ ਹੀ ਰੋਮਾਂਚਕ ਹੈ। ਇੱਥੇ ਹੀ ਬਸ ਨਹੀਂ ਪਿਛਲੇ ਗੀਤ ਵਿਚ ਗਹਿਣੇ ਮੰਗੇ ਗਏ ਸਨ ਇੱਥੇ ਕੱਪੜੇ ਲੱਤਿਆਂ ਨਾਲ ਪ੍ਰੇਮ ਵੀ ਆ ਹਾਜ਼ਰ ਹੁੰਦਾ ਹੈ। ਔਰਤ ਦੀਆਂ ਇਹ ਮੁੱਢਲੀਆਂ ਲੋੜਾਂ ਹੀ ਅਸਲ ਵਿਚ ਪੂਰੀਆਂ ਨਹੀਂ ਹੁੰਦੀਆਂ ਦੂਸਰੇ ਸਮਾਜਿਕ ਜੀਆਂ ਵਾਂਗ।

ਸੂਟ ਸੁਆ ਕੇ ਬਿਜਲੀ ਦਾ ਰਾਮ ਜੀ,
ਚੁੰਨੀ ਮੰਗਾ ਦਉ ਅੰਬਰ ਦੀ।

ਘਰੇਲੂ ਚੀਜ਼ਾਂ ਨਾਲ ਤੁਲਨਾ ਤੋਂ ਬਾਅਦ ਕੁਦਰਤ ਦੀ ਗੋਦ ਵਿਚ ਵਿਸ਼ਾਲਤਾ ਲੱਭੀ ਗਈ ਹੈ। 'ਬਿਜਲੀ ਦਾ ਸੂਟ' 'ਅੰਬਰ ਦੀ ਚੁੰਨੀ' ਬਾਬੇ ਨਾਨਕ ਦੀ 'ਆਰਤੀ' ਵਾਲੀ ਕਲਪਨਾ ਦੀਆਂ ਹੱਦਾਂ ਨੂੰ ਜਾ ਛੂੰਹਦੀਆਂ ਹਨ। 'ਚਿੜੀਆਂ ਦੇ ਦੁੱਧ' ਦੀ ਅਣਹੋਣੀ ਮੰਗ ਇੱਥੇ ਵੀ ਹੈ। ਪਰ ਜੁੱਲੀ ਦੇ ਨਾਲ ਕੁੱਲੀ ਨੂੰ ਵੀ ਵਿਸਾਰਿਆ ਨਹੀਂ ਗਿਆ ਹੈ।

ਸ਼ੀਸ਼ੇ ਦਾ ਮਹਿਲ ਪੁਆ ਮੇਰੇ ਰਾਮ ਜੀ,
ਬਾਰੀ ਰਖਾ ਦਉ ਦੰਦ ਦੀ।

ਆਮ ਲੋਕਾਂ ਦੀ ਕਲਪਨਾ ਉਪਰੰਤ ਜਾਗੀਰਦਾਰੀ ਵਰਗ ਦੀ ਰਹਿਣੀ-ਬਹਿਣੀ ਦੀ ਲੋਚਾ ਕਰਦੀ ਹੈ। ਦੋਨੋਂ ਗੀਤ ਜ਼ਮੀਨ ਅਸਮਾਨ ਨਾਲ ਕਲਾਵੇ ਮਿਲਾਉਂਦੇ ਹੋਏ ਵੀ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਨਾਲ ਜੁੜੇ ਹੋਏ ਹਨ। ਵਿਅੰਗ ਇਹ ਕਿ 'ਮਰਦ' ਜਾਂ 'ਕ੍ਰਿਸ਼ਨ' ਉਲਾਂਭੇ ਦੇਣ ਤੱਕ ਸੀਮਤ ਰਿਹਾ ਹੈ। ਔਰਤ ਦੀ ਕਲਪਨਾ ਅੱਗੇ ਉਹ ਹੋਰ ਕਰ ਵੀ ਕੀ ਸਕਦਾ ਹੈ। ਉਸ ਦੀ ਇਸ ਬੇਬਸੀ 'ਚੋਂ ਵੀ ਔਰਤ ਆਪਣੀ ਹਉਂ ਦੀ ਤ੍ਰਿਪਤੀ ਕਰਦੀ ਹੈ। 'ਮੁੰਡੇ ਦਾ ਜੰਮਣਾ' ਤੇ 'ਇੰਦਰ ਦੀ ਵਰਖਾ' ਨਿੱਤ ਨਹੀਂ ਹੁੰਦੀ ਇਸ ਲਈ ਇਸ ਖੁਸ਼ੀ ਨੂੰ ਰੱਜ ਕੇ ਵੰਡਿਆ ਜਾਂਦਾ ਹੈ। ਮੈਂ ਪੂਰੇ 'ਦੁਆਬੇ ਵਿਚ ਇਹੋ ਜਿਹੇ ਗੀਤ ਸੁਣਦਿਆਂ ਲੋਕਾਂ, ਵਿਸ਼ੇਸ਼ ਕਰ, ਔਰਤਾਂ ਦੇ ਪੈਰ ਧਰਤੀ 'ਤੇ ਟਿਕਦੇ ਨਹੀਂ ਦੇਖੇ। ਪਰ ਇਨ੍ਹਾਂ ਖੁਸ਼ੀ ਦੇ ਪ੍ਰਗਟਾਵਿਆਂ ਹੇਠ ਜੀਵਨ ਸੱਚ ਦੀ ਜਿਹੜੀ ਰੌਅ ਬਹਿੰਦੀ ਹੈ ਉਸ ਨੂੰ ਅਜੇ ਤੱਕ ਅਸੀਂ ਪੂਰੀ ਤਰ੍ਹਾਂ ਨਹੀਂ ਪਛਾਣਿਆ। ਮੇਰਾ ਨਿਮਾਣਾ ਜਿਹਾ ਯਤਨ ਇਸੇ ਪਾਸੇ ਵੱਲ ਧਿਆਨ ਦੁਆਉਣ ਦਾ ਹੈ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"






ਡਾ. ਜਸਵੰਤ ਰਾਏ
91-98158-25999

## ਸੇਰ ਨੂੰ ਸਵਾ ਸੇਰ

ਇਕ ਸੀ ਰਾਜਾ ਕੋਈ ਰੋਜ ਪਾ ਕੇ ਉਸਦੀ ਰਾਣੀ ਸਖ਼ਤ ਬਿਮਾਰ ਹੋ ਗਈ। ਰਾਣੀ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ। ਇਕ ਦਿਨ ਰਾਣੀ ਨੇ ਰਾਜੇ ਨੂੰ ਆਪਣੇ ਕੋਲ ਸੱਦਿਆ ਤੇ ਆਖਣ ਲੱਗੀ, ਵੇਖੀਂ ਰਾਜਿਆ, ਜੇ ਮੈਂ ਮਰ ਗਈ ਤਾਂ ਤੂੰ ਦੂਜਾ ਵਿਆਹ ਨਾ ਕਰਾਵੀਂ। ਮੇਰੇ ਨਾਲ ਵਾਅਦਾ ਕਰ, ਤੂੰ ਦੂਜਾ ਵਿਆਹ ਨਹੀਂ ਕਰਵਾਵੇਂਗਾ।

ਰਾਜਾ ਮਨ ਗਿਆ। ਕਹਿੰਦਾ ਮੈਂ ਦੂਜਾ ਵਿਆਹ ਨਹੀਂ ਕਰਾਉਂਦਾ। ਥੋੜ੍ਹੇ ਦਿਨ ਬਾਅਦ ਰਾਣੀ ਮਰ ਗਈ। ਰਾਣੀ ਦੇ ਮਰਨ ਤੋਂ ਬਾਅਦ ਲੋਕਾਂ ਨੇ ਚਕ-ਚਕਾ ਕੇ ਰਾਜੇ ਦਾ ਦੂਜਾ ਵਿਆਹ ਕਰ ਦਿੱਤਾ। ਰਾਜੇ ਦੀਆਂ ਪਹਿਲੇ ਵਿਆਹ ਦੀਆਂ ਤਿੰਨ ਕੁੜੀਆਂ ਸਨ। ਦੂਜੀ ਰਾਣੀ ਜਿਹੜੀ ਵਿਆਹੀ ਆਈ, ਉਹ ਕੁਝ ਦਿਨ ਬਾਅਦ ਰਾਜੇ ਨੂੰ ਕਹਿਣ ਲੱਗੀ, ਰਾਜਾ ਜੇ ਤੂੰ ਇਹਨ੍ਹਾਂ ਤਿੰਨਾਂ ਕੁੜੀਆਂ ਨੂੰ ਕਿਤੇ ਛੱਡ ਆਵੇਂ ਤਾਂ ਮੈਂ ਜਿਊਂਦੀ ਆਂ। ਨਹੀਂ ਤਾਂ ਮੈਂ ਨਹੀਂ ਜਿਊਂਦੀ।

ਮਤਰਈ ਮਾਂ ਦੀ ਇਹ ਗੱਲ ਸੁਣਨ ਤੋਂ ਬਾਅਦ ਇਕ ਦਿਨ ਚੋਰੀ ਤਿੰਨੇ ਕੁੜੀਆਂ ਕੱਠੀਆਂ ਹੋ ਕੇ ਬਹਿ ਗਈਆਂ ਤੇ ਸਲਾਹਾਂ ਕਰਨ ਲੱਗ ਪਈਆਂ। ਅਖੇ ਮਰਨਾ ਤਾਂ ਹੈ ਈ। ਰਾਜੇ ਨੇ ਪਤਾ ਨਹੀਂ ਸਾਨੂੰ ਕਿੱਥੇ ਛੱਡ ਆਉਣਾ। ਸ਼ੇਰ ਬਘੇਲਿਆਂ ਨੇ ਸਾਨੂੰ ਖਾ ਜਾਣਾ। ਉਹੀ ਤਿੰਨੇ ਕੁੜੀਆਂ ਰਾਜੀ ਹੋ ਗਈਆਂ। ਕੱਠੀਆਂ ਹੋ ਕੇ ਰਾਜੇ ਕੋਲ ਚਲੇ ਗਈਆਂ ਤੇ ਆਖਣ ਲੱਗੀਆਂ ਪਿਤਾ ਜੀ ਅਸੀਂ ਤਿਆਰ ਹਾਂ। ਚਲੋ ਚਲੀਏ।

ਰਾਜਾ ਆਖਣ ਲੱਗਾ, "ਚਲੋ ਪੁੱਤਰ ਮੈਂ ਤੁਹਾਨੂੰ ਤੁਹਾਡੇ ਨਾਨਕਿਆਂ ਦੇ ਮਿਲਾ ਲਿਆਵਾਂ। ਰਾਜਾ ਤਿੰਨਾਂ ਕੁੜੀਆਂ ਨੂੰ ਲੈ ਕੇ ਜੰਗਲ ਦੇ ਰਾਹੇ ਪੈ ਗਿਆ। ਤੁਰਦੇ ਤੁਰਦੇ ਉਹ ਰਾਜ ਭਾਗ ਤੋਂ ਕਾਫ਼ੀ ਦੂਰ ਆ ਗਏ। ਰਾਤ ਦਾ ਹਨ੍ਹੇਰਾ ਹੋਣਾ ਸ਼ੁਰੂ ਹੋ ਗਿਆ। ਰਾਜੇ ਨੇ ਤਿੰਨਾਂ ਕੁੜੀਆਂ ਨੂੰ ਉੱਚੇ ਜਿਹੇ ਟਿੱਬੇ 'ਤੇ ਬੈਠਾਇਆ ਤੇ ਆਖਣ ਲੱਗਾ, "ਪੁੱਤਰ ਮੈਂ ਰਤਾ ਬਾਹਰ ਅੰਦਰ ਜਾ ਆਵਾਂ। ਤੁਸੀਂ ਇਥੇ ਈ ਮੈਨੂੰ ਉਡੀਕਿਓ?"

"ਕੁੜੀਆਂ ਨੇ ਕਿਹਾ, ਠੀਕ ਆ ਪਿਤਾ ਜੀ ਤੁਸੀਂ ਜਾਓ।" ਕੁੜੀਆਂ ਉੱਥੇ ਬੈਠ ਗਈਆਂ। ਹਨ੍ਹੇਰਾ ਹੋਰ ਜ਼ਿਆਦਾ ਹੋਣ ਲੱਗ ਪਿਆ। ਪਰ ਰਾਜਾ ਨਾ ਮੁੜਿਆ। ਕੁੜੀਆਂ ਨੂੰ ਪਹਿਲਾਂ ਹੀ ਰਾਜੇ ਤੋਂ ਇਹ ਆਸ ਸੀ। ਕੁੜੀਆਂ ਟਿੱਬੇ ਉੱਤੇ ਖੜ੍ਹ-ਖੜ੍ਹ ਕੇ ਆਲਾ-ਦੁਆਲਾ ਦੇਖਦੀਆਂ। ਉਨ੍ਹਾਂ ਨੂੰ ਕੋਈ ਦੀਵਾਬੱਤੀ ਜਗਦਾ ਦਿਖਾਈ ਨਹੀਂ ਦਿੰਦਾ। ਜਦੋਂ ਅੱਧੀ ਕੁ ਰਾਤ ਹੋਈ ਤਾਂ ਉਹਨਾਂ ਨੂੰ ਰੌਸ਼ਨੀ ਜਿਹੀ ਦਾ ਝਉਲ਼ਾ ਪਿਆ। ਉਹ ਤਿੰਨੇ ਜਣੀਆਂ ਉੱਠ ਕੇ ਉਸ ਰੌਸ਼ਨੀ ਦੀ ਸੇਧ ਨੂੰ ਹੋ ਤੁਰੀਆਂ। ਜਿੱਥੇ ਲੋਅ ਦਿਖਾਈ ਦੇ ਰਹੀ ਸੀ। ਉਹ ਇਕ ਦੇਅ ਦਾ ਡੇਰਾ ਸੀ। ਇਹ ਦੇਅ ਬੜਾ ਖਤਰਨਾਕ ਸੀ। ਇਹ ਦੂਰੋਂ-ਦੂਰੋਂ ਬੰਦੇ ਲੱਭ ਕੇ ਲਿਆਉਂਦਾ ਸੀ। ਉਸਨੇ ਆਪਣੇ ਡੇਰੇ ਇਕ ਬੰਦਾ ਰੱਖਿਆ ਹੋਇਆ ਸੀ ਪੱਕਾ, ਇਨ੍ਹਾਂ ਬਾਹਰੋਂ ਲਿਆਂਦੇ ਬੰਦਿਆਂ ਨੂੰ ਕੜਾਹੇ ਵਾਲੇ ਤੇਲ ਵਿਚ ਤਲਣ ਲਈ। ਦੇਅ ਬੰਦਿਆਂ ਨੂੰ ਤੇਲ ਵਿਚ ਤਲ਼ ਕੇ ਖਾਂਦਾ ਸੀ।

ਜਦੋਂ ਕੁੜੀਆਂ ਡੇਰੇ ਪਹੁੰਚੀਆਂ ਤਾਂ ਉਹ ਬੰਦਾ ਪਹਿਲਾਂ ਕੁੜੀਆਂ ਵੱਲ ਦੇਖ ਕੇ ਹੱਸ ਪਿਆ ਤੇ ਫੇਰ ਰੋ ਪਿਆ। ਕੁੜੀਆਂ ਉਸਨੂੰ ਪੁੱਛਣ ਲੱਗੀਆਂ, "ਹੇ ਖ਼ੁਦਾ ਦੇ ਬੰਦੇ। ਪਹਿਲਾਂ ਤੂੰ ਸਾਡੇ ਵੱਲ ਵੇਖ ਕੇ ਹੱਸ ਪਿਆ ਤੇ ਫੇਰ ਰੋ ਪਿਆ। ਇਹਦਾ ਮਤਲਬ ਦੱਸ ਕੀ ਆ।"

ਉਹ ਕਹਿਣ ਲੱਗਾ, "ਕੁੜੀਓ ਮੈਂ ਤੁਹਾਡੇ ਵੱਲ ਦੇਖ ਕੇ ਹੱਸਿਆ ਇਸ ਕਰਕੇ ਕਿ ਤੁਸੀਂ ਬਹੁਤ ਸੁੰਦਰ ਹੋ। ਕਿਸੇ ਰਾਜੇ ਮਹਾਰਾਜੇ ਦੀ ਔਲਾਦ ਲਗਦੀਆਂ। ਰੋਇਆ ਇਸ ਕਰਕੇ ਕਿ ਹੁਣ ਤੋਂ ਥੋੜ੍ਹੀ ਦੇਰ ਬਾਅਦ ਇਥੇ ਦੇਅ ਨੇ ਆ ਜਾਣਾ। ਉਹਨੇ ਤੁਹਾਨੂੰ ਮਾਰ ਕੇ ਖਾ ਜਾਣਾ।"

ਕੁੜੀਆਂ ਕਹਿਣ ਲੱਗੀਆਂ, "ਹੇ ਖ਼ੁਦਾ ਦੇ ਬੰਦੇ। ਫੇਰ ਤੂੰ ਸਾਡੀ ਕੋਈ ਮਦਦ ਕਰ। ਸਾਨੂੰ ਕੋਈ ਚੀਜ਼ ਬਣਾ ਕੇ ਇਥੇ ਕਿਤੇ ਲੁਕੋ ਦੇ।"

ਉਹ ਬੰਦਾ ਕਹਿੰਦਾ ਮੈਂ ਕੋਸ਼ਿਸ਼ ਕਰਦਾ। ਅੱਗੇ ਤੁਹਾਡੀ ਕਿਸਮਤ ਆ। ਉਸਨੇ ਤਿੰਨਾਂ ਕੁੜੀਆਂ ਦੀਆਂ ਮੱਖੀਆਂ ਬਣਾ ਕੇ ਕੰਧ ਨਾਲ ਲਾ ਦਿੱਤੀਆਂ। ਹੋਰ ਘੜੀ ਕੁ ਤਾਂਈ ਦੇਅ ਵੀ ਆਦਮ-ਬੋ, ਆਦਮ-ਬੋ ਕਰਦਾ ਆਪਣੇ ਘਰ ਨੂੰ ਆ ਰਿਹਾ ਸੀ। ਦੇਅ ਆਉਂਦਾ ਈ ਆਪਣੇ ਨੌਕਰ ਨੂੰ ਕਹਿਣ ਲੱਗਾ ਕਿ ਤੇਰੇ ਕੋਲੋਂ ਮੁਸ਼ਕ ਆਉਂਦਾ। ਤੂੰ ਮੇਰੇ ਬੰਦੇ ਖਾ ਲਏ।

ਨੌਕਰ ਦੇਅ ਨੂੰ ਕਹਿਣ ਲੱਗਾ, "ਹੇ ਦੇਅ, ਤੂੰ ਦੂਰੋਂ ਦੂਰੋਂ ਬੰਦੇ ਨਾ ਛੱਡੇ। ਮੇਰੇ ਕੋਲ ਇੱਥੇ ਬੈਠੇ ਕੋਲ ਬੰਦੇ ਕਿਸ ਤਰ੍ਹਾਂ ਆ ਗਏ। ਮੈਂ ਤਨੀ ਤੇਰੇ ਬੰਦੇ ਖਾਧੇ। ਮੈਂ ਬੰਦੇ ਖਾਂਦਾ ਕੋਈ। ਬੰਦੇ ਤਾਂ ਤੂੰ ਖਾਂਦਾ। ਤੂੰ ਦੇਅ ਆਂ।"

ਦੇਅ ਕਹਿੰਦਾ, "ਹੱਛਾ...। ਇੰਨਾ ਕਹਿ ਕੇ ਉਹ ਫੇਰ ਆਪਣੇ ਸ਼ਿਕਾਰ ਦੀ ਭਾਲ਼ ਵਿਚ ਨਿਕਲ ਤੁਰਿਆ।"

ਜਦੋਂ ਦੇਅ ਡੇਰਿਓਂ ਬਾਹਰ ਨਿਕਲ ਆਇਆ ਤਾਂ ਉਸਦੇ ਨੌਕਰ ਨੇ ਮੱਖੀਆਂ ਤੋਂ ਤਿੰਨੇ ਕੁੜੀਆਂ ਫੇਰ ਬਣਾ ਦਿੱਤੀਆਂ। ਕੁੜੀਆਂ ਕਹਿੰਦੀਆਂ, "ਹੇ ਖ਼ੁਦਾ ਦੇ ਬੰਦੇ ਜਦੋਂ ਦੇਅ ਅੱਜ ਆਊਗਾ ਤਾਂ ਤੂੰ ਉਹਨੂੰ ਪੁੱਛੀਂ ਤੇਰੀ ਜਾਨ ਕਾਹਦੇ 'ਚ ਫਸੀਓ ਆ।" ਨੌਕਰ ਕਹਿੰਦਾ ਠੀਕ ਆ। ਸ਼ਾਮ ਪੈ ਗਈ। ਨੌਕਰ ਨੇ ਕੁੜੀਆਂ ਨੂੰ ਫੇਰ ਮੱਖੀਆਂ ਬਣਾ ਕੇ ਕੰਧ ਨਾਲ ਲਾ ਦਿੱਤਾ। ਸ਼ਾਮ ਨੂੰ ਦੇਅ ਘਰ ਨੂੰ ਆ ਗਿਆ। ਹੁਣ ਨੌਕਰ ਦੇਅ ਨੂੰ ਪੁੱਛਦਾ ਕਿ ਹੇ ਦੇਅ, ਤੇਰੀ ਜਾਨ ਕਾਹਦੇ 'ਚ ਫਸੀਓ ਆ।

ਦੇਅ ਕਹਿੰਦਾ ਸੱਤਾਂ ਸਮੁੰਦਰਾਂ ਪਾਰ ਮੇਰੀ ਰਾਣੀ ਆ। ਉਹਦੇ ਕੋਲ ਇਕ ਪਿੰਜਰੇ ਵਿਚ ਤੋਤਾ ਬੱਝਾ ਪਿਆ। ਉਸ ਤੋਤੇ ਵਿਚ ਮੇਰੀ ਜਾਨ ਆ। ਹੋਰ ਕਿਸੇ 'ਚ ਨਹੀਂ। ਨੌਕਰ ਕਹਿੰਦਾ, ਅੱਛਾ ਜੀ।"

ਦੋਵੇਂ ਸੌਂ ਗਏ। ਸਵੇਰ ਹੋਈ। ਦੇਅ ਫੇਰ ਆਪਣੇ ਸ਼ਿਕਾਰ ਦੀ ਭਾਲ਼ ਵਿਚ ਘਰੋਂ ਨਿਕਲ ਤੁਰਿਆ।

ਨੌਕਰ ਨੇ ਮੱਖੀਆਂ ਤੋਂ ਕੁੜੀਆਂ ਬਣਾ ਦਿੱਤੀਆਂ। ਹੁਣ ਕੁੜੀਆਂ ਸਲਾਹਾਂ ਕਰਦੀਆਂ ਕਿ ਅਸਾਂ ਮਰ ਤਾਂ ਜਾਣਾ ਈ ਆ। ਕਿਉਂ ਨਾ ਦੇਅ ਨੂੰ ਮਾਰ ਕੇ ਇਕ ਭਲਾ ਕੰਮ ਕਰਕੇ ਜਾਈਏ। ਨਾਲੇ ਇਹ ਰੋਜ਼ ਇਕ ਬੰਦੇ ਦੀ ਜਾਨ ਲੈਂਦਾ ਹੈ। ਇਸਤੋਂ ਵੀ ਛੁਟਕਾਰਾ ਹੋ ਜਾਵੇਗਾ। ਉਹ ਤਿੰਨੇ ਜਣੀਆਂ ਸਲਾਹ ਕਰਕੇ ਘਰੋਂ ਨਿਕਲ ਤੁਰੀਆਂ ਉਹ ਤੋਤਾ ਪ੍ਰਾਪਤ ਕਰਨ।

ਕਹਿੰਦੇ ਹਨ ਜਦੋਂ ਬੰਦਾ ਆਪ ਕੋਸ਼ਿਸ਼ ਕਰਦਾ ਹੈ ਤਾਂ ਫੇਰ ਪ੍ਰਮਾਤਮਾ ਵੀ ਉਸ ਲਈ ਰਾਹ ਅਖਤਿਆਰ ਕਰ ਦਿੰਦਾ ਹੈ। ਮਿਹਨਤ ਮੁਸ਼ੱਕਤ ਕਰਦੀਆਂ ਹੋਈਆਂ ਉਹ ਦੇਅ ਦੀ ਰਾਣੀ ਕੋਲ ਪਹੁੰਚ ਗਈਆਂ ਤੇ ਉਸ ਕੋਲ ਭੱਚੇ ਨਾਲ ਨਕਲੀ ਤੋਤਾ ਰੱਖ ਕੇ ਅਸਲੀ ਤੋਤਾ ਲੈ ਆਈਆਂ, ਜਿਸ ਵਿਚ ਦੇਅ ਦੀ ਜਾਨ ਫਸੀ ਸੀ।

ਅਸਲੀ ਤੋਤਾ ਲੈ ਕੇ ਉਹ ਦੇਅ ਦੇ ਡੇਰੇ 'ਤੇ ਪਹੁੰਚ ਗਈਆਂ ਤੇ ਦੇਅ ਦਾ ਇੰਤਜ਼ਾਰ ਕਰਨ ਲੱਗੀਆਂ। ਹੁਣ ਨਹੀਂ ਉਹਨਾਂ ਨੇ ਨੌਕਰ ਨੂੰ ਕਿਹਾ ਕਿ ਤੂੰ ਸਾਨੂੰ ਮੱਖੀਆਂ ਬਣਾ ਕੇ ਕੰਧ ਨਾਲ ਲਾ ਦੇ। ਸ਼ਾਮ ਪੈ ਗਈ। ਦੇਅ ਫੇਰ ਆਦਮ ਬੋ, ਆਦਮ ਬੋ ਕਰਦਾ ਆਪਣੇ ਡੇਰੇ ਵੱਲ ਚਾਈਂ ਚਾਈਂ ਆ ਰਿਹਾ ਸੀ। ਜਦੋਂ ਦੇਅ ਸਾਹਮਣਿਓਂ ਆਉਂਦਾ ਦਿੱਸਿਆ ਤਾਂ ਕੁੜੀਆਂ ਨੇ ਤੋਤੇ ਦੀ ਇਕ ਲੱਤ ਤੋੜ ਦਿੱਤੀ। ਦੇਅ ਲੰਙਾ-ਲੰਙਾ ਕੁੜੀਆਂ ਵੱਲ ਨੂੰ ਦੌੜਿਆ। ਉਹਨਾਂ ਨੇ ਤੋਤੇ ਦੀ ਦੂਸਰੀ ਲੱਤ ਵੀ ਤੋੜ ਦਿੱਤੀ। ਹੁਣ ਦੇਅ ਡਿੱਗ ਪਿਆ। ਦੇਅ ਧਰਤੀ ਤੇ ਘਿਸਰ-ਘਿਸਰ ਕੇ ਕੁੜੀਆਂ ਵੱਲ ਵੱਧਣ ਲੱਗਾ। ਜਦੋਂ ਥੋੜ੍ਹਾ ਲਾਗੇ ਆਇਆ ਤਾਂ ਕੁੜੀਆਂ ਨੇ ਤੋਤੇ ਦੀ ਧੌਣ ਮਰੋੜ ਦਿੱਤੀ। ਦੇਅ ਉਥੇ ਹੀ ਤੜਪ-ਤੜਪ ਕੇ ਆਪਣੇ ਪ੍ਰਾਣ ਤਿਆਗ ਗਿਆ।

ਜਦੋਂ ਦੇਅ ਮਰ ਗਿਆ ਤਾਂ ਕੁੜੀਆਂ ਨੌਕਰ ਨੂੰ ਕਹਿਣ ਲੱਗੀਆਂ, "ਹੇ ਖ਼ੁਦਾ ਦੇ ਬੰਦੇ, ਆਪਾਂ ਹੁਣ ਇਹਦਾ "ਕੱਠ ਕਰੀਏ।"

ਨੌਕਰ ਕਹਿੰਦਾ, "ਠੀਕ ਆ, ਤੁਹਾਡੀ ਮਰਜੀ, ਕੱਠ ਕਰ ਲੈਂਦੇ ਆਂ।" ਦਿਨ ਮੁਕੱਰਰ ਕਰ ਲਿਆ। ਲੜਕੀਆਂ ਨੌਕਰ ਨੂੰ ਕਹਿੰਦੀਆਂ, "ਹੇ ਖ਼ੁਦਾ ਦੇ ਬੰਦੇ, ਜੇ ਤੂੰ ਇਤਰਾਜ਼ ਨਾ ਕਰੇ ਤਾਂ, ਅਸੀਂ ਦੇਅ ਦੇ 'ਕੱਠ ਤੇ ਆਪਣੇ ਪਿਓ ਨੂੰ ਸੱਦਣਾ ਚਾਹੁੰਦੀਆਂ ਹਾਂ।" ਨੌਕਰ ਕਹਿੰਦਾ, "ਸੱਦ ਲਓ। ਸਾਨੂੰ ਕੋਈ ਹਰਜ਼ ਨਹੀਂ।"

"ਕੱਠ ਵਾਲੇ ਦਿਨ ਕੁੜੀਆਂ ਨੇ, ਇਕ ਕੁੱਜਾ ਲਿਆ। ਕੁੱਜੇ ਵਿਚ ਲੜਨ ਵਾਲੀਆਂ ਚੀਜ਼ਾਂ, ਮਧੋੜੀਆਂ, ਠੂਹੇਂ, ਡੇਮੂ, ਕੀੜੇ ਪਾ ਕੇ ਸੁਆਰ ਕੇ ਬੰਦ ਕਰ ਦਿੱਤਾ ਤੇ ਉੱਪਰ ਇਹਦੇ ਮੋਤੀਆਂ ਦੀ ਲੜੀ ਲਾ ਦਿੱਤੀ। ਕੁੱਜੇ ਨੂੰ ਚੰਗੀ ਤਰ੍ਹਾਂ ਸਜਾ ਲਿਆ। ਉੱਪਰ ਇਹਦੇ ਚੰਗੀ ਤਰ੍ਹਾਂ ਖਚਾਈ ਕਰਕੇ ਜਿੰਦਾ ਲਗਾ ਦਿੱਤਾ। ਜਦੋਂ ਕੁੜੀਆਂ ਦਾ ਪਿਓ 'ਕੱਠ ਤੋਂ ਜਾਣ ਲੱਗਾ, ਉਹਨਾਂ ਨੇ ਆਪਣੇ ਕੋਲ ਸੱਦ ਕੇ ਕੁੱਜਾ ਉਹਦੇ ਸਪੁਰਦ ਕਰਦਿਆਂ ਕਿਹਾ ਕਿ, "ਹੇ ਪਿਤਾ ਜੀ। ਜੇ ਤੂੰ ਸਾਡਾ ਸੱਚਾ ਪਿਓ ਹੈ ਤਾਂ ਫੇਰ ਇਸ ਕੁੱਜੇ ਨੂੰ

(ਬਾਕੀ ਸਫਾ 18 ਤੇ)

# ਮਹਿਫ਼ਲ ਸੱਚੇ ਵਿਚਾਰਾਂ ਦੀ

ਪਰਮਜੀਤ ਸਿੰਘ ਸੇਖੋਂ (ਦਾਖਾ)
ਪ੍ਰਧਾਨ, ਦਲ ਖਾਲਸਾ ਅਲਾਇੰਸ
ਕੋਆਰਡੀਨੇਟਰ, ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (510-774-5909)



1- ਕੀ ਇਸ ਤਰਾਂ ਦੀ ਕੋਈ ਸ਼ਾਂਮ ਹੈ ਜਿਸ ਦੀ ਸਵੇਰ ਨਾ ਹੋਵੇ।
2- ਚੁਗਲੀ ਤਾਂ ਪੱਥਰ ਪਾੜ ਦੇਵੇ, ਨਿਰਦੋਸ਼ਿਆਂ ਨੂੰ ਸੂਲੀ ਚਾੜ ਦੇਵੇ।
3- ਇਨਸਾਨ ਆਪਣੇ ਕਰਮਾਂ ਦੀ ਚੱਕੀ ਚ ਆਪ ਪਿੱਸਦਾ ਹੈ।
4- ਦਾਜ ਦੀ ਚਾਦਰ 'ਤੇ ਫੁੱਲ ਪਾਉਣ ਦਾ ਰਿਵਾਜ਼ ਮੁੱਕ ਚੱਲਿਆ ਏ ਪਰ ਪਿਆਰ ਦੀ ਚਾਦਰ 'ਤੇ ਫੁੱਲ ਪਾਉਣ ਤੋਂ ਸਿਰ ਨਹੀਂ ਫੇਰਨਾ ਚਾਹੀਦਾ।
5- ਗੈਰਤਮੰਦ ਬੰਦੇ ਲਈ ਆਪਣੀ ਨਜ਼ਰ ਚੋਂ ਡਿਗ ਕੇ ਉੱਠਣਾ ਔਖਾ।
6- ਤੰਦਰੁਸਤ ਇਨਸਾਨ ਹੀ ਦੁਨੀਆਂ ਨੂੰ ਤੰਦਰੁਸਤ ਬਣਾ ਸਕਦੇ ਹਨ।
7- ਪਿਆਰ ਸਤਿਕਾਰ ਕਰਨਾ ਆ ਜਾਵੇ ਸਾਨੂੰ ਤਾਂ ਅਸੀਂ ਇਨਸਾਨ ਹਾਂ, ਨਹੀਂ ਤਾਂ ਸਰੀਰਕ ਭੁੱਖਾਂ ਤਾਂ ਸਾਰੇ ਪਸ਼ੂ ਵੀ \ ਮੇਟਦੇ ਹਨ।
8- ਕੁੱਝ ਪਲਾਂ ਦੇ ਕਲੰਕ ਨੂੰ ਧੋਣ ਵਾਸਤੇ ਕਈ ਸਾਲ ਲਗ ਜਾਂਦੇ ਹਨ, ਪਰ ਕਲੰਕ ਦੇ ਦਾਗ ਫਿਰ ਵੀ ਨਹੀਂ ਜਾਂਦੇ।
9- ਸਭ ਤੋਂ ਜ਼ਿਆਦਾ ਬੀਮਾਰੀਆਂ ਸਮਾਜ ਵਿੱਚ ਟੀ ਵੀ ਦੀਆਂ ਲਾਈਆਂ ਹੋਈਆਂ ਹਨ।
10- ਜੀਵਨ ਦੇ ਦੁੱਖਾਂ ਦੀ ਵਿਸ਼ਾਲਤਾ ਤੋਂ ਨਾ ਘਬਰਾਉ।
11- ਕੋਈ ਵੀ ਇਲਮ ਸਿੱਖਣ ਲਈ ਦੋਜਖ ਉਠਾਉਣੇ ਪੈਂਦੇ ਨੇ।
12- ਜੇ ਸਰੀਰਕ ਤੌਰ 'ਤੇ ਅਸੀਂ ਰੋਗੀ ਹਾਂ ਤਾਂ ਇਕ ਸਿਹਤਮੰਦ ਸੰਸਾਰ ਬਣਾਉਣ ਵਾਸਤੇ ਕੋਈ ਆਪਣਾ ਯੋਗਦਾਨ ਨਹੀਂ ਪਾ ਸਕਦੇ।
13- ਆਤਮਕ ਤੌਰ ਤੇ ਤੰਦਰੁਸਤ ਲੋਕਾਂ ਦੀ ਜ਼ਮੀਰ ਵੀ ਤੰਦਰੁਸਤ ਹੁੰਦੀ ਹੈ।
15- ਰੋਟੀ ਹੱਕ ਦੀ ਖਾਈਏ ਜੀ ਭਾਵੇਂ.........।
16- ਖੁਸ਼ੀ ਤੇ ਗਮੀ ਗੁਆਂਡਣਾਂ ਹਨ, ਇਕ ਜਾਂਦੀ ਹੈ ਤੇ ਦੂਜੀ ਆਉਂਦੀ ਹੈ।
17- ਪ੍ਰਚਾਰਕ 'ਤੇ ਧਾਰਮਿਕ ਆਗੂ ਕੌਮ 'ਤੇ ਸਮਾਜ ਲਈ ਚਾਨਣ ਮੁਨਾਰਾ ਹੁੰਦੇ ਹਨ, ਜਿਨ੍ਹਾਂ ਤੋਂ ਲੋਕਾਂ ਨੇ ਰੌਸ਼ਨੀ ਲੈ ਕੇ ਆਪਣੇ ਜੀਵਨ ਨੂੰ ਰੌਸ਼ਨ ਕਰਨਾ ਹੁੰਦਾ ਹੈ। ਇਸ ਲਈ ਇਨ੍ਹਾਂ ਲੋਕਾਂ ਦਾ ਕਿਰਦਾਰ ਬਹੁਤ ਹੀ ਉੱਚਾ 'ਤੇ ਸੁੱਚਾ ਹੋਣਾ ਚਾਹੀਦਾ ਹੈ।
18- ਔਰਤ ਦੀ ਮੁਸਕਰਾਹਟ ਸਾਉਣ ਭਾਦੋਂ ਦੀ ਧੁੱਪ ਵਰਗੀ ਹੁੰਦੀ ਹੈ।
19- ਇਹ ਸੋਚਣਾ ਸਹੀ ਨਹੀਂ ਹੈ ਕਿ ਆਵਾ ਹੀ ਊਤ ਗਿਆ, ਮੈਂ ਇਕਲਾ ਕੀ ਕਰਾਂ। ਪਰ ਬੂੰਦ ਬੂੰਦ ਨਾਲ ਹੀ ਤਲਾ ਭਰ ਜਾਂਦੇ ਹਨ।
20- ਸਾਡੀ ਜਿੰਦਗੀ ਨੂੰ ਤਾਂ ਲੋਕ ਖਾਕ ਸਮਝਦੇ ਹਨ, ਜਦੋਂ ਅਸੀਂ ਨਾ ਹੋਵਾਂਗੇ ਤਾਂ ਲੋਕ ਸਾਨੂੰ ਸਮਝਣਗੇ।
21- ਰੱਬ ਕਿਸੇ ਦਾ ਬੁਰਾ ਨਹੀਂ ਕਰਦਾ ਸਗੋਂ ਸਮਝਣ ਦੇ ਮੌਕੇ ਦਿੰਦਾ ਹੈ।
22- ਬੰਦਾ ਮੰਗਣ ਲਈ ਤਾਂ ਦੋਵੇਂ ਹੱਥ ਕੱਢੀ ਫਿਰਦਾ ਹੈ ਪਰ ਕੁੱਝ ਦੇਣ ਦੀ ਵਾਰ ਨੂੰ ਪਿਛਾਂਹ ਖਿੱਚ ਰਿਹਾ ਹੈ।
23- ਦੁਨੀਆਂ ਵਿੱਚ ਮਸ਼ਹੂਰ ਹੋਣਾ ਫਿਰ ਉਸੇ ਥਾਂ ਟਿਕਣਾ ਔਖਾ।
24- ਅਸੀਂ ਆਪਣੇ ਸਰੀਰ ਨੂੰ ਕਾਇਮ ਨਹੀਂ ਰਖਾਂਗੇ ਤਾਂ ਸ਼ਕਤੀਆਂ ਦਾ ਪ੍ਰਯੋਗ ਵੀ ਕਿਨ੍ਹਾਂ ਕੁ ਚਿਰ ਕਰ ਸਕਦੇ ਹਾਂ।
25- ਬੇਲੋੜੀ ਨੇਕੀ ਵੀ ਮਹਿੰਗੀ ਪੈਂਦੀ ਹੈ ਕਿਉਂਕਿ ਜੇ ਤੁਸੀਂ ਹਰ ਕਿਸੇ ਨੂੰ ਆਪਣੇ ਉਪਰੋਂ ਲੰਘਣ ਦਿਉਗੇ ਤਾਂ ਇਕ ਦਿਨ ਤੱਪੜ ਬਣ ਜਾਉਗੇ।
27- ਆਉ ਆਪਾਂ ਸਭ ਕਹਿਣੀ ਤੇ ਕਰਨੀ ਦੇ ਧਾਰਨੀ ਬਣੀਏ ਤੇ ਆਪਣੇ ਫਰਜ਼ ਦੀ ਪਹਿਚਾਣ ਕਰੀਏ।
28- ਪ੍ਰਮਾਤਮਾ ਜਿੰਨਾ ਦੂਰ ਮਹਿਸੂਸ ਹੁੰਦਾ ਹੈ, ਉਹ ਉਨਾ ਹੀ ਨਜ਼ਦੀਕ ਹੈ।
29- ਘੜਾ ਹੱਥ ਵਿੱਚ ਫੜਿਆ ਤਾਂ ਭਾਂਡਾ ਹੈ। ਥੱਲੇ ਡਿਗਿਆ ਤਾਂ ਠੀਕਰੀਆਂ ਹੁੰਦੀਆਂ ਹਨ।
30- ਬੰਦਾ ਤਾਂ (ਮੈਂ ਵੀ) ਜੀਵਨ ਰੂਪੀ ਬਾਗ ਵਿਚੋਂ ਫੁਲ ਚੁਣਨ ਆਇਆ ਸੀ ਪਰ ਕਢਿਆਂ ਵਿਚ ਉਲਝ ਕੇ ਰਹਿ ਗਿਆ।
31- ਜਿਸਮ ਦੇ ਨਾਲ ਨਾਲ ਸਾਨੂੰ ਆਪਣੇ ਅੰਦਰ ਵਸਦੇ ਇਨਸਾਨ ਨੂੰ ਵੀ ਤੰਦਰੁਸਤ ਰੱਖਣ ਦੀ ਲੋੜ ਹੈ।
32- ਗਿਆਨਵਾਨ ਹੋਣਾ ਤਾਂ ਬਹੁਤ ਵਧੀਆ ਹੈ। ਲੇਕਿਨ ਅਰਧ ਗਿਆਨੀ ਸਮਾਜ ਦਾ ਨੁਕਸਾਨ ਕਰਦੇ ਹਨ।
33- ਜਦੋਂ ਬਜ਼ੁਰਗ ਬੋਲ ਰਿਹਾ ਹੋਵੇ ਤਾਂ ਚੁੱਪ ਕਰਕੇ ਸੁਣਨਾ ਚਾਹੀਦਾ ਹੈ ਕਿਉਂਕਿ ਬਜ਼ੁਰਗ ਵਿਚੋਂ ਤਜ਼ਰਬਾ ਜ਼ਿਆਦਾ ਬੋਲ ਰਿਹਾ ਹੁੰਦਾ ਹੈ।
34- ਬਿਨਾਂ ਦੇਖੇ ਕੁਝ ਪੀਣ ਵਾਲਾ ਅਤੇ ਬਿਨਾਂ ਪੜ੍ਹੇ ਕਾਗਜ਼ 'ਤੇ ਦਸਤਖਤ ਕਰਨ ਵਾਲਾ ਧੋਖੇ ਵਿੱਚ ਰਹਿੰਦੇ ਹਨ।
35- ਮਿਹਨਤ ਕਰਨ ਵਿੱਚ ਜੋ ਸੁੱਖ ਹੈ ਉਹ ਥੋਹੜੀ ਦੇਰ ਬਾਅਦ ਪ੍ਰਾਪਤ ਹੁੰਦਾ ਹੈ।
36- ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਪਿੱਛੇ ਜਿਥੇ ਮੁਤਸਬੀ ਦੁਸ਼ਟ ਬਾਦਸ਼ਾਹ ਔਰੰਗਜ਼ੇਬ ਤੇ ਦੁਸ਼ਟ ਸੂਬਾ ਸਰਹੰਦ ਵਰਗੇ ਵਿਅਕਤੀ ਸਨ, ਉਥੇ ਹੀ ਸੁੱਚਾ ਨੰਦ ਵਰਗੇ ਹਿੰਦੂਸਤਾਨੀ ਸੁਆਰਥੀ ਅਤੇ ਕੌਮ ਤੇ ਧਰਮ ਦੇ ਗੱਦਾਰ ਵੀ ਜ਼ਿੰਮੇਵਾਰ ਸਨ।
37- ਮਾੜੇ ਬੰਦਿਆਂ ਦੀ ਜੇਕਰ ਲਿਸਟ ਬਣਾਈ ਜਾਵੇ ਤਾਂ ਉਨ੍ਹਾਂ ਵਿੱਚ ਮੁੱਖ ਤੌਰ ਤੇ ਇਹ ਹਨ, ਮੂਰਖ, ਅਗਿਆਨੀ, ਖੁਦਗਰਜ਼, ਈਰਖਾ ਵਾਦੀ, ਅਹੰਕਾਰੀ, ਅਕ੍ਰਿਤਘਣ, ਦੁਸ਼ਟ, ਪਾਪੀ, ਪਾਖੰਡੀ, ਫਰੇਬੀ, ਪੱਖਪਾਤੀ ਆਦਿ।
38- ਜਿਹੜਾ ਬੰਦਾ ਗਧੇ ਦੀ ਦੁੱਲਤੀ ਦਾ ਜਵਾਬ ਦੁਲੱਤੀ ਨਾਲ ਹੀ ਦਿੰਦਾ ਹੈ। ਤਾਂ ਫਿਰ ਬੰਦੇ 'ਤੇ ਗਧੇ ਵਿੱਚ ਕੀ ਫਰਕ ਹੋਇਆ।
39- ਸਰੀਰ ਦੀ ਕਸਰਤ ਕਰਨ ਨਾਲ ਦਿਲ ਦੀ ਕਸਰਤ ਵੀ ਹੋ ਜਾਂਦੀ ਹੈ।
40- ਜਿਊਂਦੇ ਰਹਿਣਾ ਵੀ ਇਨਸਾਨ ਦੀ ਇਕ ਮਜ਼ਬੂਰੀ ਹੈ। ਵਰਨਾ ਕੌਣ ਮਰ ਮਰ ਕੇ ਜਿਉਣਾ ਚਾਹੇਗਾ।
41- ਮਾਇਆ ਇਕੱਠੀ ਕਰਨੀ ਤੇ ਰੱਬ ਦੀ ਭਗਤੀ ਕਰਨੀ ਦੋਵੇਂ ਕੰਮ ਕਦੇ ਵੀ ਇਕੋ ਸਮੇਂ ਨਹੀਂ ਹੋ ਸਕਦੇ।
42- ਸਰੀਰ ਸਾਂਭਣ ਦੇ ਨਾਲ ਨਾਲ ਇਸ ਸਰੀਰ ਵਿੱਚ ਜੋ ਕਿਰਾਏਦਾਰ ਰਹਿ ਰਿਹਾ ਹੈ ਨਾ, ਉਸ ਦੀ ਤੰਦਰੁਸਤੀ ਵੀ ਜ਼-ਰੂਰੀ ਹੈ।
43- ਦੁਨੀਆਂ ਭਰ ਦੇ ਸ਼ਮਸ਼ਾਨਘਾਟਾਂ ਨੂੰ ਫਰੋਲੋ, ਜਿਥੇ ਤੁਹਾਨੂੰ ਬੇਗਿਣਤ ਮੁਰਦੇ ਮਿਲਣਗੇ ਜੋ ਕਿੰਹਦੇ ਸਨ, ਕਿ ਸਾਡੇ ਬਗੈਰ ਇਹ ਸੰਸਾਰ ਚੱਲ ਹੀ ਨਹੀਂ ਸਕਦਾ, ਕੀ ਤੁਸੀਂ ਵੀ ਉਹੀ ਗਲਤੀ ਤਾਂ ਨਹੀਂ ਕਰ ਰਹੇ?
44- ਪਾਪੀ, ਪਾਖੰਡੀ ਤੇ ਸੁਆਰਥੀ ਮਨੁੱਖ, ਲੁਕ ਕੇ ਦੂਜਿਆਂ ਦਾ ਨੁਕਸਾਨ ਕਰਦੇ ਹਨ।
45- ਗੋਧਰਾ ਕਾਂਡ, ਜੂੰਨ 1984, ਨਵੰਬਰ 1984 ਵਰਗੀਆਂ ਘਟਨਾਵਾਂ ਉਦੋਂ ਤੱਕ ਹੁੰਦੀਆਂ ਰਹਿਣਗੀਆਂ ਜਦੋਂ ਤੱਕ ਰਾਜੇ ਸ਼ੀਹ ਮੁਕੱਦਮ ਕੁਤਿਆਂ ਵਰਗੀ ਸਥਿਤੀ ਬਣੀ ਰਹੇਗੀ।
46- ਜਦੋਂ ਤੱਕ ਸਿੱਖ ਸਮਾਜਵਾਦੀ ਢਾਂਚਾ ਕਾਇਮ ਨਹੀਂ ਹੁੰਦਾ, ਉਨੀ ਦੇਰ ਸਮਾਜ ਵਿੱਚ ਸਾਂਤੀ, ਖੁਸ਼ਹਾਲੀ ਤੇ ਸੁਖ ਨਹੀਂ ਆ ਸਕਦਾ।
47- ਵੋਟਰ ਆਪਣੀ ਵੋਟ ਦੀ ਸਹੀ ਵਰਤੋਂ ਉਨੀ ਦੇਰ ਨਹੀਂ ਕਰ ਸਕਦਾ, ਜਦੋਂ ਤੱਕ ਵੋਟਰ ਸਮਾਜਿਕ ਤੇ ਆਰਥਿਕ ਤੌਰ ਤੇ ਆਜ਼ਾਦ ਨਹੀਂ ਹੁੰਦਾ।



48- ਲੱਖ ਰੁਪਏ ਵਿਚੋਂ ਭਾਵੇਂ ਪੰਜ ਰੁਪਏ ਦਾ ਨੋਟ ਹੀ ਕੱਢ ਲਵੋ ਫਿਰ ਉਸ ਦੀ ਲੱਖ ਵਾਲੀ ਟੌਹਰ ਖਤਮ ਹੋ ਜਾਂਦੀ ਹੈ।
49- ਵਿਉਪਾਰ ਵਿੱਚ ਜਾਂ ਪਰਿਵਾਰ ਵਿੱਚ ਸਾਂਝ ਰਹੇਗੀ ਤਾਂ ਰਿਸ਼ਤਿਆਂ ਵਿੱਚ ਵੀ ਤੰਦਰੁਸਤੀ ਰਹੇਗੀ।
50- ਜਿੰਦਗੀ ਇਕ ਦੀਵਾਨਾਪਨ ਹੈ।
51- ਸਾਡਾ ਜਿਸਮ ਹੈ, ਇਹ ਤਾਂ ਸਾਨੂੰ ਇਸ ਤਰ੍ਹਾਂ ਜਿਵੇਂ ਦੁਨੀਆਂ ਵਿੱਚ ਰਹਿਣ ਲਈ ਕਮਰਾ ਕਿਰਾਏ 'ਤੇ ਮਿਲਿਆ ਹੋਵੇ।
52- ਅਪੱਣਤ, ਸਾਂਝ, ਪਿਆਰ, ਇਜ਼ਤ, ਮਾਣ, ਸਤਿਕਾਰ, ਇਹ ਸਭ ਦਿਲ ਦੇ ਮਸਲੇ ਹਨ, ਇਸ ਲਈ ਦਿਲ ਦਾ ਤੰਦਰੁਸਤ ਹੋਣਾ ਵੀ ਜ਼ਰੂਰੀ ਹੈ।
53- ਬੀਤੇ ਸਾਲ ਦੀਆਂ ਘਟਨਾਵਾਂ ਮਨੁੱਖਤਾ ਲਈ ਇਕ ਨਵਾਂ ਇਤਿਹਾਸ ਰੱਚ ਜਾਂਦੀਆਂ ਹਨ ਅਤੇ ਅਸੀਂ ਫਿਰ ਆਉਣ ਵਾਲੇ ਸਮੇਂ ਦੀ ਉਡੀਕ ਵਿੱਚ ਨਵੀਆਂ ਖਾਹਿਸ਼ਾਂ ਅਤੇ ਨਵੇਂ ਸੁਪਨੇ ਉਲੀਕਣ ਲੱਗ ਜਾਂਦੇ ਹਾਂ।
54- ਜਗਤ ਤਮਾਸ਼ਾਂ, ਚਲਾਕੀਆਂ ਦਾ ਸ਼ਿਕਾਰ ਹੁੰਦਾ ਆਇਆ ਹੈ, ਹੋ ਰਿਹਾ ਹੈ ਅਤੇ ਹੁੰਦਾ ਰਹੇਗਾ।
55- ਵਾਸਤੇ ਪਾਈ ਜਾਉ, ਤਰਲੇ ਕੱਢੀ ਜਾਉ, ਸਮੇਂ ਨੇ ਹੱਥੋਂ ਨਿਕਲ ਹੀ ਜਾਣਾ ਹੁੰਦਾ ਹੈ।
56- ਜਦੋਂ ਕੋਈ ਬਜ਼ੁਰਗ ਇਸ ਜਹਾਨ ਤੋਂ ਕੂਚ ਕਰਦਾ ਹੈ, ਤਾਂ ਭੂਤਕਾਲ ਮਰਦਾ ਹੈ। ਜਦੋਂ ਕੋਈ ਜਵਾਨ ਇਸ ਜਹਾਨ ਤੋਂ ਕੂਚ ਕਰਦਾ ਹੈ, ਤਾਂ ਭਵਿੱਖਤ ਕਾਲ ਮਰਦਾ ਹੈ।
57- ਵੱਡਿਆਂ ਨਾਲ ਆਹਡਾ ਨਾ ਲਵੋ, ਕਿਉਂਕਿ ਛੋਟੇ ਹੋਣ ਕਾਰਨ ਕੁਪੱਤ ਤੁਹਾਡੇ ਨਾਲ ਹੀ ਹੋਵੇਗੀ।
58- ਜੋ ਦੋ ਅਖੀਆਂ ਦੀ ਨੀਂਦਰ ਵਿੱਚ ਸੁਪਨਾ ਬਣ ਕੇ ਨਹੀਂ ਆਉਂਦਾ, ਉਸ ਨੂੰ ਪੰਛੀਆਂ ਦੀਆਂ ਡਾਰਾਂ ਵਰਗੀਆਂ ਸ਼ੁੱਭ ਇੱ-ਛਾਵਾਂ ਕਿਵੇਂ ਭੇਜੀਆਂ ਜਾ ਸਕਦੀਆਂ ਹਨ।
59- ਸਾਂਝ ਤਾਂ ਰਿਸ਼ਤਿਆਂ ਦੀ ਹੁੰਦੀ ਹੈ। ਸਾਂਝ ਬੁਤਾਂ ਦੀ ਜਾਂ ਸਰੀਰਾਂ ਦੀ ਨਹੀਂ ਹੁੰਦੀ।
60- ਜਿੰਦਗੀ ਸਾਡੇ ਦੀਵਾਨਾਪਨ ਦਾ ਇਕ ਹੁਸੀਨ ਸੁਫਨਾ ਹੈ।
61- ਪ੍ਰਭਾਤ ਅਤੇ ਸੰਧਿਆ ਦੋਹਾਂ ਦਾ ਸਬੰਧ ਚਾਨਣ ਅਤੇ ਹਨੇਰੇ ਨਾਲ ਹੈ।
62- ਆਤਮਾ ਦੀ ਤੰਦਰੁਸਤੀ ਲਈ ਸਮਾਂ ਲਗਦਾ ਹੈ ਪਰ ਜੇ ਅਸੀਂ ਇਹ ਸਮਾਂ ਨਹੀਂ ਲਾਵਾਂਗੇ ਤਾਂ ਆਤਮਾ ਬੀਮਾਰ ਹੋ ਜਾਵੇਗੀ।
63- ਸਾਡੀਆਂ ਸਭ ਤੋਂ ਵੱਡੀਆਂ ਵੱਡੀਆਂ ਬੀਮਾਰੀਆਂ ਦਾ ਇਲਾਜ ਸਾਡੀ ਜ਼ਮੀਰ ਦੇ ਹਸਪਤਾਲ ਵਿੱਚ ਰੋਜ਼ ਹੁੰਦਾ ਹੈ।
64- ਜੇ ਸਾਡਾ ਕੋਈ ਨਹੀਂ ਹੈ ਤਾਂ ਅਸੀਂ ਫਿਰ ਕਿਸ ਦੇ ਹਾਂ, ਗੱਲ ਖਤਮ।
65- ਜੇ ਜੁੱਤੀ ਟੁਟੀ ਹੋਵੇ ਤਾਂ ਛੱਤਰੀ ਲੈਣ ਦਾ ਫਾਇਦਾ ਨਹੀਂ ਹੁੰਦਾ, ਕਿਉਂਕਿ ਛੱਤਰੀ ਉਪਰੋਂ ਪਾਣੀ ਰੋਕੇਗੀ ਪਰ ਟੁਟੀ ਜੁੱਤੀ ਨਾਲ ਮੋਡਿਆਂ ਤੱਕ ਛਿੱਟੇ ਪੈਣਗੇ।
66- ਜਦ ਤੱਕ ਸਾਰੀ ਰਾਤ ਕਿਸੇ ਦੇ ਖਿਆਲਾਂ ਵਿੱਚ ਨਾ ਗੁਜ਼ਰੇ, ਉਦੋਂ ਤੱਕ ਸ਼ੁੱਭ ਇਛਾਵਾਂ ਦੇਣ ਦੀਆਂ ਭਾਵਨਾਵਾਂ ਨਹੀਂ ਜਾਗਦੀਆਂ।
67- ਜਦੋਂ ਦੇ ਲੋਕ ਪੈਸੇ ਨਾਲ ਹਰ ਚੀਜ਼ ਖਰੀਦਣ ਦੀ ਗਲਤੀ ਕਰਨ ਲਗੇ ਹਨ, ਸੰਤਾਪ ਭੋਗ ਰਹੇ ਹਨ ਅਤੇ ਜੂੰਨ ਹੰਢਾ ਰਹੇ ਹਨ।
68- ਮੱਥੇ 'ਤੇ ਤਰੇਲੀ ਉਦੋਂ ਵੱਧ ਆਉਂਦੀ ਹੈ ਜਦੋਂ ਸਮਾਜ ਵਿੱਚ ਚੰਗੇ ਕਿਰਦਾਰ ਵਾਲੇ ਲੋਕ ਗੁੱਲੀ ਡੰਡੇ ਵਾਲੀ ਸਿਆਸਤ ਖੇਡਣ ਲਗ ਜਾਂਦੇ ਹਨ।
69- ਤੁਸੀਂ ਸੋਹਣੇ ਹੋ ਠੀਕ ਹੈ ਪਰ ਕੋਈ ਕੰਮ ਕਾਰ ਕਰਨਾ ਵੀ ਸ਼ੁਰੂ ਕਰੋ। ਕਿਉਂਕਿ ਤੁਸੀਂ ਆਪਣੇ ਸੁਹਪਣ ਨੂੰ ਖਾ ਨਹੀਂ ਸਕਦੇ, ਖਾਣਾ ਕਮਾ ਕੇ ਹੀ ਪਵੇਗਾ।
70- ਜਿੰਦਗੀ ਇਕ ਖੂਬਸੂਰਬ ਬੁਝਾਰਤ ਹੈ ਜਿਸ ਨੂੰ ਅਸੀਂ ਸਮਝ ਨਹੀਂ ਸਕਦੇ।
71- ਸਰੀਰਕ ਤੰਦਰੁਸਤੀ ਤੇ ਆਤਮਕ ਤੰਦਰੁਸਤੀ ਦੇ ਨਾਲ ਨਾਲ ਸਾਨੂੰ ਦਿਮਾਗੀ ਤੰਦਰੁਸਤੀ ਦੀ ਵੀ ਉਨੀ ਹੀ ਲੋੜ ਹੈ।
72- ਜਿਸ ਦਾ ਇਕ ਪੈਰ ਬੱਦੀਖਾਨੇ ਵਿੱਚ ਹੋਵੇਗਾ ਯਕੀਨਨ ਉਸ ਦਾ ਦੂਜਾ ਪੈਰ ਜਾਂ ਤਾਂ ਜੇਲ੍ਹ ਵਿੱਚ ਨਹੀਂ ਤਾਂ ਹਸਪਤਾਲ ਹੋਵੇਗਾ।
73- ਮਜ਼ਦੂਰੀ ਕਰਨ ਵਾਲੇ ਮਜ਼ਦੂਰ ਨਾਲ ਕੁਸ਼ਤੀ ਨਾ ਲੜੋ। ਤੁਸੀਂ ਉਸਨੂੰ ਹਰਾ ਭਾਵੇਂ ਦਿਉ ਪਰ ਉਹ ਤੁਹਾਡਾ ਮੂੰਹ ਜ਼ਰੂਰ ਕਾਲਾ ਕਰ ਦੇਵੇਗਾ।
74- ਕਈਆਂ 'ਤੇ ਤਰਸ ਤਾਂ ਆਉਂਦਾ ਹੁੰਦਾ ਪਰ ਫਿਰ ਗੱਲ ਸਮਝਣ ਤੇ ਪਤਾ ਲਗਦਾ ਕਿ ਇਹਦੇ ਨਾਲ ਹੋਈ ਬਹੁਤ ਘੱਟ ਹੈ।
75- ਮੁੰਡੇ ਜੰਮੇ ਦੀਆਂ ਲੋਹੜੀਆਂ ਪਾਉਣ ਵਾਲਿਓ, ਕਾਹਤੋਂ ਕਦੇ ਕੁੜੀਆਂ ਦੀ ਲੋਹੜੀ ਨਾ ਪੁਆਈ
76- ਮੁੰਡੇ ਜੰਮੇ ਤੇ ਵਧਾਈਆਂ ਲੋਕੋ ਦੇਣ ਵਾਲਿਓ, ਕਿੱਥੇ ਗਈ ਕੁੜੀਆਂ ਦੇ ਹਿੱਸੇ ਦੀ ਵਧਾਈ।
77- ਬਹੁਤੇ ਲੋਕੀਂ ਆਪਣੀ ਜ਼ਿਦਗੀ ਨੂੰ ਹੀ ਉਲਾਂਭੇ ਦੇਈ ਜਾਂਦੇ ਹਨ ਕਿ ਇਹ ਉਨ੍ਹਾਂ ਨੂੰ ਰਾਸ ਕਿਉਂ ਨਹੀਂ ਆਈ।
78- ਮੁੰਡੇ ਜੰਮਣ 'ਤੇ ਵਾਜੇ ਵਜਾਉਣ ਵਾਲਿਉ, ਕੁੜੀ ਜੰਮਣ 'ਤੇ ਨਾ ਇਕ ਵੀ ਵੱਜੇ ਸ਼ਹਿਨਾਈ।
79- ਮੁੰਡੇ ਦੀਆਂ ਸੁੱਖਾਂ ਮਨਾਉਣ ਵਾਲਿਓ, ਕਿਉਂ ਨਾ ਕਦੇ ਧੀਆਂ ਦੀ ਵੀ ਸੁੱਖ ਤੂੰ ਮਨਾਈ।
80- ਮੈਂ ਆਪਣੀ ਜਿੰਦਗੀ ਕਿਥੋਂ ਤੱਕ ਸੰਭਾਲਦਾ, ਮੇਰੀ ਤਾਂ ਕੀਮਤੀ ਕਿਤਾਬ ਦਾ ਵਰਕਾ ਹੀ ਹਿੰਦੂਸਤਾਨੀ ਗੁਲਾਮੀ ਚ ਖਰਾਬ ਹੈ।
81 ਚੰਗੀਆਂ ਪੁਸਤਕਾਂ ਪੜ੍ਹ ਕੇ ਹਰ ਰੋਜ਼ ਅਸੀਂ ਕੁੱਝ ਨਵਾਂ ਸਿੱਖਦੇ ਹਾਂ। ਜੇ ਨਹੀਂ ਪੜਦੇ ਤਾਂ ਸਮਝੋ ਆਪਣੀ ਅਕਲ ਨੂੰ ਤਾਲਾ ਲਾ ਦਿੱਤਾ ਕਿ ਬੱਸ ਹੋਰ ਨਹੀਂ ਅਕਲ ਚਾਹੀਦੀ।
82- ਕਈ ਹੁਸੀਨ ਚਿਹਰੇ ਇੰਨੇ ਬੁਰਾ ਹਸਦੇ ਹਨ ਕਿ ਨਾਲ ਬੈਠੇ ਰੋਂਦੇ ਬੰਦੇ ਦਾ ਵੀ ਹਾਸਾ ਨਿਕਲ ਜਾਂਦਾ ਹੈ।
83- ਕਈ ਦਾਅਵੇ ਤਾਂ ਕਰਦੇ ਹਨ ਕਿ ਉਹਨਾਂ ਨੂੰ ਸਵਰਗ ਜਾਣ ਤੋਂ ਨਾਂਹ ਕਿਵੇਂ ਹੋ ਸਕਦੀ ਹੈ ਪਰ ਰੱਬ ਨੂੰ ਸ਼ਾਇਦ ਉਨ੍ਹਾਂ ਨੂੰ ਨਰਕ 'ਚ ਰੱਖਣ ਤੋਂ ਵੀ ਸ਼ਰਮਿੰਦਾ ਹੋਣਾ ਪਵੇਗਾ।
84- ਸ਼ੁੱਭ ਇੱਛਾਵਾਂ ਦਾ ਜਵਾਬ ਵੀ ਸ਼ੁੱਭ ਇੱਛਵਾਂ ਹੀ ਹੁੰਦਾ ਹੈ।
85- ਕਿਹੜਾ ਮਲਾਹ ਕਿੰਨਾ ਕਾਬਿਲ ਹੈ, ਇਹ ਸਮੁੰਦਰੀ ਤੂਫਾਨ ਤੋਂ ਚੰਗਾ ਕੋਈ ਨਹੀਂ ਦਸ ਸਕਦਾ।
86- ਇਜ਼ਤ ਮਾਣ ਸਤਿਕਾਰ ਪਿਆਰ ਮੁਹੱਬਤ ਬਿਨਾਂ, ਸ਼ੁੱਭ ਇਛਾਵਾਂ ਦਾ ਕੋਈ ਅਰਥ ਨਹੀਂ।
87- ਸ਼ੁੱਭ ਇਛਾਵਾਂ ਜ਼ਿਮੇਵਾਰੀਆਂ ਜਗਾਉਂਦੀਆਂ ਹਨ।
88- ਆਪਾਂ ਸ਼ੁੱਭ ਇਛਾਵਾਂ ਦੇਣ ਦੇ ਉਦੋਂ ਹੀ ਯੋਗ ਹੁੰਦੇ ਹਾਂ, ਜਦੋਂ ਆਪਾਂ ਸਮੁੱਚੀ ਮਨੁੱਖਤਾਂ ਨੂੰ ਸਤਿਕਾਰਦੇ ਹਾਂ।
89- ਅਰਦਾਸ ਬੇਨਤੀ ਜੋਦੜੀ ਇਨਸਾਨਾਂ ਦੀ ਹੀ ਪੂਰੀ ਹੁੰਦੀ ਹੈ।ਜੇ ਕੁੱਤਿਆਂ ਦੀ ਅਰਦਾਸ ਪੂਰੀ ਹੋਣ ਲੱਗਦੀ ਤਾਂ ਦਸੀਂ ਵੀਹੀਂ ਦਿਨੀਂ ਹੱਡੀਆਂ ਦਾ ਮੀਂਹ ਪੁਆ ਲਿਆ ਕਰਦੇ।
90- ਜੇ ਅਸੀਂ ਕਿਸੇ ਨੂੰ ਸੁੱਖ ਦੇ ਸਕਦੇ ਹਾਂ ਤਾਂ ਹੀ ਸੁੱਖ ਪ੍ਰਾਪਤ ਕਰਨ ਦੀ ਉਮੀਦ ਵੀ ਰੱਖ ਸਕਦੇ ਹਾਂ।
91- ਪਾਣੀ ਦੇ ਸੁਭਾਅ ਦਾ ਅੱਜ ਤੱਕ ਨਹੀਂ ਪਤਾ ਲੱਗਾ, ਕਿਉਂਕਿ ਪਾਣੀ ਸਾਂਤ ਹੋਵੇ ਤਾਂ ਜਹਾਜ ਨੂੰ ਵੀ ਉਪਰੋਂ ਤੈਰਾਈ ਫਿਰਦਾ ਹੈ ਪਰ ਜੇ ਰੋਹ ਵਿਚ ਆਵੇ ਤਾਂ ਉਸੇ ਜਹਾਜ ਨੂੰ ਡੋਬ ਵੀ ਦਿੰਦਾ ਹੈ।
92- ਲਿਫਟ ਦੇ ਜ਼ਮਾਨੇ ਵਿੱਚ ਲੱਕੜ ਦੀ ਪੌੜੀ ਨੀਵੀਂ ਪਾ ਕੇ ਰੋ ਰਹੀ ਹੈ।
93- ਸਭ ਤੋਂ ਮਾੜੇ ਬੰਦੇ ਉਹ ਹਨ, ਜਿਹੜੇ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਬੈਠ ਕੇ, ਰੱਬ ਵਰਗੀਆਂ ਸੰਗਤਾਂ ਦੀਆਂ ਬਿਰਤੀਆਂ ਵਿੱਚ ਵਿਘਨ ਪਾਉਂਦੇ ਹਨ ਅਤੇ ਉਹ ਉਪਰੋਂ ਆਪਣੇ ਆਪ ਨੂੰ ਧਾਰਮਿਕ ਜਾਂ ਸਮਾਜ ਸੁਧਾਰਕ ਸਮਝਦੇ ਹਨ।
94- ਵੋਟਾਂ ਦੇ ਘਟਨਾਕਰਮ ਤੋਂ ਬਾਅਦ ਨੇਤਾਵਾਂ ਨੇ ਲੰਘਦਿਆਂ ਵੜਦਿਆਂ ਕਦੀ ਗਰੀਬਾਂ ਦੇ ਘਾਹ ਫੂਸ ਦੇ ਬਣਾਏ ਰੈਣ ਬਸੇਰਿਆਂ ਵੱਲ ਧਿਆਨ ਮਾਰ ਕੇ ਦੇਖਣ ਦੀ ਜਹਿਮਤ ਉਠਾਈ ਹੈ ਕਿ ਇਹ ਵੀ ਆਜ਼ਾਦ ਮੁਲਕ ਦੇ ਵਾਸੀ ਹਨ।
95- ਜਦੋਂ ਕਿਸੇ ਨੂੰ ਕਠੋਰ ਕਹਿਣਾ ਹੋਵੇ ਤਾਂ ਕਹਿੰਦੇ ਹਾਂ ਕਿ ਪੱਥਰ ਵਰਗਾ ਹੈ ਪਰ ਜਦੋਂ ਬੇਵਫਾਈ ਦੀ ਚੋਟ ਵੱਜਦੀ ਹੈ ਤਾਂ ਪੱਥਰ ਨਾਲੋਂ ਵੱਧ ਦੁੱਖ ਦਿੰਦੀ ਹੈ।
96- ਗਰੀਬੜਿਆਂ ਨੂੰ ਕਦੀ ਪੁੱਛ ਕੇ ਦੇਖਿਆ ਜਾਵੇ ਕਿ ਆਜ਼ਾਦੀ ਕੀ ਹੁੰਦੀ ਹੈ ? ਉੱਤਰ ਮਿਲੇਗਾ ਪਤਾ ਨਹੀਂ , ਇਹ ਲੋਕ ਗੁਲਾਮੀ ਦੇ ਸਮੇਂ ਤਾਂ ਗੁਲਾਮ ਹੈ ਹੀ ਸਨ ਤੇ ਅੱਜ ਆਜ਼ਾਦ ਹਿੰਦੂਸਤਾਨ ਵਿੱਚ ਵੀ ਗੁਲਾਮਾਂ ਦੀ ਤਰ੍ਹਾਂ ਹੀ ਹਨ।
97- ਉਸ ਸਮੇਂ ਸ਼ਰਮ ਨਾਲ ਸਿਰ ਝੁੱਕ ਜਾਂਦਾ ਹੈ, ਜਦੋਂ ਕਿਸੇ ਭਾਰਤੀ ਬਜ਼ੁਰਗ ਦੀ ਜ਼ੁਬਾਨੀ ਇਹ ਸੁਣਨ ਨੂੰ ਮਿਲਦਾ ਹੈ ਕਿ ਆਪਣਿਆਂ ਨਾਲੋਂ ਤਾਂ ਗੋਰਿਆਂ ਦੀ ਗੁਲਾਮੀ ਸੌ ਦਰਜੇ ਚੰਗੀ ਸੀ।
98- ਵਿਸ਼ਵਾਸ਼, ਇਮਾਨਦਾਰੀ, ਸਬਰ, ਪਿਆਰ ਇਹ ਕਦੇ ਵੀ ਧੰਨ ਦੇ ਕਬਜ਼ੇ ਹੇਠ ਨਹੀਂ ਰਹੇ।
99- ਕਿਸੇ ਦੇ ਕੰਮ ਆ ਸਕਣਾ ਹੀ ਸਾਡੀ ਕੀਮਤ ਹੈ।
100- ਜੋ ਆਪਣੇ ਆਪ ਨੂੰ ਸਭ ਤੋਂ ਵੱਧ ਅਕਲਮੰਦ ਸਮਝਦਾ ਹੈ। ਉਹ ਹੀ ਤਾਂ ਬੇਅਕਲ ਹੁੰਦਾ ਹੈ।
101- ਸਿਆਸੀ ਲੋਕ ਕੁਰਸੀ ਖਾਤਰ ਸਭ ਤਰ੍ਹਾਂ ਦੇ ਹੱਥ ਕੰਢੇ ਅਪਣਾਉਂਦੇ ਹਨ, ਜਿਸ ਪਾਰਟੀ ਦੇ ਸੋਹਲੇ ਗਾਉਂਦੇ ਨਹੀਂ ਥੱਕਦੇ, ਉਸ ਨੂੰ ਮੌਕੇ ਸਿਰ ਧੋਖਾ ਦੇ ਜਾਣ ਤੋਂ ਵੀ ਗੁਰੇਜ਼ ਨਹੀਂ ਕਰਦੇ।
102- ਲੋਕਾਂ ਨੂੰ ਇਹ ਅਹਿਸਾਸ ਹੋਣਾ ਬਹੁਤ ਜ਼ਰੂਰੀ ਹੈ ਕਿ ਵੋਟ ਆਪਣੇ ਆਪ ਵਿੱਚ ਬਹੁਤ ਵੱਡੀ ਤਾਕਤ ਹੈ।
103- ਹਿੰਦੂਸਤਾਨ ਅੰਦਰ ਅਮੀਰ ਵਰਗ ਕੋਲ ਪੈਸਾ, ਬਾਹੂਬਲ ਅਤੇ ਅਫਸਰਸ਼ਾਹੀ ਦੀ ਫੌਜ਼ ਹੈ।ਮੱਧ ਵਰਗ ਕੋਲ ਕਲਰਕੀ। ਗਰੀਬ ਵਰਗ ਕੋਲ ਸੇਵਾ ਭਾਵਨਾ ਤੇ ਇਸ ਤੋਂ ਹੇਠਲੇ ਵਰਗ ਕੋਲ ਮਿਹਨਤ ਮਜ਼ਦੂਰੀ ਅਤੇ ਭੁੱਖਮਾਰੀ, ਇਹੀਓ ਹੈ ਆਜ਼ਾਦ ਹਿੰਦੂਸਤਾਨ ਦੀ ਅਸਲੀਅਤ।
104- ਜਿੰਦਗੀ ਨਾਲ ਰਗੜ ਹਰ ਆਦਮੀ ਨੂੰ ਖਾਣੀ ਪੈਂਦੀ ਹੈ। ਕੋਈ ਰਗੜ ਖਾ ਕੇ ਹੀਰੇ ਵਾਂਗ ਚਮਕ ਪੈਂਦਾ ਹੈ ਤੇ ਕੋਈ ਚੂਰ ਪੈਂਦਾ ਹੈ।
105- ਰੁੱਤਾਂ ਵਾਂਗ ਇਕ ਰੁੱਤ ਹਰ ਇਨਸਾਨ ਤੇ ਵੀ ਆਉਂਦੀ ਹੈ ਜਦੋਂ ਉਹ ਆਪਣੇ ਆਪ ਨੂੰ ਨਿਹਾਰਦਾ ਹੈ।
106- ਮਨੁੱਖ ਕਿਧਰੇ ਵੀ ਰਹੇ, ਉਸ ਨੂੰ ਬਚਪਨ ਦਾ ਦੇਸ਼ ਨਹੀਂ ਭੁੱਲਦਾ।
107- ਹਰ ਕਿਸੇ ਕੋਲ ਆਪਣੇ ਪਿਆਰ ਦੀ ਕੋਈ ਦਰਦੀਲੀ ਕਹਾਣੀ ਹੁੰਦੀ ਹੈ।
108- ਬਗਾਵਤ ਦੀ ਅਵਸਥਾ ਵਿੱਚ ਮਨੁੱਖ ਆਪਣੇ ਆਪ ਨੂੰ ਲੱਭਦਾ ਰਹਿੰਦਾ ਹੈ, ਅਤੇ ਉਸ ਦੇ ਉਠਣ ਬੈਠਣ, ਵੇਖਣ ਸੁਣਨ, ਬੋਲਣ ਆਦਿ ਦੀਆਂ ਸਾਰੀਆਂ ਅਦਾਵਾਂ ਬਦਲ ਜਾਂਦੀਆਂ ਹਨ।
109- ਜਦੋਂ ਮਨ ਵਿੱਚ ਕਿਸੇ ਦੀ ਯਾਦ ਰਿੱਝਣ ਲੱਗ ਪਵੇ, ਜੀਵਨ ਦੇ ਅਜਿਹੇ ਪੜਾਅ ਨੂੰ ਜਵਾਨੀ ਕਹਿੰਦੇ ਹਨ।
110- ਲਾਲਚ ਕਰਕੇ ਮਨੁੱਖ ਲੰਗੜਾ ਹੋ ਜਾਂਦਾ ਤਾਂ ਬਹੁਤੀ ਵੱਡੀ ਗੱਲ ਨਹੀਂ ਸੀ ਪਰ ਇਹ ਤਾਂ ਅਪਾਹਜ ਹੀ ਬਚ ਗਿਆ ਹੈ।
111- ਸੁੱਤੀ ਅੱਖ ਦਾ ਸੁਪਨਾ, ਸੱਚਮੁੱਚ ਸੁਪਨਾ ਹੁੰਦਾ ਹੈ, ਜਾਗਦੀ ਅੱਖ ਦਾ ਸੁਪਨਾ ਤੁਹਾਡੀ ਕਾਮਯਾਬੀ ਦਾ ਸੰਕੇਤ ਹੁੰਦਾ ਹੈ।
112- ਧਿਆਨ ਨਾਲ ਕੀਤੀਆਂ ਗਲਤੀਆਂ ਦੇ ਵੇਰਵੇ, ਪਿਆਰ ਦੀ ਕਹਾਣੀ ਬਣ ਜਾਂਦੇ ਹਨ।
113- ਕਈ ਇਮਾਰਤਾਂ ਖੰਡਰ ਬਣਨ ਤੋਂ ਬਾਅਦ ਹੀ ਦੂਜਿਆਂ ਦੇ ਧਿਆਨ ਦਾ ਕੇਂਦਰ ਬਣਦੀਆਂ ਹਨ।
114- ਦਿਲ ਦੇਣ ਦਾ ਸਵਰਗੀ ਅਨੁਭਵ ਜਵਾਨੀ ਵਿਚ ਹੀ ਪ੍ਰਾਪਤ ਹੁੰਦਾ ਹੈ।
115- ਆਪਾਂ ਸਾਰੇ ਟਿਕ ਜਾਣ ਦੀ ਤਾਂਘ ਵਿੱਚ ਭਟਕਦੇ ਹਾਂ ਅਤੇ ਚੁੱਪ ਹੋ ਜਾਣ ਦੀ ਤਾਂਘ ਵਿੱਚ ਬੋਲਦੇ ਹਾਂ।
116- ਕਈ ਲੋਕ, ਕਈ ਸਾਲ ਇੱਕਠੇ ਰਹਿ ਕੇ ਵੀ ਅਜਨਬੀ ਹੀ ਰਹਿੰਦੇ ਹਨ, ਅਤੇ ਕਈ ਰਾਹ ਜਾਂਦਿਆਂ ਕੁੱਝ ਪਲਾਂ ਲਈ ਮਿਲਦੇ ਹਨ ਅਤੇ ਉਮਰੋਂ ਲੰਮਾ ਸਾਥ ਜਾਂ ਰਿਸ਼ਤਾ ਸਿਰਜ ਜਾਂਦੇ ਹਨ।
117- ਅੱਖਾਂ ਨਾਲ ਲਾਈ ਅੱਗ ਬੁੱਲਾਂ ਨਾਲ ਬੁਝਾਉਣ ਦਾ ਯਤਨ ਕੀਤਾ ਜਾਂਦਾ ਹੈ।
118- ਸਭ ਥਾਵਾਂ ਘੁੰਮ ਕੇ, ਸਭ ਨੂੰ ਮਿਲ ਕੇ, ਆਪਣਾ ਉਦੇਸ਼ ਇਕ ਥਾਂ ਟਿਕ ਜਾਣਾ ਹੁੰਦਾ ਹੈ।
119- ਤੁਹਾਡੇ ਉਪਰ ਕੀਤੇ ਗਏ ਵਿਸ਼ਵਾਸ਼ ਨੂੰ, ਤੁਸੀਂ ਹੇਰਾ ਫੇਰੀ ਦੀ ਆਰੀ ਨਾਲ ਨਾ ਵੱਢੋ।
120- ਅੱਜ ਕੱਲ੍ਹ ਗੁਰੂ ਘਰਾਂ ਵਿੱਚ ਨਵਾਬ ਕਪੂਰ ਸਿੰਘ ਦੇ ਵਾਰਸਾਂ ਨੂੰ ਨਹੀਂ ਬਲਕਿ ਚੌਧਰੀਆਂ ਨੂੰ ਚੌਧਰ ਮਿਲਦੀ ਹੈ।
121- ਕੁੱਝ ਲੋਕਾਂ ਦਾ ਇੰਨਾ ਨਰਕ ਭਰਿਆ ਜੀਵਨ ਲੰਘ ਰਿਹਾ ਹੈ ਕਿ ਉਨ੍ਹਾਂ ਨੂੰ ਕਿਸੇ ਹੋਰ ਨਰਕ ਦੀ ਕਲਪਨਾ ਕਰਨੀ ਹੀ ਨਹੀਂ ਚਾਹੀਦੀ।
122- ਜਵਾਨੀ ਵਿੱਚ ਉਦਾਸ ਹੋਣ ਵਿਚੋਂ ਆਨੰਦ ਮਿਲਦਾ ਹੈ।

# ਪਰਨੀਤ ਕੌਰ ਸੰਧੂ ਦੀ ਬਿਰਹਾ ਦੇ ਦਰਦਾਂ ਦੀ ਦਾਸਤਾਨ



**ਉਜਾਗਰ ਸਿੰਘ**

ਪਰਨੀਤ ਸੰਧੂ ਦੀਆਂ ਕਵਿਤਾਵਾਂ ਦਾ ਮੁਖ ਵਿਸ਼ਾ ਪਿਆਰ ਅਤੇ ਪਿਆਰ ਵਿਚ ਅਸਫ਼ਲਤਾ ਤੋਂ ਬਾਅਦ ਉਪਜੇ ਬਿਰਹਾ ਦੀ ਪੀੜ ਵਿਚ ਗੜੁਚ ਹਨ। ਉਹ ਆਪਣੀਆਂ ਕਵਿਤਾਵਾਂ ਵਿਚ ਪਿਆਰ ਦੇ ਗੀਤ ਹੀ ਗਾਉਂਦੀ ਹੈ ਖਾਸ ਤੌਰ ਤੇ ਪ੍ਰੇਮੀ ਦੇ ਵਿਛੋੜੇ ਦੇ ਦਰਦ ਨੂੰ ਹੀ ਆਪਦੀਆਂ ਬਹੁਤੀਆਂ ਕਵਿਤਾਵਾਂ ਦਾ ਕੇਂਦਰ ਬਿੰਦੂ ਰੱਖਦੀ ਹੈ। ਪਿਆਰ ਨੂੰ ਉਹ ਸਫਲ ਜ਼ਿੰਦਗੀ ਦਾ ਹਿੱਸਾ ਮੰਨਦੀ ਹੈ। ਉਸ ਅਨੁਸਾਰ ਪਿਆਰ ਬਿਨਾ ਜ਼ਿੰਦਗੀ ਅਧੂਰੀ ਹੁੰਦੀ ਹੈ। ਇਸ ਲਈ ਉਹ ਪਿਆਰਿਆਂ ਨੂੰ ਸਲਾਹ ਵੀ ਦਿੰਦੀ ਹੈ ਕਿ ਮਾੜੀਆਂ ਮੋਟੀਆਂ ਭੁੱਲਾਂ ਅਤੇ ਗ਼ਲਤੀਆਂ ਨੂੰ ਅਣਡਿਠ ਕਰਕੇ ਵਸਲ ਦੀ ਜ਼ਿੰਦਗੀ ਦਾ ਆਨੰਦ ਮਾਨਣਾ ਚਾਹੀਦਾ ਹੈ। ਉਸਦੀ ਕਲਮ ਵਿਚ ਅਜਿਹੀ ਤਾਕਤ ਹੈ ਕਿ ਉਹ ਆਪਣੀਆਂ ਕਵਿਤਾਵਾਂ ਵਿਚਲੀ ਨਿੱਜੀ ਪੀੜ ਨੂੰ ਲੋਕਾਂ ਦੀ ਪੀੜ ਅਨੁਭਵ ਕਰਨ ਲਾ ਦਿੰਦੀ ਹੈ। ਉਸ ਦੀਆਂ ਕਵਿਤਾਵਾਂ ਬਿਰਹਾ ਦਾ ਅਜਿਹਾ ਤੁਣਕਾ ਲਗਾਉਂਦੀਆਂ ਹਨ, ਜਿਸ ਨਾਲ ਹਰ ਇਨਸਾਨ ਦਾ ਦਿਲ ਬਿਰਹਾ ਵਿਚ ਤੜਪ ਉਠਦਾ ਹੈ। ਉਸਦੀ ਪਲੇਠੀ ਪੁਸਤਕ 'ਦਰਦਾਂ ਦੀ ਦਾਸਤਾਨ' ਹੈ ਜਿਸ ਵਿਚ 82 ਕਵਿਤਾਵਾਂ ਹਨ। ਇਨ੍ਹਾਂ ਵਿਚੋਂ 58 ਕਵਿਤਾਵਾਂ ਪੰਜਾਬੀ ਭਾਸ਼ਾ ਵਿਚ ਅਤੇ 24 ਕਵਿਤਾਵਾਂ ਲਿਖੀਆਂ ਤਾਂ ਗੁਰਮੁਖੀ ਸਕਰਿਪਟ ਵਿਚ ਹੀ ਹਨ ਪ੍ਰੰਤੂ ਹਿੰਦੋਸਤਾਨੀ ਬੋਲੀ ਵਿਚ ਹਨ। ਇਉਂ ਲੱਗਦਾ ਹੈ ਕਿ ਪ੍ਰਨੀਤ ਕੌਰ ਸੰਧੂ ਨੇ ਆਪਣੇ ਪਿਆਰ ਦੀ ਅਸਫਲਤਾ ਨੂੰ ਕਵਿਤਾਵਾਂ ਦਾ ਰੂਪ ਦਿੱਤਾ ਹੈ, ਇਸ ਕਰਕੇ ਉਸ ਦੀਆਂ ਕਵਿਤਾਵਾਂ ਬੇਵਫ਼ਾਈ, ਬ੍ਰਿਹਾ, ਧੋਖ਼ਾ, ਫਰੇਬ, ਹੰਝੂ, ਹਓਕੇ, ਸ਼ਿਕਵੇ, ਨਿਹੋਰੇ, ਨਖ਼ਰੇ, ਅਰਮਾਨਾਂ ਅਤੇ ਗੁਨਾਹਾਂ ਦੇ ਆਲੇ ਦੁਆਲੇ ਹੀ ਘੁੰਮਣਘੇਰੀਆਂ ਖਾਂਦੀਆਂ ਰਹਿੰਦੀਆਂ ਹਨ। ਲਗਪਗ ਹਰ ਕਵਿਤਾ ਵਿਚ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਜਿਨ੍ਹਾਂ ਦਾ ਸਿੱਧਾ ਸੰਬੰਧ ਉਦਾਸੀ ਦੇ ਆਲਮ ਨਾਲ ਹੁੰਦਾ ਹੈ। ਪਿਆਰਿਆਂ ਦੀਆਂ ਹਸਰਤਾਂ ਦਾ ਪੂਰਿਆਂ ਨਾ ਹੋਣਾ ਇਨਸਾਨੀ ਕਦਰਾਂ ਕੀਮਤਾਂ ਵਿਚ ਆਈਆਂ ਗਿਰਾਵਟਾਂ ਨੂੰ ਮੰਨਦੀ ਹੈ। ਬੇਕਦਰਿਆਂ ਨਾਲ ਸੰਸਾਰ ਭਰਿਆ ਪਿਆ ਹੈ, ਇਸ ਕਰਕੇ ਪਿਆਰ ਦੇ ਵਸਲ ਦੀ ਆਸ ਕਰਨੀ ਅਸੰਭਵ ਹੈ। ਫਿਰ ਵੀ ਉਹ ਆਪਣੀਆਂ ਕਵਿਤਾਵਾਂ ਵਿਚ




ਖ਼ੁਆਬਾਂ ਦੀਆਂ ਲਹਿਰਾਂ ਵਿਚ ਡੁਬਕੀਆਂ ਮਾਰਦੀ ਰਹਿੰਦੀ ਹੈ। ਖ਼ੁਦਗਜਰ ਦੋਸਤ ਆਪਣੀਆਂ ਖ਼ਾਹਿਸ਼ਾਂ ਦੀ ਪ੍ਰਾਪਤੀ ਤੋਂ ਬਾਅਦ ਅਧਵਾਟੇ ਛੱਡ ਕੇ ਭੱਜ ਜਾਂਦੇ ਹਨ। ਦੋਸਤੀ ਵਿਚ ਖ਼ੁਦਗਰਜ਼ੀ ਕਲੰਕ ਹੁੰਦੀ ਹੈ ਜੋ ਸੰਬੰਧਾਂ ਨੂੰ ਕਲੰਕਿਤ ਕਰ ਦਿੰਦੀ ਹੈ। ਨਾਲ ਦੀ ਨਾਲ ਉਹ ਇਹ ਵੀ ਕਹਿੰਦੀ ਹੈ ਕਿ ਮੁਹੱਬਤਾਂ ਵਿਚ ਜੁਦਾਈ ਦਾ ਹੋਣਾ ਕੁਦਰਤੀ ਹੁੰਦਾ ਹੈ, ਇਸ ਲਈ ਜੁਦਾਈ ਦੇ ਡਰ ਕਰਕੇ ਮੁਹੱਬਤਾਂ ਦੇ ਰਸਤੇ ਤਿਆਗਣੇ ਵੀ ਵਾਜਬ ਨਹੀਂ ਹੁੰਦੇ ਪ੍ਰੰਤੂ ਪਿਆਰ ਵਿਚ ਸ਼ੱਕ ਦੀ ਗੁਜਾਇਸ਼ ਹੋਣੀ ਨਹੀਂ ਚਾਹੀਦੀ। ਜਦੋਂ ਪਿਆਰ ਵਿਚ ਸ਼ੱਕ ਪੈਦਾ ਹੋ ਜਾਵੇ ਤਾਂ ਪਿਆਰ ਦੁਸ਼ਮਣ ਬਣ ਜਾਂਦਾ ਹੈ ਅਤੇ ਦਰਦਾਂ ਦੀ ਦਾਸਤਾਨ ਸ਼ੁਰੂ ਹੋ ਜਾਂਦੀ ਹੈ। ਇਸ਼ਕ ਵਿਚ ਖੱਜਲ ਖ਼ੁਆਰੀਆਂ ਤਾਂ ਹੁੰਦੀਆਂ ਹੀ ਹਨ, ਇਨ੍ਹਾਂ ਤੋਂ ਡਰਨਾ ਨਹੀਂ ਚਾਹੀਦਾ।

ਉਹ ਇਹ ਵੀ ਮੰਨਦੀ ਹੈ ਕਿ ਇਸ਼ਕ ਤੋਂ ਬਿਨਾਂ ਜੀਵਨ ਨੀਰਸ ਹੈ ਅਤੇ ਇਸ਼ਕ ਨੇ ਦੁਨੀਆਂ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਪਾਗਲਪਨ ਦਾ ਦੂਜਾ ਨਾਂ ਇਸ਼ਕ ਹੈ। ਇਸ਼ਕ ਫਕੀਰ ਬਣਾ ਦਿੰਦਾ ਹੈ। ਹਾਸੇ ਅਤੇ ਖ਼ੁਸ਼ੀਆਂ ਖੋਹ ਕੇ ਇਸ਼ਕ ਗ਼ਮਾਂ ਦੇ ਸਮੁੰਦਰਾਂ ਵਿਚ ਸੁੱਟ ਦਿੰਦਾ ਹੈ ਜਿਥੋਂ ਨਿਕਲਣ ਲਈ ਪਿਆਰਿਆਂ ਦਾ ਜੀਵਨ ਦੁੱਭਰ ਕਰ ਦਿੰਦਾ ਹੈ। ਉਹ ਇਹ ਵੀ ਕਹਿੰਦੀ ਹੈ ਕਿ ਕੋਈ ਵੀ ਪਿਆਰਾ ਆਪਣੇ ਇਸ਼ਕ ਨੂੰ ਖੋਣਾ ਨਹੀਂ ਚਾਹੁੰਦਾ, ਆਸ਼ਕ ਮਸ਼ੂਕ ਬੁਰੇ ਨਹੀਂ ਹੁੰਦੇ ਪ੍ਰੰਤੂ ਮਜਬੂਰੀਆਂ ਉਨ੍ਹਾਂ ਦੇ ਰਸਤੇ ਵਿਚ ਪਹਾੜ ਬਣਕੇ ਆ ਖਲੋਂਦੀਆਂ ਹਨ। ਪ੍ਰਨੀਤ ਇਹ ਵੀ ਸਲਾਹ ਦਿੰਦੀ ਹੈ ਕਿ ਆਪਣੇ ਬਰਾਬਰ ਦਿਆਂ ਨਾਲ ਹੀ ਇਸ਼ਕ ਕਰੋ, ਆਪ ਤੋਂ ਵੱਡੇ ਹਮੇਸ਼ਾ ਧੋਖ਼ਾ ਦੇ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਯਾਰੀਆਂ ਨਿਭਦੀਆਂ ਨਹੀਂ, ਉਹ ਤਾਂ ਜਿਸਮਾਂ ਦੇ ਭੁੱਖੇ ਹੁੰਦੇ ਹਨ। ਇਨਸਾਨ ਦੀ ਸੋਚ ਬੁਰੀ ਨਹੀਂ ਹੁੰਦੀ, ਹਾਲਾਤ ਹੀ ਐਸੇ ਬਣ ਜਾਂਦੇ ਹਨ। ਆਪਣੀਆਂ ਕਵਿਤਾਵਾਂ ਵਿਚ ਉਹ ਸਿੱਟਾ ਕੱਢਦੀ ਹੈ ਕਿ ਭਾਵੇਂ ਇਸ਼ਕ ਦੇ ਜਖ਼ਮਾਂ ਦੇ ਦਰਦ ਗਹਿਰੇ ਹੁੰਦੇ ਹਨ ਪ੍ਰੰਤੂ ਇਹ ਦਰਦ ਹੀ ਜ਼ਿੰਦਗੀ ਜਿਉਣ ਦੀ ਵਜਾਹ ਹੁੰਦੇ ਹਨ। ਉਹ ਆਪਣੀਆਂ ਕਵਿਤਾਵਾਂ ਵਿਚ ਰੱਬ ਨੂੰ ਵੀ ਤਾਹਨੇ ਮਿਹਣੇ ਮਾਰਦੀ ਕਹਿੰਦੀ ਹੈ ਕਿ ਤੂੰ ਖ਼ੁਦ ਗ਼ਰੀਬ ਹੈਂ ਇਸੇ ਕਰਕੇ ਸਾਡੇ ਪਿਆਰ ਦੀ ਗ਼ਰੀਬੀ ਦੂਰ ਨਹੀਂ ਕਰ ਸਕਦਾ। ਤੂੰ ਦੁਨੀਆਂ ਨੂੰ ਬਣਾ ਅਤੇ ਮਿਟਾ ਸਕਦਾ ਹੈਂ ਤਾਂ ਪਿਆਰਿਆਂ ਨੂੰ ਮਿਲਾਉਣ ਵਿਚ ਤੈਨੂੰ ਕੀ ਤਕਲੀਫ਼ ਹੈ। ਪਿਆਰਿਆਂ ਦੇ ਦਿਲ ਜ਼ਿੱਦੀ ਹੁੰਦੇ ਹਨ, ਉਹ ਆਪਣੀ ਜ਼ਿੱਦ ਤੇ ਬਜਿਦ ਰਹਿੰਦੇ ਹਨ ਤੂੰ ਭਾਵੇਂ ਮਦਦ ਕਰ ਭਾਵੇਂ ਨਾ ਕਰ।

ਪ੍ਰਨੀਤ ਸੰਧੂ ਦਾ ਜਨਮ ਜਗਤਾਰ ਸਿੰਘ ਸੰਧੂ ਅਤੇ ਮਾਤਾ ਦਲਜੀਤ ਕੌਰ ਸੰਧੂ ਦੇ ਘਰ 7 ਅਪ੍ਰੈਲ 1987 ਨੂੰ ਫਗਵਾੜਾ ਵਿਖੇ ਹੋਇਆ। ਉਨ੍ਹਾਂ ਪ੍ਰਾਇਮਰੀ ਅਤੇ ਮਿਡਲ ਤੱਕ ਦੀ ਪੜ੍ਹਾਈ ਮਹਾਵੀਰ ਸੀਨੀਅਰ ਮਾਡਲ ਸਕੂਲ ਜੀ.ਟੀ.ਰੋਡ.ਕਰਨਾਲ ਹਰਿਆਣਾ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਪਲੱਸ ਟੂ ਸੈਫਰਨ ਪਬਲਿਕ ਸਕੂਲ ਫਗਵਾੜਾ ਤੋਂ ਪਾਸ ਕੀਤੀ। ਬੀ.ਸੀ.ਏ. ਕਰਨ ਲਈ ਉਸ ਨੇ ਰਾਮਗੜ੍ਹੀਆ ਕਾਲਜ ਫਗਵਾੜਾ ਵਿਖੇ ਦਾਖ਼ਲਾ ਲੈ ਲਿਆ ਉਥੋਂ ਹੀ ਇਹ ਡਿਗਰੀ ਪ੍ਰਾਪਤ ਕੀਤੀ। ਉਸ ਤੋਂ ਮਗਰੋਂ ਅਦਿਤਿਆ ਮਹਾਂ ਵਿਦਿਆਲਿਆ ਨਾਰਥ ਕੈਂਪਸ ਨਵੀਂ ਦਿੱਲੀ ਵਿਚ ਦਾਖਲ ਹੋ ਗਈ, ਉਥੋਂ ਉਸਨੇ ਐਮ.ਸੀ.ਏ. ਦੀ ਡਿਗਰੀ ਪਾਸ ਕੀਤੀ।

ਸਕੂਲ ਅਤੇ ਕਾਲਜ ਵਿਚ ਕਵਿਤਾਵਾਂ ਦੀਆਂ ਪੁਸਤਕਾਂ ਪੜ੍ਹਨ ਦਾ ਸ਼ੌਕ ਪੈਦਾ ਹੋ ਗਿਆ ਪ੍ਰੰਤੂ ਕਵਿਤਾਵਾਂ ਲਿਖਣਾ ਅਕਾਦਮਿਕ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਹੀ ਸ਼ੁਰੂ ਕੀਤਾ, ਜਦੋਂ ਪਿਆਰ ਦੇ ਵਣਜ ਵਿਚ ਗਹਿਰੀ ਸੱਟ ਵੱਜੀ। 2007 ਵਿਚ ਉਹ ਉਹ ਕੈਨੇਡਾ ਪ੍ਰਵਾਸ ਕਰ ਗਈ ਅਤੇ ਉਥੋਂ ਰੋਜ਼ਗਾਰ ਦੇ ਸਿਲਸਿਲੇ ਵਿਚ 2009 ਵਿਚ ਕੁਵੈਤ ਚਲੀ ਗਈ। ਆਪਣੀਆਂ ਬਹੁਤੀਆਂ ਕਵਿਤਾਵਾਂ ਕੁਵੈਤ ਵਿਚ ਬਿਰਹਾ ਦੀ ਜ਼ਿੰਦਗੀ ਬਤੀਤ ਕਰਦਿਆਂ ਹੀ ਲਿਖੀਆਂ।

# ਮਿਆਰੀ ਕਲਮ ਅਤੇ ਦਮਦਾਰ ਸੁਰੀਲੀ ਅਵਾਜ - ਜਗਜੀਤ ਮੁਕਤਸਰੀ



**ਪ੍ਰੀਤਮ ਲੁਧਿਆਣਵੀ**
**9876428641**

ਸਟੇਜ ਤੇ ਚੜ੍ਹ ਕੇ ਗਾਇਕੀ ਨਾਲ ਸਰੋਤਿਆਂ ਨੂੰ ਕੀਲਕੇ ਬਿਠਾਉਣਾ ਆਮ ਦੇ ਵਸ ਦੀ ਗੱਲ ਨਹੀ ਹੁੰਦੀ। ਸੁਰ ਵੀ ਚਾਹੀਦੈ ਤੇ ਤਾਲ ਵੀ। ਹਰਕਤਾਂ-ਭਰਪੂਰ ਗਲੇ ਵਿਚ ਮਿੱਠਾਸ ਵੀ ਅਤੇ ਸੁਰੀਲਾ-ਪਨ ਵੀ। ਫਿਰ ਸਰੋਤਿਆਂ ਦੀ ਸੁਰ ਨੂੰ ਸਮਝਣ ਦੀ ਪਰਖ, ਸਮਰੱਥਾ ਤੇ ਗਾਉਣ ਦਾ ਛਾਤੀ ਵਿਚ ਦਮ ਵੀ। ਤਦ ਕਿਤੇ ਜਾ ਕੇ ਖਿੱਚਾਂ ਪੈਂਦੀਆਂ, ਸਰੋਤਿਆਂ ਨੂੰ। ਜਿੰਨਾ ਔਖਾ ਗਾਉਣਾ, ਉਸਤੋਂ ਵੀ ਵੱਧ ਔਖਾ ਹੈ, ਲਿਖਣਾ। ਪਾਏਦਾਰ, ਪ੍ਰਭਾਵਸ਼ਾਲੀ ਅਤੇ ਗੁੰਦਵੀਂ ਸ਼ਬਦਾਵਲੀ ਨਾਲ ਪਾਠਕਾਂ ਦੇ ਮਨਾਂ ਉਤੇ ਰਾਜ ਕਰਨਾ। ਲਿਖਣ ਜਾਂ ਗਾਉਣ ਦਾ ਇਹ ਸਾਰਾ ਕੁਝ ਗੌਡ-ਗਿਫਟ ਤਾਂ ਹੁੰਦਾ-ਹੀ-ਹੁੰਦੈ, ਪਰ ਨਾਲ ਅਭਿਆਸ ਵੀ ਮੰਗਦੈ। ਇਹੋ ਜਿਹੇ ਸੁਭਾਗੇ ਲੋਕਾਂ ਦੀ ਕਤਾਰ ਵਿਚ ਆਉਂਦਾ ਇਕ ਮਾਣ-ਮੱਤਾ ਹਸਤਾਖਰ ਹੈ, ਜਗਜੀਤ ਮੁਕਤਸਰੀ। ਉਹ ਖੁਸ਼-ਨਸੀਬ ਮੁਕਤਸਰੀ, ਜਿਸਨੂੰ ਗਾਇਕੀ ਤੇ ਗੀਤਕਾਰੀ ਦੀ ਬਰਾਬਰ ਦੀ ਬਖਸ਼ੀਸ਼ ਹੈ।

ਸ਼੍ਰੀ ਮੁਕਤਸਰ ਸਹਿਬ ਜਿਲ੍ਹੇ ਵਿਚ ਪੈਂਦੇ ਮਲੋਟ ਦੇ ਪ੍ਰੀਤ ਨਗਰ ਦੇ ਵਸਨੀਕ ਮੁਕਤਸਰੀ ਨੇ ਦੱਸਿਆ ਕਿ ਗੀਤਕਾਰੀ ਉਨ੍ਹਾਂ ਨੂੰ ਵਿਰਾਸਤ ਵਿਚ ਹੀ ਮਿਲੀ ਹੈ, ਕਿਉਕਿ ਉਨ੍ਹਾਂ ਦੇ ਪਿਤਾ ਜੀ ਇਕ ਵਧੀਆ ਗੀਤਕਾਰ ਸਨ। ਜਗਜੀਤ ਦਸ-ਬਾਰਾਂ ਕੁ ਸਾਲਾ ਦਾ ਸੀ, ਜਦੋਂ ਮੇਲਾ-ਮਾਘੀ ਦੀ ਅਕਾਲੀ-ਕਾਨਫ਼ਰੰਸ ਵਿੱਚ ਪਹਿਲੀ ਬਾਰ ਪਿਤਾ ਜੀ ਦਾ ਲਿਖਿਆ ਧਾਰਮਿਕ ਗੀਤ ਉਨ੍ਹਾਂ ਗਾਇਆ। ਪਿਤਾ ਜੀ ਤੋਂ ਲਿਖਣ ਦੀ ਲੱਗੀ ਚੇਟਕ ਨੇ ਜਗਜੀਤ ਜੀ ਹੱਥ ਐਸੀ ਕਲਮ ਫੜਾਈ ਕਿ ਉਨ੍ਹਾਂ ਨੇ ਫਿਰ ਪਿੱਛੇ ਮੁੜ ਕੇ ਨਹੀ ਦੇਖਿਆ। 300 ਤੋਂ ਵੱਧ ਮਿਆਰੀ ਗੀਤਾਂ ਦੀ ਰਚਨਾ ਕੀਤੀ। 150 ਦੇ ਕਰੀਬ ਗੀਤਾਂ ਨੂੰ ਰਿਕਾਰਡਿੰਗ ਦਾ ਜਾਮਾ ਪਹਿਨਾਇਆ। ਚਾਰ ਧਾਰਮਿਕ ਅਤੇ ਛੇ ਸਭਿੱਆਚਾਰਕ ਕੈਸਿਟਾਂ ਗੂੰਜ ਰਹੀਆਂ ਹਨ, ਇਸ ਵਕਤ ਮਾਰਕੀਟ ਵਿਚ। ਇਨ੍ਹਾਂ ਵਿਚੋਂ ਸੌ ਤੋਂ ਵੱਧ ਗੀਤਾਂ ਦਾ ਫਿਲਮਾਂਕਣ ਹੋ ਚੁੱਕਾ ਹੈ।



ਪ੍ਰਕਾਸ਼ਨਾ-ਖੇਤਰ ਵਿਚ ਜਿੱਥੇ ਜਗਜੀਤ, ਉਨ੍ਹਾਂ ਦੀ ਧਰਮ-ਪਤਨੀ ਜਸਪ੍ਰੀਤ ਕੌਰ (ਸੈਂਟਰ ਹੈਡ-ਟੀਚਰ) ਅਤੇ ਬੇਟੀ ਸਰਬਜੀਤ ਕੌਰ ਜੋਤੀ (ਸਹਾਇਕ ਪ੍ਰੋਫ਼ੈਸਰ) ਤਿੰਨਾਂ ਦੀਆਂ ਹੀ ਰਚਨਾਵਾਂ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦੇ ਸਾਂਝੇ ਕਾਵਿ-ਸੰਗ੍ਰਹਿ "ਕਲਮਾਂ ਦੇ ਸਿਰਨਾਵੇਂ" ਦੀਆਂ ਸ਼ਿੰਗਾਰ ਬਣ ਚੁੱਕੀਆਂ ਹਨ, ਉਥੇ ਖੁਦ ਜਗਜੀਤ ਜੀ ਤਿੰਨ ਧਾਰਮਿਕ ਤੇ ਸੱਭਿਆਚਾਰਕ ਮੌਲਿਕ ਪੁਸਤਕਾਂ,"ਰੱਬੀ ਜੋਤ", "ਕੱਲਯੁੱਗ ਦੇ ਅਵਤਾਰ" ਅਤੇ "ਸ਼ਹੀਦਾਂ ਦੇ ਸਿਰਤਾਜ" ਸਾਹਿਤ ਦੀ ਝੋਲੀ ਪਾਉਣ ਦਾ ਨਾਮਨਾ ਖੱਟ ਚੁੱਕੇ ਹਨ, ਜਦ ਕਿ ਚੌਥੀ ਪੁਸਤਕ, "ਲਾਲ, ਗੁਰੂ ਦਸ਼ਮੇਸ਼ ਦੇ" ਛਪਾਈ ਅਧੀਨ ਹੈ।

ਦੂਰ-ਦਰਸ਼ਨ ਬਾਰੇ ਗੱਲ ਛਿੜੀ, ਤਾਂ ਜਗਜੀਤ ਨੇ ਕਿਹਾ, "ਮੈ ਡੀ.ਡੀ. ਪੰਜਾਬੀ ਉਤੇ ਲਿਸ਼ਕਾਰਾ ਅਤੇ ਸਟਾਰ- ਨਾਈਟ ਵਿੱਚ ਅਨੇਕਾਂ ਬਾਰ ਹਾਜਰੀਆਂ ਲਵਾ ਚੁੱਕਾ ਹਾਂ।

ਹੁਣੇ-ਹੁਣ 07 ਅਤੇ 14 ਜੂਨ ਨੂੰ ਡੀ. ਡੀ. ਪੰਜਾਬੀ ਤੇ ਪ੍ਰਸਾਰਿਤ ਹੁੰਦੇ ਪ੍ਰੋ-ਗਰਾਮ, "ਮੇਲਾ ਮੇਲੀਆਂ ਦਾ" ਵਿੱਚ ਧਾਰਮਿਕ ਗੀਤ ਗਾ ਚੁੱਕਾ ਹਾਂ, ਜਦ ਕਿ ਇਸੇ ਹੀ ਮਹੀਨੇ 21 ਜੂਨ ਨੂੰ ਵੀ ਇਸੇ ਪ੍ਰੋਗਰਾਮ ਵਿਚ ਮੌਕਾ ਮਿਲ ਰਿਹਾ ਹੈ।"

ਕਿੱਤੇ ਵਜੋਂ ਜਗਜੀਤ ਸ੍ਰੋਮਣੀ ਗੁ: ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਅਧੀਨ ਬਤੌਰ ਕਲਰਕ, ਰਿਕਾਰਡ-ਕੀਪਰ ਅਤੇ ਸਟੋਰ-ਕੀਪਰ ਸੇਵਾਵਾਂ ਨਿਭਾਉਣ ਪਿੱਛੋਂ ਸਿੱਖਿਆ ਵਿਭਾਗ ਵਿੱਚ ਵਿਦਿਆ ਦਾ ਚਾਨਣ ਵੰਡਣ ਵਿਚ ਤੀਹ ਕੁ ਸਾਲਾਂ ਤੋਂ ਸੇਵਾ ਕਰਨ ਦਾ ਮਾਣ ਹਾਸਲ ਕਰਦੇ ਆ ਰਹੇ ਹਨ। ਅੱਜ ਦੀ ਪੀੜ੍ਹੀ ਦੇ ਨਾਂਓਂ ਸੰਦੇਸ਼ ਦਿੰਦਿਆਂ ਜਗਜੀਤ ਨੇ ਕਿਹਾ, "ਰੱਬ ਕਰੇ, ਸਾਡੀ ਨੌ-ਜਵਾਨ ਪੀੜ੍ਹੀ ਨਸ਼ਿਆਂ ਤੋਂ ਬਚੇ! ਭਰੂਣ-ਹੱਤਿਆ ਦੇ ਖਿਲਾਫ ਆਵਾਜ ਉਠਾਵੇ ਅਤੇ ਆਪਣੇ ਮਾਣ-ਮੱਤੇ ਸੱਭਿਆਚਾਰਕ ਵਿਰਸੇ ਨੂੰ ਸੰਭਾਲੇ!"

**ਜਗਜੀਤ ਮੁਕਤਸਰੀ, ਪ੍ਰੀਤ ਨਗਰ, ਮਲੋਟ,**
**(ਸ਼੍ਰੀ ਮੁਕਤਸਰ ਸਹਿਬ)- (94175-62053)**

## ਬਰਸੀ 'ਤੇ ਵਿਸ਼ੇਸ਼

# "ਮਾਸਟਰ ਸੀਤਲ ਕੋਛੜ"

ਸੜੋਆ (ਸਹੂੰਗੜਾ)- ਪੱਛੜੇ ਖੇਤਰ ਪੋਜੇਵਾਲ ਸਰਾਂ ਵਿਖੇ ਵੱਖ-ਵੱਖ ਅਖਬਾਰਾਂ ਦੀ ਘਰ-ਘਰ ਸਪਲਾਈ ਕਰਨ ਵਾਲੇ ਕੋਛੜ ਨਿਊਜ ਏਜੰਸੀ ਸਿੰਘਪੁਰ ਦੇ ਮਾਲਕ ਸ਼੍ਰੀ ਨਰੇਸ਼ ਕੋਛੜ ਦੇ ਛੋਟੇ ਭਰਾ ਮਾਸਟਰ ਸੀਤਲ ਕੋਛੜ ਦਾ ਜਨਮ 11 ਜੂਨ 1981 ਨੂੰ ਮਾਤਾ ਸ਼੍ਰੀਮਤੀ ਤ੍ਰਿਸ਼ਲਾ ਰਾਣੀ ਦੀ ਕੁੱਖੋ ਪਿਤਾ ਪ੍ਰੇਮ ਚੰਦ ਦੇ ਗ੍ਰਹਿ ਪਿੰਡ ਅਟਾਲ ਮਜਾਰਾ ਜਿਲਾ ਸ਼ਹੀਦ ਭਗਤ ਸਿੰਘ ਸਿੰਘ ਨਗਰ ਵਿਖੇ ਹੋਇਆ। ਮਾਸਟਰ ਸੀਤਲ ਕੋਛੜ ਨੇ ਬਾਹਰਵੀਂ ਜਮਾਤ ਸਰਕਾਰੀ ਸੈਕੰਡਰੀ ਸਕੂਲ ਸਾਹਿਬਾ ਤੋ ਪਾਸ ਕਰਨ ਉਪਰੰਤ ਬੀ.ਏ.,ਐਮ.ਏ.ਦੀ ਪੜ੍ਹਾਈ ਸਰਕਾਰੀ ਕਾਲਜ ਰੂਪਨਗਰ ਤੋ ਪਾਸ ਕੀਤੀ। ਇਸ ਉਪਰੰਤ ਉਨਾ ਡਾਈਟ ਨੌਰਾ ਤੋ ਈ. ਟੀ. ਟੀ.ਦਾ ਕੋਰਸ ਮੁਕੰਮਲ ਕਰਨ ਉਪਰੰਤ ਬਤੌਰ ਈ. ਟੀ. ਟੀ.ਅਧਿਆਪਕ ਸਰਕਾਰੀ ਨੌਕਰੀ ਦਾ ਆਰੰਭ ਸਰਕਾਰੀ ਪ੍ਰਾਇਮਰੀ ਸਕੂਲ ਜੱਟ ਮਾਜਰੀ ਤਹਿਸੀਲ ਬਲਾਚੋਰ ਤੋ ਕੀਤਾ।ਬਾਅਦ ਵਿਚ ਉਹ ਸਰਕਾਰੀ ਪ੍ਰਾਇਮਰੀ ਸਕੂਲ ਮੋਜੋਵਾਲ ਮਜਾਰਾ ਵਿਖੇ ਸੇਵਾਵਾਂ ਨਿਭਾਅ ਰਹੇ ਸਨ। ਬਤੌਰ ਅਧਿਆਪਕ ਇਨਾਂ ਨੇ ਅਧਿਆਪਕ ਜਥੇਬੰਦੀ ਵੱਲੋ ਆਰੰਭੇ ਸੰਘਰਸ਼ ਵਿਚ ਕਾਫੀ ਹਿੱਸਾ ਪਾਉਦਿਆ ਜੇਲ ਵੀ ਕੱਟੀ।ਘਰ ਵਿਚ ਆਰਥਿਕ ਤੰਗੀਆਂ ਦੇ ਇਸ ਸਫਰ ਦੌਰਾਨ ਮਾਸਟਰ ਸੀਤਲ ਕੁਮਾਰ ਨੇ ਆਪਣੇ ਵੱਡੇ ਭਰਾ ਸ਼੍ਰੀ ਨਰੇਸ਼ ਕੋਛੜ ਜੋ ਕਿ ਕੋਛੜ ਨਿਊਜ ਏਜੰਸੀ ਸਿੰਘਪੁਰ ਵਿਖੇ ਅਖਬਾਰਾ ਦੀ ਸਪਲਾਈ ਦਾ ਕੰਮ ਕਰਦਾ ਸੀ, ਦੇ ਨਾਲ ਜੀ ਜਾਨ ਲਗਾ ਕੇ ਘਰ-ਘਰ ਅਖਬਾਰ ਪਹੁੰਚਾਉਣੀ ਤੇ ਬਾਅਦ ਵਿਚ ਪੜਨ ਜਾਣਾ। ਇਸ ਪੱਛੜੇ ਖੇਤਰ ਵਿਚ ਆਪਣੀ ਪ੍ਰੇਰਨਾ ਸਦਕਾ ਅਦਾਰਾ ਅਜੀਤ ਨੂੰ ਘਰ-ਘਰ ਇੰਨਾ ਹਰਮਨ ਪਿਆਰਾ ਬਣਾ ਦਿੱਤਾ ਕਿ ਅੱਜ ਅਦਾਰਾ ਅਜੀਤ ਨੇ ਸਰਕੂਲੇਸ਼ਰ ਵਿਚ ਕਾਫੀ ਤਰੱਕੀ ਕੀਤੇ ਅਤੇ ਮੁਕਾਬਲੇ ਵਿਚ ਚੱਲ ਰਹੀਆ ਅਖਬਾਰਾਂ ਨੂੰ ਸਰਕੂਲੇਸ਼ਨ ਦੇ ਮੁਕਾਬਲੇ ਪਿਛਾੜ ਕੇ ਰੱਖ ਦਿੱਤਾ। ਪਿਛਲੇ ਸਾਲ ਸਕੂਲਾਂ ਵਿਚ ਹੋਈਆਂ ਗਰਮੀ ਦੀਆਂ ਛੁੱਟੀਆ ਦੌਰਾਨ ਮਾਸਟਰ ਸੀਤਲ ਕੁਮਾਰ ਆਪਣੇ ਦੋਸਤ ਅਧਿਆਪਕ ਚੌਧਰੀ ਸ਼ਿਰੀ ਰਾਮ ਨੂੰ ਨਾਲ ਲੈ ਕੇ 16 ਜੂਨ ਨੂੰ ਆਪਣੇ ਨਜਦੀਕੀ ਰਿਸਤੇਦਾਰ ਨੂੰ ਦਿੱਲੀ ਏਅਰਪੋਰਟ ਤੇ ਛੱਡ ਕੇ ਵਾਪਿਸ ਆ ਰਿਹਾ ਸੀ। ਜਦੋ ਉਨਾ ਦੀ ਗੱਡੀ 17 ਜੂਨ 2013 ਨੂੰ ਹਰਿਆਣਾ ਪ੍ਰਦੇਸ਼ ਵਿਚ ਪੈਂਦੇ ਜਿਲਾ ਪਾਣੀਪਤ ਦੇ ਨਜਦੀਕ ਘਨੌਰ ਪੁਲਿਸ ਸਟੇਸਨ ਕੋਲ ਪਹੁੰਚੀ ਤਾਂ ਮੰਦਭਾਗੇ ਟੱਰਕ ਨੇ ਸੀਤਲ ਦੀ ਗੱਡੀ ਨੂੰ ਅਜਿਹੀ ਟੱਕਰ ਮਾਰੀ ਕਿ ਸੀਤਲ ਸਦਾ ਲਈ ਆਪਣੇ ਮਾਤਾ-ਪਿਤਾ, ਦੋ ਭਰਾਵਾਂ, ਦੋ ਬੇਟੀਆ ਅਤੇ ਵਿਧਵਾਂ ਨੂੰ ਸਦਾ ਲਈ ਰੋਦੇ ਕੁਰਲਾਉਦਿਆ ਨੂੰ ਛੱਡ ਗਿਆ। ਅੱਜ 17 ਜੂਨ ਦਿਨ ਬੁੱਧਵਾਰ ਨੂੰ ਉਨਾ ਦੀ ਦੂਸਰੀ ਬਰਸੀ ਤੇ ਉਨਾ ਦੇ ਜੱਦੀ ਪਿੰਡ ਅਟਾਲ ਮਜਾਰਾ ਵਿਖੇ ਬਰਸੀ ਮੌਕੇ ਜਿਥੇ ਉਨਾ ਦਾ ਸਾਰਾ ਪਰਿਵਾਰ ਉਸ ਦਿਨ ਨੂੰ ਯਾਦ ਕਰਕੇ ਮਜੂਸ ਹੋਈ ਬੈਠਾ ਹੈ,ਉੱਥੇ ਉਸ ਦੀਆਂ ਨੰਨੀਆ ਜਿਹੀਆ ਬੇਟੀਆ, ਪਤਨੀ, ਭਰਾ, ਮਾਪੇ ਅਤੇ ਦੋਸਤ ਆਪਣੇ ਚੰਦ ਵਰਗੇ ਦੋਸ਼ਤ ਦੀ ਅੱਜ ਵੀ ਮੁੜ ਆਉਣ ਦੀ ਉਡੀਕ ਲਗਾਈ ਬੈਠੇ ਹਨ।



# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"

(ਸਫਾ 16 ਦੀ ਬਾਕੀ

ਰਸਤੇ ਵਿਚ ਨਾ ਖੋਲ੍ਹਿਓ। ਆਹ ਲਓ ਚਾਬੀ। ਜਾ ਕੇ ਸਾਡੀ ਮਾਂ ਨੂੰ ਦੇ ਦੇਣਾ। ਉਹਨੂੰ ਕਹਿਣਾ ਕਿ ਇਸ ਕੁੱਜੇ ਨੂੰ ਚੰਗੀ ਤਰ੍ਹਾਂ ਨਹਾ ਧੋ ਕੇ ਕੋਠੜੀ ਅੰਦਰ ਬੈਠ ਕੇ ਖੋਲ੍ਹਣਾ। ਤੁਸੀਂ ਨਾ ਇਸਨੂੰ ਖੋਲ੍ਹਣਾ।''

ਰਾਜਾ ਕੁੱਜਾ ਲੈ ਕੇ ਮਹਿਲਾਂ ਨੂੰ ਆ ਗਿਆ। ਮਹਿਲੀਂ ਆ ਕੇ ਉਹਨੇ ਕੁੜੀਆਂ ਦੇ ਕਹੇ ਮੁਤਾਬਿਕ ਕੁੱਜਾ ਰਾਣੀ ਦੇ ਹਵਾਲੇ ਕਰ ਦਿੱਤਾ ਤੇ ਇਸਨੂੰ ਚੰਗੀ ਤਰ੍ਹਾਂ ਨਹਾਉਣ ਤੋਂ ਬਾਅਦ ਕੋਠੜੀ ਵਿਚ ਅੰਦਰੋਂ ਕੁੰਡੀ ਲਾ ਕੇ ਖਾਣ ਲਈ ਕਿਹਾ। ਚੀਜ਼ ਪ੍ਰਾਪਤ ਕਰਕੇ ਰਾਣੀ ਬਹੁਤ ਖੁਸ਼ ਹੋਈ। ਉਸ ਦਿਨ ਉਹਨੇ ਨਹਾਉਣ ਤੋਂ ਇਲਾਵਾ ਅੱਡੀਆਂ ਵੀ ਚੰਗੀ ਤਰ੍ਹਾਂ ਕੂਚੀਆਂ ਕਿ ਮੇਰੀਆਂ ਧੀਆਂ ਨੇ ਪਤਾ ਨਹੀਂ ਮੇਰੇ ਵਾਸਤੇ ਖਾਣ ਲਈ ਕੀ ਕੁਝ ਭੇਜਿਆ। ਰਾਣੀ ਨੇ ਕੋਠੀ ਅੰਦਰ ਵੜ ਕੇ ਅੰਦਰੋਂ ਕੁੰਡੀ ਲਾ ਲਈ। ਜਦੋਂ ਹੀ ਉਸਨੇ ਅੰਦਰ ਕੁੱਜਾ ਖੋਲ੍ਹਿਆ ਤਾਂ ਲਗ ਪਈ ਉੱਚੀ-ਉੱਚੀ ਚੀਕਾਂ ਮਾਰਨ। ਕਹਿੰਦੀ,

ਰਾਜਾ ਮੈਂ ਖਾਹ ਲਈ
ਰਾਜਾ ਕਹਿੰਦਾ, ਮੈਂ ਖਾ ਆਇਆਂ ਤੂੰ ਖਾ ਲੈ।
ਰਾਜਾ ਮੈਂ ਖਾਹ ਲਈ।
ਰਾਜਾ ਕਹਿੰਦਾ, ਮੈਂ ਖਾ ਆਇਆਂ ਤੂੰ ਖਾ ਲੈ।
ਰਾਜਾ ਮੈਂ ਖਾਹ ਲਈ।
ਰਾਜਾ ਕਹਿੰਦਾ, ਮੈਂ ਖਾ ਆਇਆਂ ਤੂੰ ਖਾ ਲੈ।

ਕੁਝ ਚਿਰ ਬਾਅਦ ਰਾਜਾ ਸੋਚਣ ਲੱਗ ਪਿਆ ਕਿ ਚੌਥੀ ਵਾਰੀ ਰਾਣੀ ਕਿਉਂ ਨਹੀਂ ਬੋਲੀ। ਰਾਜਾ ਬਾਹਰੋਂ ਦਰਵਾਜਾ ਖੜਕਾਵੇ। ਅੰਦਰ ਕੋਈ ਜਿਊਂਦਾ ਹੋਵੇ ਤਾਂ ਦਰਵਾਜੇ ਦੀ ਕੁੰਡੀ ਖੋਲ੍ਹੇ। ਹਾਰ ਕੇ ਰਾਜੇ ਨੇ ਨੌਕਰਾਂ ਕੋਲੋਂ ਦਰਵਾਜਾ ਪਟਵਾਇਆ ਤਾਂ ਰਾਣੀ ਕੋਠੜੀ ਅੰਦਰ ਸੁੱਜ ਭੜੋਲਾ ਹੋ ਕੇ ਮਰੀ ਪਈ। ਰਾਜਾ ਕਹਿੰਦਾ, ਓ ਹੋ। ਰਾਣੀ ਜੇ ਤੂੰ ਕੁੜੀਆਂ ਨਾਲ ਜ਼ੁਲਮ ਕਮਾਇਆ ਤਾਂ ਉਹਨਾਂ ਨੇ ਵੀ ਤੇਰੇ ਨਾਲ ਇੱਦਾਂ ਦੀ ਈ ਕਰਨੀ ਸੀ।

# 81 ਫੁੱਟ ਉਚਾ ਦੁਨੀਆਂ ਦਾ ਸਭ ਤੋਂ ਵੱਡਾ ਖੰਡਾ ਕੌਮ ਹਵਾਲੇ ਕੀਤਾ

(ਪਹਿਲੇ ਸਫੇ ਦੀ ਬਾਕੀ)

ਕਾਬਿਲੇਤਾਰੀਫ਼ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸਕੱਤਰ ਭਾਈ ਰੂਪ ਸਿੰਘ, ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਅਤੇ ਕਾਰਜਕਾਰੀ ਇੰਜਨੀਅਰ ਮਨਪ੍ਰੀਤ ਸਿੰਘ ਹਾਜ਼ਰ ਸਨ। ਇਸ ਦੌਰਾਨ ਸਥਾਪਨਾ ਦਿਵਸ ਮਨਾਉਣ ਲਈ ਨਗਰ ਕੀਰਤਨਾਂ ਦੇ ਰੂਪ ਵਿੱਚ ਵੱਖ ਵੱਖ ਸੰਪਰਦਾਵਾਂ ਦੇ ਮੁਖੀ, ਟਕਸਾਲਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ, ਸੰਤ ਸਮਾਜ ਦੇ ਆਗੂ ਪਹੁੰਚ ਰਹੇ ਹਨ ਅਤੇ ਧਾਰਮਿਕ ਸਮਾਗਮ ਲਗਾਤਾਰ ਜਾਰੀ ਹਨ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਰਾਗ ਦਰਬਾਰ ਗੁਰਦੁਆਰਾ ਸ੍ਰੀ ਭੋਰਾ ਸਾਹਿਬ ਵਿੱਚ ਕਰਵਾਇਆ ਜਾਵੇਗਾ।

## ਪੁਸਤਕ ਸਮੀਖਿਆ


# ਹਿੰਦੂ ਸਾਮਰਾਜਵਾਦ ਦਾ ਇਤਿਹਾਸ


**ਲੇਖਕ: ਸਵਾਮੀ ਧਰਮਾ ਤੀਰਥਾ**
**ਅਨੁਵਾਦਕ: ਸ਼ੂਦਰਾ ਸੋਢੀ ਸੁਲਤਾਨ ਸਿੰਘ**
**ਪ੍ਰਕਾਸ਼ਕ: ਡਾ: ਭੀਮ ਰਾਓ ਅੰਬੇਦਕਰ ਯਾਦਗਾਰੀ ਪ੍ਰਕਾਸ਼ਨ, ਕੋਟੱਸਮ, ਕੇਰਲ**
**ਪੰਨੇ: 395, ਅੰਤਿਕ ਸਮੇਤ ਕੁੱਲ ਪੰਨੇ 547**
**ਮੁੱਲ: 550 ਰੁਪਏ**

ਵਿਚਾਰਾਧੀਨ ਅਤਿ ਮਹੱਤਵਪੂਰਨ ਪੁਸਤਕ 'ਹਿਸਟਰੀ ਆਫ ਹਿੰਦੂ ਇੰਪੀਰੀਲਿਜ਼ਮ' ਲੇਖਕ ਸਵਾਮੀ ਧਰਮਾ ਤੀਰਥਾ, ਬੀ. ਏ., ਐਲ ਐਲ ਬੀ. ਸਭ ਤੋਂ ਪਹਿਲੀ ਵਾਰ 1941 ਵਿਚ ਲਾਹੌਰ ਤੋਂ ਛਪੀ। ਉਪਰੰਤ ਸੁਤੰਤਰ ਭਾਰਤ ਵਿਚ 1992 ਵਿਚ ਬਾਬਾ ਸਾਹਿਬ ਅੰਬੇਦਕਰ ਫਾਊਂਡੇਸ਼ਨ, ਕਾਦੂਮੂਰਥੀ, ਕੋਟਿਆਯਾਮ, ਕੇਰਲਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ। ਮੂਲ ਪੁਸਤਕ ਦੇ 25 ਕਾਂਡ ਹਨ ਜੋ ਕੁਝ ਕੁ ਤਸਵੀਰਾਂ ਤੇ ਨਕਸ਼ੇ ਬਣੇ ਖ਼ੂਬਸੂਰਤ ਦਿੱਖ ਨਾਲ ਸਜੇ ਹੋਏ ਹਨ। ਆਰੰਭਿਕ ਕਾਂਡ ਤੋਂ ਅਗਲੇ ਦੂਜੇ ਕਾਂਡ ਵੈਦਿਕ ਕਾਲ (2000-1400 ਬੀ. ਸੀ.) ਵਿਚ ਆਰੀਅਨ, ਆਦਿਵਾਸੀ ਤੇ ਭਾਰਤੀ ਯਾਨਿ ਆਰੀਅਨ ਹਮਲਾਵਰਾਂ ਦਾ ਇਤਿਹਾਸਕ ਪਿਛੋਕੜ, ਉਹਨਾਂ ਦੀ ਬਿਰਤੀ ਤੇ ਪ੍ਰਵਿਰਤੀ, ਰੀਤੀ-ਰਿਵਾਜ਼, ਸਮਾਜਿਕ ਤੇ ਸਭਿਆਚਾਰਕ ਮੇਲ ਜੋਲ, ਆਪਸੀ ਟਕਰਾਅ ਦੀਆਂ ਰੁਚੀਆਂ ਤੇ ਰੁਝਾਨ ਦਾ ਭਰਵਾਂ ਜ਼ਿਕਰ ਹੈ। ਇਸ ਧਰਤ-ਖਿੱਤੇ ਵਿਚ ਆਦਿਵਾਸੀਆਂ ਨਾਲ ਸਖਤ ਰਵੱਈਏ ਵਜੋਂ ਪੇਸ਼ ਆਉਣ ਦੇ ਹਵਾਲੇ ਹਨ ਕਿਉਂਕਿ ਉਹ ਉਹਨਾਂ ਦੇ ਫੈਲਾਅ ਨੂੰ ਰੋਕਣ ਲਈ ਕੋਸ਼ਿਸ਼ ਕਰਦੇ ਰਹਿੰਦੇ ਹਨ। ਕਾਂਡ ਤੀਸਰਾ-ਇੰਡੋ ਆਰੀਅਨ ਰਾਜ (1400-900 ਬੀ. ਸੀ.) ਵਿਚ ਆਰੀਅਨਾਂ ਦੇ ਪੰਜਾਬ ਤੋਂ ਅਗਾਂਹ ਗੰਗੋਤਰੀ ਵਾਦੀ ਅਤੇ ਮੈਦਾਨੀ ਇਲਾਕਿਆਂ ਉਤੇ ਵਿਸਤਾਰ ਅਤੇ ਉਹਨਾਂ ਦੀਆਂ ਜਿੱਤਾਂ ਦਾ ਵਿਸਥਾਰ ਸਹਿਤ ਵਰਣਨ ਹੈ। ਰਾਮਾਇਣ, ਮਹਾਂਭਾਰਤ, ਉਪਨਿਸ਼ਦਾਂ ਆਦਿ ਦੇ ਹਵਾਲੇ ਤੇ ਉਹਨਾਂ ਅੰਦਰਲੇ ਮੂਲ-ਪਾਠ ਦੀਆਂ ਟਿੱਪਣੀਆਂ ਦਰਜ ਹਨ। ਕਾਂਡ ਚੌਥਾ- ਬ੍ਰਾਹਮਣਵਾਦ ਦਾ ਜਨਮ ਅਤੇ ਜਾਤਾਂ ਨੂੰ ਸਮਰਪਿਤ ਹੈ। ਪੁਰੋਹਿਤਵਾਦ ਦਾ ਆਰੰਭ, ਬਲੀ ਦੇਣ ਦੀ ਸ਼ੁਰੂਆਤ, ਮੂਲ ਨਿਵਾਸੀਆਂ ਦੀ ਗੁਲਾਮਗਿਰੀ ਤੇ ਦਾਸਤਾ ਸਬੰਧੀ ਖੋਜ ਤੇ ਟਿੱਪਣੀਆਂ ਹਨ। ਮਨੂ ਸਮ੍ਰਿਤੀ ਵਿਚੋਂ ਟੂਕਾਂ-ਸੂਤਰਾਂ ਦੇ ਮੂਲ ਰੂਪ ਵਿਚ ਵਰਣਨ ਹਨ।

ਵਿਦਵਾਨ ਲੇਖਕ ਸਵਾਮੀ ਧਰਮਾ ਤੀਰਥਾ ਆਪਣੀ ਪੁਸਤਕ ਦੇ ਪੰਜਵੇਂ ਕਾਂਡ ਵਿਚ ਕਸ਼ੱਤਰੀ-ਬ੍ਰਾਹਮਣ ਵਰਗ ਸੰਘਰਸ਼ ਸਿਰਲੇਖ ਹੇਠ ਬ੍ਰਾਹਮਣਾਂ ਦੇ ਸੁਭਾਅ ਪਰ ਉਹਨਾਂ ਨੂੰ ਆਰੀਆ ਰਾਜਿਆਂ ਵੱਲੋਂ ਲਗਾਤਾਰ ਉਤਸ਼ਾਹ ਵਧਾਉਣ, ਨੀਤੀ, ਸਿਧਾਂਤਾਂ ਨੂੰ ਹੱਲਾਸ਼ੇਰੀ ਦਾ ਜਿੱਥੇ ਜ਼ਿਕਰ ਮਿਲਦਾ ਹੈ, ਉਥੇ ਕਸ਼ੱਤਰੀਆਂ ਦੀ ਘਟਦੀ ਤਾਕਤ ਸਬੰਧੀ ਤੱਥਾਂ ਨੂੰ ਵੀ ਉਭਾਰਿਆ ਗਿਆ। ਕਸ਼ੱਤਰੀ-ਬ੍ਰਾਹਮਣ ਵਰਗਾਂ ਵਿਚਾਲੇ ਖਿੱਚੋਤਾਣ, ਤਣਾਅ, ਟਕਰਾਅ ਦੇ ਵੇਰਵੇ ਹਨ, ਉਥੇ ਇਤਿਹਾਸਕ ਪਾਤਰਾਂ ਦੇ ਕਤਲ, ਕਸ਼ੱਤਰੀਆਂ ਦੀ ਬੇਵਸੀ ਕਾਰਨ ਕਸ਼ੱਤਰੀ ਬਗਾਵਤ ਨੂੰ ਕੁਚਲਣ ਸਬੰਧੀ ਤੱਤਾਂ ਦਾ ਬਿਆਨ ਕੀਤਾ ਗਿਆ ਹੈ। ਪ੍ਰਮੁੱਖ ਹਵਾਲੇ ਵਜੋਂ ਭਾਰਤੀ ਮੂਲ ਦੇ ਰਾਜੇ ਕ੍ਰਿਸ਼ਨ ਨੂੰ ਲਿਆ ਜਾ ਸਕਦਾ ਹੈ। ਕਾਂਡ ਛੇਵਾਂ- ਬ੍ਰਾਹਮਣਵਾਦੀ ਸਾਮਰਾਜ (900-600 ਬੀ. ਸੀ.) ਦੇ ਸਿਰਲੇਖ ਅਧੀਨ ਸੰਖੇਪਤਾ ਵਿਚ ਬ੍ਰਾਹਮਣਵਾਦੀ ਵਿਵਸਥਾ ਦੀ ਸੰਪੂਰਨ ਸਥਾਪਨਾ ਤੇ ਜਿੱਤ ਦੇ ਤੱਤਾਂ-ਤੱਥਾਂ ਨੂੰ ਪੇਸ਼ ਕੀਤਾ ਗਿਆ ਹੈ। ਲੇਖਕ ਹੈਰਾਨੀ ਜ਼ਾਹਿਰ ਕਰਦਾ ਹੋਇਆ ਲਿਖਦਾ ਹੈ ਕਿ ਭਾਰਤ ਕੋਲ ਉਪਰੋਕਤ ਵਰਣਿਤ ਸਮੇਂ ਤੋਂ ਅਗਲੇਰੀਆਂ ਤਿੰਨ ਤੋਂ ਚਾਰ ਸਦੀਆਂ ਦਾ ਇਤਿਹਾਸ ਨਹੀਂ ਹੈ ਤੇ ਪੂਰੀ ਤਰ੍ਹਾਂ ਢਕਿਆ ਹੋਇਆ ਹੈ।

ਲੇਖਕ ਨੇ ਆਪਣੀ ਪੁਸਤਕ ਦੇ ਸੱਤਵੇਂ ਕਾਂਡ ਬੁੱਧ ਕਾਲ ਨੂੰ ਭਾਰਤੀ ਰਾਸ਼ਟਰਵਾਦ ਦੀ ਪ੍ਰਭਾਤ, ਸੁਨਹਿਰੀ ਸਵੇਰ ਵਜੋਂ ਉਲੀਕਿਆ ਹੈ। ਉਹ ਤੱਥ ਪੇਸ਼ ਕਰਦਾ ਹੈ ਕਿ ਬੁੱਧ ਕਾਲ ਰਾਸ਼ਟਰੀਵਾਦ ਦੀ ਭਾਵਨਾ ਨਾਲ ਪ੍ਰਫੁੱਲਿਤ ਹੋਇਆ। ਉਸ ਨੇ ਪੁਰੋਹਿਤਵਾਦ ਤੇ ਜਾਤੀਵਾਦੀ ਪ੍ਰਥਾ ਨੂੰ ਨਕਾਰਿਆ ਹੈ ਤੇ ਇਸ ਦਾ ਆਪਣੇ ਤਰਕ ਨਾਲ ਵਿਰੋਧ ਕੀਤਾ ਜਿਸ ਸਦਕਾ ਆਰੀਆਵ੍ਰਤ ਲੋਕਾਂ ਨੂੰ ਵੱਡੀ ਢਾਹ ਲੱਗੀ। ਬੁੱਧਵਾਦ ਨੇ ਕਰਮ-ਕਾਂਡ, ਆਡੰਬਰ, ਛੂਤਛਾਤ, ਬਲੀ ਆਦਿ ਨੂੰ ਰੱਦ ਕੀਤਾ ਤੇ ਉਸ ਦੀ ਥਾਂ ਨਵ-ਜਾਗਰਣ ਲਹਿਰ ਨੂੰ ਉਸਾਰਿਆ ਅਤੇ ਉਦਾਰਤਾ, ਸਹਿਣਸ਼ੀਲਤਾ ਤੇ ਦਿਆਲਤਾ ਦੀ ਸੋਚ ਨੂੰ ਪ੍ਰਚਾਰਿਆ-ਪ੍ਰਸਾਰਿਆ। ਇਸੇ ਕਾਂਡ ਦਾ ਵਿਸਥਾਰ ਹੀ ਹੈ ਨੌਵਾਂ ਕਾਂਡ ਜਿਸ ਵਿਚ ਬੁਧਿਜ਼ਮ ਨੂੰ ਭਾਰਤ ਦੇ ਇਕੋ-ਇਕ ਰਾਸ਼ਟਰੀ ਧਰਮ ਵਜੋਂ ਉਲੀਕਿਆ ਗਿਆ ਹੈ। ਬੁੱਧਿਜ਼ਮ ਦੀਆਂ ਸਿੱਖਿਆਵਾਂ, ਉਹਨਾਂ ਦਾ ਲੋਕ-ਮਨਾਂ ਉਤੇ ਪ੍ਰਭਾਵ, ਜ਼ਿੰਦਗੀ ਜਿਊਣ ਦੀਆਂ ਜੁਗਤਾਂ, ਕੁਦਰਤ ਦੇ ਹੁਕਮ ਨੂੰ ਸਵੀਕਾਰਨਾ, ਝੂਠ ਨਾ ਬੋਲਣਾ, ਨਸ਼ੀਲੇ ਪਦਾਰਥਾਂ ਦਾ ਸੇਵਨ ਨਾ ਕਰਨਾ, ਉਹ ਚੀਜ਼ ਨਾ ਲੈਣੀ ਜਿਹੜੀ ਦਿੱਤੀ ਨਾ ਗਈ ਹੋਵੇ, ਅਪਵਿੱਤਰ ਨਾ ਹੋਣਾ, ਕਿਸੇ ਵੀ ਜੀਵ ਦੀ ਹੱਤਿਆ ਨਾ ਕਰਨਾ ਆਦਿ ਨੂੰ ਵਿਸ਼ੇਸ਼ ਤੌਰ ਤੇ ਉਭਾਰਿਆ ਗਿਆ ਹੈ। ਇਉਂ ਹੀ ਨੌਵੇਂ ਕਾਂਡ ਵਿਚ ਰਾਸ਼ਟਰੀ ਯੁੱਧ ਦੀ ਸ਼ਾਨ, ਸੁੰਦਰਤਾ, ਵਡਿਆਈ (600 ਬੀ. ਸੀ.- 800 ਏ. ਡੀ.) ਵਿਚ ਮਹਾਨ ਅਸ਼ੋਕ ਦੀ ਮਹਿਮਾ ਦਰਜ ਹੈ ਕਿ ਉਸ ਦੇ ਰਾਜ ਕਾਲ ਤੋਂ ਹੀ ਭਾਰਤ ਦੇ ਸ਼ਾਨਦਾਰ ਯੁੱਗ ਦੀ ਸ਼ੁਰੂਆਤ ਹੋਈ। ਰਾਸ਼ਟਰਵਾਦ ਦੀ ਭਾਵਨਾ ਪ੍ਰਫੁੱਲਿਤ ਹੋਈ। ਲੇਖਕ ਅਨੁਸਾਰ ਮਹਾਨ ਅਸ਼ੋਕ ਨੇ ਉਦਯੋਗਿਕ ਕਲਾ ਤੇ ਹੁਨਰ, ਸਿੱਖਿਆ, ਬਰਾਬਰੀ ਅਤੇ ਵਿਗਿਅਨਕ ਉਨਤੀ ਨੂੰ ਉਤਸ਼ਾਹਿਤ ਕੀਤਾ। ਉਸ ਨੇ ਚੰਗੇ ਕੰਮ ਕਰਨ, ਮਿਹਨਤ ਕਰਨ, ਹਮਦਰਦੀ ਦਾ ਵਤੀਰਾ ਰੱਖਣ, ਪਰਉਪਕਾਰੀ ਭਾਵਨਾ, ਸੱਚ ਬੋਲਣ ਤੇ ਸਾਫ ਸ਼ੁੱਧ ਰਹਿਣ ਦੇ ਬੁੱਧ ਨੇਮਾਂ ਨੂੰ ਪ੍ਰਚਾਰਿਆ।




ਚਰਚਾ ਅਧੀਨ ਪੁਸਤਕ ਹਿੰਦੂ ਸਾਮਰਾਜ ਦਾ ਇਤਿਹਾਸ ਦੇ ਕਾਂਡ ਦਸਵਾਂ 'ਬ੍ਰਾਹਮਣਵਾਦ ਨੇ ਬੁਧਿਜ਼ਮ ਨੂੰ ਕਿਵੇਂ ਕੁਚਲਿਆ' ਹੈ ਕਿ ਕਿਵੇਂ ਬੁੱਧ ਕ੍ਰਾਂਤੀ ਨੂੰ ਉਲਟ ਦਿਸ਼ਾ ਵੱਲ ਮੋੜਿਆ ਗਿਆ ਅਤੇ ਪੁਰੋਹਿਤਵਾਦ, ਜਾਤਪਾਤ, ਛੂਤ ਛਾਤ, ਕਰਮ ਕਾਂਡ ਨੂੰ ਕਿਵੇਂ ਵਿਕਸਤ ਕਰਨ ਲਈ ਉਪਰਾਲੇ ਕੀਤੇ ਗਏ। ਸਿੱਟਾ ਕੱਢਿਆ ਗਿਆ ਕਿ ਬੁੱਧਵਾਦ ਭਾਰਤ ਵਿਚੋਂ ਕਿਵੇਂ ਆਪਣਾ ਆਧਾਰ ਗੁਆ ਬੈਠਾ ਤੇ ਹਿੰਦੂ ਵੀ ਯਹੂਦੀਆਂ ਵਾਂਗ ਖੁਸ਼ਕਿਸਮਤ ਬਣ ਗਏ। ਕਾਂਡ ਗਿਆਰਾਂ-ਬ੍ਰਾਹਮਣਵਾਦ ਨੇ ਭਾਰਤੀ ਅਵਾਮ 'ਚੋਂ ਭਾਰਤੀ ਰਾਸ਼ਟਰੀਵਾਦ ਨੂੰ ਕਿਵੇਂ ਕੁਚਲਿਆ ਅਤੇ ਕਾਂਡ ਬਾਰਵਾਂ- ਮੁਸਲਿਮ ਸ਼ਾਸਨ ਅਧੀਨ ਦਾ ਭਾਰਤ (800-1200 ਏ. ਡੀ.) ਸਬੰਧੀ ਹਨ। ਕਾਂਡ ਤੇਰ੍ਹਵਾਂ ਸ਼ਿਵਾਜੀ ਦੀ ਮਰਾਠਾ ਸਲਤਨਤ ਦਾ ਬ੍ਰਾਹਮਣਵਾਦ ਦੁਆਰਾ ਕੁਚਲਿਆ ਜਾਣਾ (1600-1800), ਕਾਂਡ ਚੌਦਵਾਂ ਸਿੱਖ: ਬ੍ਰਾਹਮਣਵਾਦ ਤੋਂ ਵੱਖ ਲੋਕ, ਕਾਂਡ ਪੰਦਰਵਾਂ- ਬ੍ਰਿਟਿਸ਼ ਹਕੂਮਤ ਅਧੀਨ ਭਾਰਤ ਵਿਚ ਬ੍ਰਾਹਮਣਵਾਦ ਅਤੇ ਜਾਤੀ ਪ੍ਰਥਾ ਨਾਲ ਸਬੰਧਤ ਹਨ ਅਤੇ ਇਸੇ ਤਰ੍ਹਾਂ ਹੀ ਬਾਕੀ ਦੀ ਸਮੁੱਚੀ ਪੁਸਤਕ ਵੱਖ ਵੱਖ ਜ਼ਾਵੀਏ ਤੋਂ ਸਮਕਾਲੀ ਸਮਾਜਿਕ ਬਣਤਰ ਨੂੰ ਆਪਣੇ ਘੇਰੇ ਹੇਠ ਲੈਂਦੀ ਹੈ ਤੇ ਥੋਥੀਆਂ ਸਮਾਜਿਕ ਪ੍ਰਥਾਵਾਂ ਨੂੰ ਤਰਕ ਦੇ ਸਹਾਰੇ ਘੇਰਦੀ ਹੋਈ ਆਲੋਚਨਾ ਕਰਦੀ ਹੈ। ਸਭਿਆਚਾਰ, ਰਾਸ਼ਟਰਵਾਦ ਤੇ ਨਿਰਪੇਖਤਾ ਦਾ ਭਰਵਾਂ ਵਰਣਨ ਕਰਦੀ ਹੋਈ ਨਵੇਂ ਸਮਾਜ ਦੀ ਸਿਰਜਣਾ ਵੱਲ ਸੰਕੇਤ ਕਰਦੀ ਹੈ।

ਸੰਖੇਪਤਾ ਨੂੰ ਧਿਆਨ ਵਿਚ ਰੱਖਦਿਆਂ ਇੰਨਾ ਕਹਿਣਾ ਉਚਿਤ ਹੋਵੇਗਾ ਕਿ ਡਾ. ਬੀ. ਆਰ. ਅੰਬੇਦਕਰ ਸਮੇਤ ਉਚ ਕੋਟੀ ਦੇ ਵਿਦਵਾਨਾਂ ਨੇ ਹਥਲੀ ਪੁਸਤਕ ਨੂੰ ਵਿਚਾਰਿਆ ਤੇ ਸਲਾਹਿਆ ਹੈ। ਇਸ ਪੁਸਤਕ ਦੀ ਭੂਮਿਕਾ ਭਾਰਤ ਦੀ ਸੁਪਰੀਮ ਕੋਰਟ ਦੇ ਸਾਬਕਾ ਜੱਜ ਏ. ਵਰਦਾਰਾਜਨ ਵੱਲੋਂ 1992 ਵਿਚ ਲਿਖੀ (ਮਦਰਾਸ ਤੋਂ) ਹੋਈ ਹੈ।

ਉਹਨਾਂ ਅਨੁਸਾਰ ਪੁਸਤਕ ਲੇਖਕ 'ਸ੍ਰੀ ਪਰਮੇਸ਼ਵਰਾ ਮੈਨਨ ਦਾ ਜਨਮ 1893 ਨੂੰ ਬ੍ਰਾਹਮਣਾਂ ਦੀ ਉਪਰਲੇ ਦਰਜੇ ਦੀ ਮੰਨੀ ਜਾਂਦੀ ਜਾਤੀ ਅੰਦਰ ਸ਼ੂਦਰ ਬ੍ਰਾਹਮਣ ਸਮਝੀ ਜਾਂਦੀ (ਮੈਨਨ) ਬ੍ਰਾਹਮਣ ਜਾਤੀ ਵਿਚ ਕੇਰਲ ਵਿਖੇ ਹੋਇਆ, ਜਿਹੜਾ ਕਿ ਬਾਅਦ ਵਿਚ ਸ੍ਰੀ ਨਾਰਾਇਣਾ ਗੁਰੂ ਦੇ ਸੰਪਰਕ ਵਿਚ ਆ ਕੇ 1923 ਈ. ਵਿਚ ਬੋਧ ਭਿਕਸ਼ੂ ਬਣ ਗਿਆ ਅਤੇ ਸਵਾਮੀ ਧਰਮਾ ਤੀਰਥਾ ਦੇ ਨਾਂ ਨਾਲ ਸਾਰੇ ਭਾਰਤ ਵਿਚ ਵਿਚਰਿਆ।

ਵਰਣਨਯੋਗ ਹੈ ਕਿ ਹਥਲੀ ਪੁਸਤਕ ਸਵਾਮੀ ਧਰਮਾ ਤੀਰਥਾ ਦੀ ਮੌਤ 1970 ਤੋਂ ਪਹਿਲਾਂ 1941, 1946, 1969 ਤੇ 1978 ਵਿਚ ਪ੍ਰਕਾਸ਼ਿਤ ਹੋਈ।

ਜਿੱਥੋਂ ਤੱਕ ਉਪਰੋਕਤ ਪੁਸਤਕ ਦੇ ਅਨੁਵਾਦ ਦੀ ਗੱਲ ਹੈ, ਇਸ ਦਾ ਤਰਜਮਾ ਪੰਜਾਬ ਤੋਂ ਸਾਈਕਲ 'ਤੇ ਰਵਾਨਾ ਹੋ ਕੇ ਅਮਰੀਕਾ ਪਹੁੰਚੇ ਸ਼ੂਦਰਾ ਸੋਢੀ ਸੁਲਤਾਨ ਸਿੰਘ ਨੇ ਬੜੀ ਰੀਝ ਤੇ ਨੀਝ ਨਾਲ ਪੂਰੀ ਮਿਹਨਤ ਤੇ ਦਿਆਨਤਦਾਰੀ ਨਾਲ ਕੀਤਾ ਹੈ। ਉਸ ਦੀਆਂ ਪਹਿਲਾਂ ਪ੍ਰਕਾਸ਼ਿਤ ਮੂਲ ਪੁਸਤਕਾਂ 19 ਗਾਥਾ ਕਮਾਂਡਰ ਅਹਿਮਦ ਸ਼ਾਹ ਮਸੂਦ ਅਤੇ ਅਫਗਾਨ ਖਾਨਾਜੰਗੀ ਦੀ, 2) ਮੁਲਕੋ ਮੁਲਕ ਸਾਈਕਲਨਾਵਾਂ ਅਤੇ ਅਨੁਵਾਦ ਭਾਰਤੀ ਪੁਰਾਤੱਤਵ ਵਿਭਾਗ ਅਨੁਸਾਰ ਅਤਿ ਪ੍ਰਾਚੀਨ ਭਾਰਤੀ ਆਦਿਵਾਸੀ ਅਤੇ ਆਰੀਅਨ ਹੱਲਿਆਂ ਦੀ ਹਕੀਕਤ (ਪ੍ਰਕਾਸ਼ਨ ਅਧੀਨ) ਚਰਚਾ ਵਿਚ ਹਨ ਅਨੁਵਾਦਕ ਤੇ ਲੇਖਕ ਸੋਢੀ ਸੁਲਤਾਨ ਸਿੰਘ ਦਾ ਪਿਛੋਕੜ ਪੰਜਾਬ ਦੇ ਜ਼ਿਲ੍ਹਾ ਕਪੂਰਥਲੇ ਨਾਲ ਹੈ ਤੇ ਪਿਛਲੇ ਕਈ ਸਾਲਾਂ ਤੋਂ ਅਮਰੀਕਾ ਵੱਸ ਰਿਹਾ ਹੈ।

ਸੋਢੀ ਸੁਲਤਾਨ ਸਿੰਘ ਅਜਿਹੇ ਸਿਦਕ ਭਰੇ ਦ੍ਰਿੜ੍ਹਤਾ ਵਾਲੇ ਅਨੁਵਾਦ ਕਾਰਜ ਲਈ ਸੱਚਮੁਚ ਵਧਾਈ ਦਾ ਹੱਕਦਾਰ ਹੈ ਪਰ ਉਸ ਵੱਲੋਂ ਅੰਤਿਕਾ ਜੋ ਮੂਲ ਪੁਸਤਕ ਦਾ ਹਿੱਸਾ ਨਹੀਂ, ਸਬੰਧੀ ਕੁਝ ਵੀ ਨਾ ਲਿਖ ਸਕਣ ਦੇ ਅਸਮਰੱਥ ਹਾਂ।

**– ਹਰਜਿੰਦਰ ਮਾਧੋਪੁਰੀ**

# ਰਿਜ਼ਰਵੇਸ਼ਨ ਦਾ ਵਿਰੋਧ ਕਰਨ ਵਾਲੇ, ਜ਼ਰਾ ਸੱਚ ਇਹ ਵੀ ਜਾਣ ਲੈਣ

ਦੇਸ਼ ਵਿਚ ਨੌਕਰੀਆਂ 'ਚ 3 ਫੀਸਦੀ ਬ੍ਰਾਹਮਣਾਂ ਦੀ 87.31 ਜਬਰਦਸਤੀ ਰਿਜ਼ਰਵੇਸ਼ਨ ਕੀਤੀ ਹੋਈ ਹੈ ਅਤੇ 60 ਫੀਸਦੀ ਓ ਬੀ ਸੀ ਦਾ ਹਿੱਸਾ ਵੀ ਬ੍ਰਾਹਮਣਾਂ ਦੇ ਹਿੱਸੇ ਜਾ ਰਿਹਾ ਹੈ।

ਭਾਰਤ ਵਿਚ ਓ ਬੀ ਸੀ, ਐਸ ਸੀ., ਐਸ ਟੀ. ਨੂੰ ਨਿਆਂ ਨਹੀਂ ਮਿਲਦਾ ਕਿਉਂਕਿ ਨਿਆਂਪਾਲਿਕਾ ਤੇ ਬ੍ਰਾਹਮਣ-ਬਾਣੀਆਂ ਦਾ ਕਬਜ਼ਾ ਹੈ।

### ਇਹ ਹੈ ਸਬੂਤ

ਹਾਈਕੋਰਟਾਂ ਵਿਚ ਜੱਜਾਂ ਦੀ ਗਿਣਤੀ

**ਦਿੱਲੀ**
ਕੁੱਲ ਜੱਜ 27
ਬ੍ਰਾਹਮਣ-ਬਾਣੀਏ-27, ਬਾਕੀ ਕਿਸੇ ਵੀ ਜਾਤੀ ਦਾ ਕੋਈ ਜੱਜ ਨਹੀਂ।

**ਪਟਨਾ**
ਕੁੱਲ ਜੱਜ 32
ਬ੍ਰਾਹਮਣ-ਬਾਣੀਆ 32 ਜੱਜ, ਬਾਕੀ ਕਿਸੇ ਵੀ ਜਾਤੀ ਦਾ ਕੋਈ ਜੱਜ ਨਹੀਂ।

**ਇਲਾਹਾਬਾਦ**
ਕੁੱਲ ਜੱਜ 49, ਬ੍ਰਾਹਮਣ-ਬਾਣੀਆ 47, ਓ. ਬੀ. ਸੀ. 1 ਜੱਜ, ਐਸ ਸੀ 1 ਜੱਜ, ਐਸ ਟੀ ਕੋਈ ਨਹੀਂ।

**ਆਂਧਰਾ ਪ੍ਰਦੇਸ਼**
ਕੁੱਲ ਜੱਜ 31
ਬ੍ਰਾਹਮਣ-ਬਾਣੀਆ 25 ਜੱਜ, ਓ. ਬੀ. ਸੀ. 4 ਜੱਜ, ਐਸ ਸੀ. ਕੋਈ ਨਹੀਂ, ਐਸ ਟੀ 2 ਜੱਜ।

**ਗੁਹਾਟੀ**
ਕੁੱਲ ਜੱਜ 15
ਬ੍ਰਾਹਮਣ-ਬਾਣੀਆ 30 ਜੱਜ, ਓ. ਬੀ. ਸੀ. 2 ਜੱਜ, ਐਸ. ਸੀ. 1 ਜੱਜ, ਐਸ ਟੀ ਕੋਈ ਨਹੀਂ।

**ਕੇਰਲ**
ਕੁੱਲ ਜੱਜ 24
ਬ੍ਰਾਹਮਣ-ਬਾਣੀਆ 13 ਜੱਜ, ਓ. ਬੀ. ਸੀ. 9 ਜੱਜ, ਐਸ. ਸੀ. 2 ਜੱਜ, ਐਸ. ਟੀ. ਕੋਈ ਨਹੀਂ।

**ਚੇਨਈ**
ਕੁੱਲ ਜੱਜ 36
ਬ੍ਰਾਹਮਣ-ਬਾਣੀਆ 17 ਜੱਜ, ਓ. ਬੀ. ਸੀ. 16 ਜੱਜ, ਐਸ. ਸੀ. 3 ਜੱਜ, ਐਸ ਟੀ. ਕੋਈ ਨਹੀਂ।

**ਜੰਮੂ ਕਸ਼ਮੀਰ**
ਕੁੱਲ ਜੱਜ 12
ਬ੍ਰਾਹਮਣ-ਬਾਣੀਆ 32 ਜੱਜ, ਓ. ਬੀ. ਸੀ. ਕੋਈ ਨਹੀਂ, ਐਸ ਸੀ. 2 ਜੱਜ, ਐਸ ਟੀ. ਕੋਈ ਨਹੀਂ।

**ਓੜੀਸਾ**
ਕੁੱਲ 13 ਜੱਜ
ਬ੍ਰਾਹਮਣ-ਬਾਣੀਆ 12 ਜੱਜ, ਓ. ਬੀ. ਸੀ. ਕੋਈ ਨਹੀਂ, ਐਸ ਸੀ. 1 ਜੱਜ, ਐਸ ਟੀ. ਕੋਈ ਨਹੀਂ।

**ਪੰਜਾਬ-ਹਰਿਆਣਾ**
ਕੁੱਲ ਜੱਜ 26
ਬ੍ਰਾਹਮਣ-ਬਾਣੀਆ 37 ਜੱਜ, ਓ. ਬੀ. ਸੀ. ਕੋਈ ਨਹੀਂ, ਐਸ ਸੀ. 2 ਜੱਜ, ਐਸ. ਟੀ. ਕੋਈ ਨਹੀਂ।

**ਕਲਕੱਤਾ**
ਕੁੱਲ ਜੱਜ 37
ਬ੍ਰਾਹਮਣ-ਬਾਣੀਆ 37 ਜੱਜ, ਬਾਕੀ ਕਿਸੇ ਵਰਗ ਦਾ ਕੋਈ ਨਹੀਂ।

**ਹਿਮਾਚਲ ਪ੍ਰਦੇਸ਼**
ਕੁੱਲ ਜੱਜ 6
ਬ੍ਰਾਹਮਣ-ਬਾਣੀਆ 6 ਜੱਜ, ਬਾਕੀ ਕਿਸੇ ਦਾ ਕੋਈ ਨਹੀਂ।

**ਰਾਜਸਥਾਨ**
ਕੁੱਲ ਜੱਜ 24
ਬ੍ਰਾਹਮਣ-ਬਾਣੀਆ 24 ਜੱਜ, ਬਾਕੀ ਕਿਸੇ ਵਰਗ ਦਾ ਕੋਈ ਨਹੀਂ।

**ਮੱਧ ਪ੍ਰਦੇਸ਼**
ਕੁੱਲ ਜੱਜ 30
ਬ੍ਰਾਹਮਣ-ਬਾਣੀਆ 30 ਜੱਜ, ਬਾਕੀ ਕਿਸੇ ਵਰਗ ਦਾ ਕੋਈ ਨਹੀਂ।

**ਸਿੱਕਮ**
ਕੁੱਲ ਜੱਜ 2
ਬ੍ਰਾਹਮਣ-ਬਾਣੀਆ 2 ਜੱਜ, ਬਾਕੀ ਕਿਸੇ ਵਰਗ ਦਾ ਕੋਈ ਨਹੀਂ।

**ਮੁੰਬਈ**
ਕੁੱਲ ਜੱਜ 50
ਬ੍ਰਾਹਮਣ ਬਾਣੀਆ 45 ਜੱਜ, ਓ. ਬੀ. ਸੀ. 3 ਜੱਜ, ਐਸ ਸੀ. 2 ਜੱਜ, ਐਸ ਟੀ ਕੋਈ ਨਹੀਂ।

ਕੁੱਲ 481 ਜੱਜਾਂ ਵਿਚੋਂ ਬ੍ਰਾਹਮਣ 6 ਬਾਣੀਆ 426 ਜੱਜ, ਓ. ਬੀ. ਸੀ. ਜਾਤ ਦੇ 35 ਜੱਜ, ਐਸ ਸੀ. ਦੇ 15 ਜੱਜ, ਐਸ ਟੀ. ਦੇ 5 ਜੱਜ।

# ਸ਼ਰਾਰਤੀ ਅਨਸਰਾਂ ਨੇ ਡਾ. ਅੰਬੇਦਕਰ ਦੀ ਮੂਰਤੀ ਤੋੜੀ



ਉਤਰ ਪ੍ਰਦੇਸ਼ ਦੇ ਥਾਣਾ ਕਾਦਰਚੌਂਕ ਦੇ ਪਿੰਡ ਭੂਡਾ ਭਦਰੋਲ (ਬਰੀ ਕਾ ਨਗਰ) ਵਿਚ ਕੁਝ ਸ਼ਰਾਰਤੀ ਅਨਸਰਾਂ ਨੇ ਡਾ. ਅੰਬੇਦਕਰ ਦੀ ਮੂਰਤੀ ਤੋੜ ਦਿੱਤੀ ਹੈ। ਬਸਪਾ ਜ਼ਿਲ੍ਹਾ ਪ੍ਰਧਾਨ ਡਾ. ਕਾਂਤੀ ਕੁਮਾਰ ਨੇ ਦੱਸਿਆ ਕਿ ਉਹਨਾਂ ਨੇ ਇਸ ਮਾਮਲੇ ਨੂੰ ਲੈ ਕੇ ਡੀ. ਐਮ ਅਤੇ ਐਸ. ਐਸ. ਪੀ. ਨਾਲ ਗੱਲ ਕੀਤੀ ਹੈ ਅਤੇ ਉਹ ਤੁਰੰਤ ਮੌਕੇ ਤੇ ਪਹੁੰਚ ਗਏ।






ਸ੍ਰੀ ਗੁਰੂ ਰਵਿਦਾਸ ਸਭਾ ਕੈਲੀਫੋਰਨੀਆ ਵੱਲੋਂ 28 ਜੂਨ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 30ਵਾਂ ਸਥਾਪਨਾ ਦਿਵਸ ਗੁਰੂ ਘਰ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 26 ਜੂਨ (ਸ਼ੁੱਕਰਵਾਰ) ਸਵੇਰੇ 9 ਵਜੇ

ਨਿਸ਼ਾਨ ਸਾਹਿਬ ਦੀ ਸੇਵਾ ਸ਼ਨਿਚਰਵਾਰ 27 ਜੂਨ ਨੂੰ ਸਵੇਰੇ 11.30 ਵਜੇ ਹੋਵੇਗੀ

ਭੋਗ ਸ੍ਰੀ ਅਖੰਡ ਪਾਠ ਸਾਹਿਬ 28 ਜੂਨ (ਐਤਵਾਰ) ਸਵੇਰੇ 9 ਵਜੇ

ਭੋਗ ਤੋਂ ਬਾਅਦ 1.30 ਵਜੇ ਤੱਕ ਕੀਰਤਨ ਦੀਵਾਨ ਸਮਾਗਮ ਹੋਵੇਗਾ

## ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ

## 21 ਜੂਨ, 2015

### ਭਾਈ ਰਛਪਾਲ ਰੱਤੂ ਵੱਲੋਂ ਸੁਖਮਨੀ ਸਾਹਿਬ ਪਾਠ ਅਤੇ ਲੰਗਰ ਦੀ ਸੇਵਾ

### 5 ਜੁਲਾਈ 2015

ਭਾਈ ਰਛਪਾਲ ਰੱਤੂ ਅਤੇ ਬੀਬੀ ਤੋਸ਼ਾ ਰਾਣੀ ਰੱਤੂ ਵੱਲੋਂ ਆਪਣੇ ਸਪੁੱਤਰ ਮਾਈਕਲ ਰੱਤੂ ਦੇ ਸਹਿਯੋਗ ਨਾਲ ਆਪਣੀ ਲੜਕੀ ਮਨੀਸ਼ਾ ਰੱਤੂ ਦੁਆਰਾ ਹਾਈ ਸਕੂਲ ਗ੍ਰੈਜੂਏਸ਼ਨ ਕਰਨ ਦੇ ਸ਼ੁਕਰਾਨੇ ਵਜੋਂ ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ ਦੀ ਸੇਵਾ ਕਰਵਾਈ ਜਾ ਰਹੀ ਹੈ। ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਬੱਚੀ ਨੂੰ ਆਸ਼ੀਰਵਾਦ ਦਿਓ।

## ਸੁਖਮਨੀ ਸਾਹਿਬ ਦਾ ਪਾਠ ਅਤੇ ਲੰਗਰ ਸੇਵਾ ਭਾਈ ਸੁਰਜੀਤ ਸਿੰਘ ਅਤੇ ਕਮਲਜੀਤ ਕੌਰ ਰੱਤੂ ਵੱਲੋਂ

## 12 ਜੁਲਾਈ 2015

ਭਾਈ ਸੁਰਜੀਤ ਸਿੰਘ ਰੱਤੂ ਅਤੇ ਬੀਬੀ ਕਮਲਜੀਤ ਕੌਰ ਰੱਤੂ ਦੁਆਰਾ ਉਹਨਾਂ ਦੀ ਸਪੁੱਤਰੀ ਹਰਪ੍ਰੀਤ ਕੌਰ (ਹਰਬੰਸ ਸਿੰਘ ਅਤੇ ਗਿਆਨ ਰੱਤੂ ਦੀ ਪੋਤੀ) ਦੇ 18ਵੇਂ ਜਨਮ ਦਿਨ ਦੇ ਸੰਦਰਭ ਵਿਚ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਜਾ ਰਹੇ ਹਨ। ਸਮੂਹ ਪਰਿਵਾਰ ਵੱਲੋਂ ਬੇਨਤੀ ਹੈ ਕਿ ਇਸ ਮੌਕੇ ਪਹੁੰਚ ਕੇ ਬੱਚੀ ਹਰਪ੍ਰੀਤ ਕੌਰ ਨੂੰ ਆਸ਼ੀਰਵਾਦ ਦਿਓ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

**ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਉਕਤ ਦਿਹਾੜਿਆਂ ਮੌਕੇ ਗੁਰੂ ਘਰ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਕਥਾ-ਕੀਰਤਨ ਦਾ ਆਨੰਦ ਲੈਂਦਿਆਂ ਵਿਦਵਾਨਾਂ ਦੇ ਵਿਚਾਰ ਸੁਣੋ।**

**ਇਸ ਮੌਕੇ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਸਟਾਲ ਅਤੇ ਲੰਗਰ ਜਾਂ ਹੋਰ ਸੇਵਾ ਲਈ ਸੰਪਰਕ ਕਰੋ
ਦਿਲਬਾਗ ਸਿੰਘ (ਜਨਰਲ ਸਕੱਤਰ 209-834-4641
ਅਭਿਸ਼ੇਕ ਪਾਲ (ਸਹਾਇਕ ਸਕੱਤਰ) 925-695-4639

ਨੋਟ: ਗੁਰੂ ਘਰ ਦੀ ਨਵੀਂ ਕਮੇਟੀ ਦੀ ਚੋਣ 2015-2016 ਦੇ ਲਈ ਜੁਲਾਈ ਵਿਚ ਹੋਵੇਗੀ, ਇਸ ਕਰਕੇ ਆਪਣੀ ਮੈਂਬਰਸ਼ਿਪ ਰਿਨਿਊ ਕਰਵਾਉਣਾ ਨਾ ਭੁੱਲੋ

**Sewadars**

| Chairman | President | General Secretary | Treasurer |
|---|---|---|---|
| Faqira Mehmi | Ramesh Suman | Dilbag Singh | Narinder Chahal |
| (925)698.1341 | (925) 366.3618 | (209)834-4641 | (209)627.7974 |

# ਸਾਹਿਤਕ ਪੈੜਾਂ

## ਜੀ ਆਇਆਂ ਨੂੰ

ਪਰਮਿੰਦਰ ਸਿੰਘ ਰਾਏ
916-825-4141



ਜੀ ਆਇਆਂ ਨੂੰ ਜੀ ਆਇਆਂ ਨੂੰ
ਮਾਂ ਬੋਲੀ ਪੰਜਾਬੀ ਦੇ ਜਾਇਆਂ ਨੂੰ
ਜੀ ਆਇਆਂ
ਸਦਾ ਕਾਨ ਪਹੰਸ ਮਹਾਨ ਹੁੰਦੀ
ਵਿਦਿਆ ਦੀ ਇੱਥੇ ਖੁੱਲ੍ਹਦੀ ਘੁੰਡੀ
ਧੰਨ ਭਾਗ ਹੈ ਮੇਲ ਮਿਲਾਇਆਂ ਨੂੰ
ਜੀ ਆਇਆਂ

ਅੱਜ ਸੂਝਵਾਨ
ਵਿਦਵਾਨ ਆਏ
ਜਿਹਨਾਂ ਇਸ ਬੋਲੀ ਨੂੰ ਚੱਪੂ ਲਾਏ
ਬਲਿਹਾਰੇ ਜਗ ਤੇ ਫੈਲਾਇਆਂ ਨੂੰ
ਜੀ ਆਇਆਂ
ਏਸੇ ਬੋਲੀ 'ਚ ਭਗਤ ਤੇ ਪੀਰ ਹੋਏ
ਗੁਰੂ ਸੰਤ ਸਿਪਾਹੀ ਫਕੀਰ ਹੋਏ
ਸੀਸ ਝੁਕਦਾ ਗ੍ਰੰਥ ਰਚਾਇਆਂ ਨੂੰ
ਜੀ ਆਇਆਂ

ਸਭ ਜਗ ਤੇ ਪੰਜਾਬੀ ਵਿਛਦੀ ਏ
ਏਅਰ ਪੋਰਟਾਂ ਡੀ ਐਮ ਵੀ 'ਚ ਦਿਸਦੀ ਏ
ਸਦਕੇ ਹਰ ਥਾਂ ਚਮਕਾਇਆਂ ਨੂੰ
ਜੀ ਆਇਆਂ

ਸਦਾ ਜੀਵਤ ਰੱਬ ਅਤੇ ਬਾਣੀ ਹੈ
ਜੋ ਜੜ੍ਹ ਇਸ ਬੋਲੀ ਦੀ ਜਾਣੀ ਹੈ
ਪ੍ਰਣਾਮ 'ਰਾਏ' (ਬਾਣੀ) ਨੰਦੀ ਛਾਇਆਂ ਨੂੰ
ਜੀ ਆਇਆਂ

## ਪਹਿਲੇ ਮੁੜ ਆਉਣ ਪੰਜਾਬ ਦੇ ਰੰਗ ਲੋਕੋ !

ਜਸਵੰਤ "ਜੱਸੀ" ਸ਼ੀਮਾਰ
916-293-6030



ਸਰਕਾਰ ਖਿਲਾਫ ਹੁਣ ਛੇੜ ਦਿਓ ਜੰਗ ਲੋਕੋ
ਬਹੁਤ ਕਰ ਲਿਆ ਜਨਤਾ ਨੂੰ ਤੰਗ ਲੋਕੋ

ਮਨਮਰਜ਼ੀਆਂ ਸਰਕਾਰ ਨਾ ਕਰੇ ਮੁੜ ਕੇ
ਤੋੜ ਦਿਓ ਸਰਕਾਰ ਦੀ ਟੰਗ ਲੋਕੋ

ਪੰਜ ਸਾਲ ਨਾ ਲੋਕਾਂ ਨੂੰ ਮੂੰਹ ਦਿਖਾਵਣ
ਭੁੱਲ ਜਾਂਦੇ ਨੇ ਵੋਟਾਂ ਮੰਗ ਲੋਕੋ

ਵੋਟਾਂ ਮੰਗਣ ਜੇ ਆਉਣਗੇ ਚੋਣਾਂ ਵੇਲੇ
ਬੇਸ਼ੱਕ ਮੋੜ ਦਿਓ ਤੁਸੀਂ ਬੇਰੰਗ ਲੋਕੋ

ਤਿਜੋਰੀਆਂ ਆਪਣੀਆਂ ਭਰ ਲਈਆਂ ਲੀਡਰਾਂ ਨੇ
ਪਰ ਕਰ ਦਿੱਤਾ ਪੰਜਾਬ ਨੂੰ ਨੰਗ ਲੋਕੋ

ਧੀਆਂ ਪੁੱਤਰ ਇਹਨਾਂ ਦੇ ਮਹਿਫੂਜ਼ ਰਹਿੰਦੇ
ਟੁੱਟਦੀ ਬੇਗਾਨੀ ਦੀ ਟੁੱਟ ਜਾਏ ਵੰਗ ਲੋਕੋ

ਬਿਆਨ ਦੇ ਕੇ ਮਿੰਟਾਂ ਵਿਚ ਮੁੱਕਰ ਜਾਂਦੇ
ਲਾਹ ਲਈ ਬਿਲਕੁਲ ਇਹਨਾਂ ਨੇ ਸੰਗ ਲੋਕੋ

'ਜੱਸੀ' ਕਰਦਾ ਦੁਆਵਾਂ ਰੱਬ ਅੱਗੇ
ਪਹਿਲੇ ਮੁੜ ਆਉਣ ਪੰਜਾਬ ਦੇ ਰੰਗ ਲੋਕੋ!
(ਜੰਗ ਤੋਂ ਭਾਵ ਸੰਵਿਧਾਨਕ ਹੱਕਾਂ ਦੀ ਗੱਲ)

## ਮਾਏ ਨੀ ਮੈਂ ਤੇਰੇ ਵਿਹੜੇ ਦਾ ਬੂਟਾ

ਜੁਗਿੰਦਰ 'ਧਾਮੀ' ਪਿੱਪਲਾਂਵਾਲੀਆ (530) 844-0987



ਮਾਏ ਨੀ ਮੈਂ ਤੇਰੇ ਵਿਹੜੇ ਦਾ ਬੂਟਾ
ਮਾਏ ਨੀ ਮੈਂ ਤੇਰੇ ਵਿਹੜੇ ਦਾ ਬੂਟਾ
ਤੇ ਮੈਨੂੰ ਹੱਥੀਂ ਤੂੰ ਉਖਾੜ ਦੇਣਾ...

ਬਾਪੂ ਕਹਿਣਾ ਧੀਏ ਜਾ ਘਰ ਆਪਣੇ
ਤੇ ਮੈਨੂੰ ਆਪ ਡੋਲੀ ਵਿਚ ਚਾੜ੍ਹ ਦੇਣਾ
ਮਾਏ ਨੀ ਮੈਂ ਤੇਰੇ ਵਿਹੜੇ ਦਾ ਬੂਟਾ
ਤੇ ਮੈਨੂੰ ਹੱਥੀਂ ਤੂੰ ਉਖਾੜ ਦੇਣਾ।

ਬੂਟਾ ਧੀਆਂ ਦਾ ਛਾਵਾਂ ਕਰਦਾ ਏ
ਦੁੱਖ ਸੁੱਖ ਵੇਲੇ ਨਾਲ ਖੜ੍ਹਦਾ ਏ
ਜਦ ਮਾਏ ਤੂੰ ਕੱਲੀ ਉਦਾਸ ਹੋਵੇ
ਤੇਰੇ ਨਾਲ ਗੱਲਾਂ ਵੀ ਕਰਦਾ ਏ...

ਫੇ ਕੀ ਹੋਇਆ ਦੱਸ ਮਾਏ ਕਾਹਤੇ
ਬੂਟਾ ਕੱਢ ਬਿਹੜੇ 'ਚੋਂ ਬਾਹਰ ਦੇਣਾ
ਮਾਏ ਨੀ ਮੈਂ ਤੇਰੇ ਵਿਹੜੇ ਦਾ ਬੂਟਾ
ਤੇ ਮੈਨੂੰ ਹੱਥੀਂ ਤੂੰ ਉਖਾੜ ਦੇਣਾ।

ਇਹ ਕਿਸ ਨੇ ਜੁਦਾਈਆਂ ਬਣਾਈਆਂ ਨੇ
ਜੋ ਧੀਆਂ ਦੀ ਕਿਸਮਤ ਆਈਆਂ ਨੇ
ਧੀਆਂ ਵੀ ਤਾਂ ਇੱਥੇ ਹੀ ਜੰਮੀਆਂ ਨੇ
ਫੇ ਕਾਹਤੇ ਕਹੋ ਪਰਾਈਆਂ ਨੇ...

ਤੇਰੀ ਮਹਿਜ਼ ਭਰੀ ਫੁੱਲਵਾੜੀ ਏ
ਇਹਨੂੰ ਕਾਹਤੇ ਮਾਏ ਉਜਾੜ ਦੇਣਾ
ਮਾਏ ਨੀ ਮੈਂ ਤੇਰੇ ਵਿਹੜੇ ਦਾ ਬੂਟਾ
ਤੇ ਮੈਨੂੰ ਹੱਥੀ ਤੂੰ ਉਖਾੜ ਦੇਣਾ।

ਇਹ ਕਿਸ ਨੇ ਰਿਵਾਜ ਬਣਾ ਦਿੱਤਾ
ਸਾਨੂੰ ਬੇਵੱਸ ਮਾਏ ਬਣਾ ਦਿੱਤਾ
ਧੀਆਂ ਧੰਨ ਪਰਾਇਆ ਹੁੰਦੀਆਂ ਨੇ
ਇਹ ਹੁਕਮ ਸਮਾਜ ਨੇ ਸੁਣਾ ਦਿੱਤਾ...

ਜਦੋਂ ਪੁੱਛਣਾ ਮੈਂ ਬਾਪੂ ਕਾਹਤੇ ਤੋਰਦਾ ਏ
ਰੀਤ ਜੱਗ ਦੀ ਕਹਿ ਕੇ ਪੱਲਾ ਝਾੜ ਦੇਣਾ
ਮਾਏ ਨੀ ਮੈਂ ਤੇਰੇ ਵਿਹੜੇ ਦਾ ਬੂਟਾ
ਤੇ ਮੈਨੂੰ ਹੱਥੀਂ ਤੂੰ ਉਖਾੜ ਦੇਣਾ।

ਭਾਵੇਂ ਦੂਰ ਤੇਰੇ ਤੋਂ ਤੁਰ ਜਾਣਾ
ਸਾਡਾ ਦਿਲ ਤਾਂ ਤੇਰੇ ਵਿਚ ਰਹਿਣਾ ਏ
ਬੇਬੇ ਪੱਕੀ ਰੋਟੀ ਖਾ ਲੈ ਬਹਿ ਕੇ
ਦੱਸ ਫਿਰ ਤੈਨੂੰ ਕਿਸ ਕਹਿਣਾ ਏ...

ਸ਼ਾਇਦ ਅਸੀਂ ਮਜਬੂਰ ਹੋ ਜਾਵਾਂਗੇ
ਮਾਏ ਤੂਹੀ ਗੇੜਾ ਸਾਡੇ ਮਾਰ ਦੇਣਾ
ਮਾਏ ਨੀ ਮੈਂ ਤੇਰੇ ਵਿਹੜੇ ਦਾ ਬੂਟਾ
ਤੇ ਮੈਨੂੰ ਹੱਥੀਂ ਤੂੰ ਉਖਾੜ ਦੇਣਾ।

'ਧਾਮੀ' ਵੀਰਾ ਤਾਂ ਪੁੱਤ ਮੇਰੇ ਤਾਏ ਦਾ
ਪਰ ਸਾਨੂੰ ਤਾਂ ਮਾਂ ਜਿਹੇ ਜਾਏ ਦਾ
ਕਮਲਾ ਜਿਹਾ ਅੱਖਾਂ ਭਰਦਾ ਏ ...
ਨਾਲੇ ਬਰੀ ਸੰਦੂਕ 'ਚ ਧਰਦਾ ਏ
ਉਹਨੂੰ ਕਹੀਂ ਭੈਣ ਨੂੰ ਯਾਦ ਰੱਖੀਂ
ਕਿਤੇ ਪਿੰਡ ਨਾ ਭੈਣ ਦਾ ਵਿਸਾਰ ਦੇਣਾ

ਮਾਏ ਨੀ ਮੈਂ ਤੇਰੇ ਵਿਹੜੇ ਦਾ ਬੂਟਾ
ਤੇ ਮੈਨੂੰ ਹੱਥੀਂ ਤੂੰ ਉਖਾੜ ਦੇਣਾ
ਬਾਪੂ ਕਹਿੰਦਾ ਧੀਏ ਜਾ ਘਰ ਆਪਣੇ
ਤੇ ਮੈਨੂੰ ਆਪ ਡੋਲੀ ਵਿਚ ਚਾੜ੍ਹ ਦੇਣਾ
ਮਾਏ ਨੀ ਮੈਂ ਤੇਰੇ ਵਿਹੜੇ ਦਾ ਬੂਟਾ।

## 'ਮਾਂ ਨਾ ਮਿਲਦੀ'

ਚਰਨ ਆਨੰਦ ਦਾ ਨਵਾਂ ਸਾਹਿਤਕ ਨਾਂ ਚਰਨ ਪ੍ਰਦੇਸੀ



ਚਰਨ 'ਪ੍ਰਦੇਸੀ'
916-587-4002

ਅੱਜ ਰਾਤੀ ਇਕ ਸੁਪਨਾ ਆਇਆ, ਸੁਪਨੇ ਵਿਚ ਮਾਂ ਮੈਨੂੰ ਬੁਲਾਇਆ,
ਕਹਿਣ ਲੱਗੀ ਹੁਣ ਮੁੜ ਆ ਪੁੱਤਰਾ, ਸਹਿ ਨਹੀਂ ਹੁੰਦਾ ਹੁਣ ਤੇਰਾ ਦੁੱਖੜਾ।
ਸਾਰੀ ਰਾਤ ਮੈਨੂੰ ਨੀਂਦ ਨਾ ਆਵੇ, ਮੁੜ-ਮੁੜ ਮੁਖੜਾ ਤੇਰਾ ਸਾਹਮਣੇ ਆਵੇ,
ਖਬਰੇ ਤੂੰ ਕੀ ਕਰਦਾ ਹੋਣੈ, ਪਰਦੇਸੀਂ ਦੁੱਖੜੇ ਕਿੰਝ ਜਰਦਾ ਹੋਣੈ।
ਤੁੱਧ ਬਿਨ ਨਾ ਰੋਟੀ ਚੰਗੀ ਲੱਗਦੀ ਕੌਣ ਖੁਆਊ ਤੈਨੂੰ ਚੂਰੀ ਘਰ ਦੀ,
ਘਰ ਦਾ ਦਰਵਾਜ਼ਾ ਮੈਂ ਖੁੱਲ੍ਹਾ ਰੱਖ ਕੇ, ਸੌਂ ਜਾਨੀ ਆਂ ਮੈਂ ਇਹ ਸੋਚ ਕੇ।
ਆ ਜਾਵੇ ਕਦੇ ਤੂੰ ਭੁੱਲਾ ਭਟਕਾ, ਤੇਰਾ ਵਿਛੋੜਾ ਦੇ ਜਾਵੇ ਝਟਕਾ,
ਕਦੇ ਮੈਂ ਦੇਵਾਂ ਤੈਨੂੰ ਲੋਰੀ, ਹੋਈ ਜਾਨ ਹੁਣ ਮੇਰੀ ਖੋਰੀ।
ਯਤਨ ਕਰਾਂ ਮੈਂ ਸਾਂਝ ਸਵੇਰੇ, ਟੁਰ ਜਾਵਾਂ ਕਿਸੇ ਸੰਤ ਦੇ ਡੇਰੇ,
ਫਿਰ ਸੋਚਾਂ ਵਿਚ ਡੁੱਬ ਜਾਨੀ ਆਂ, ਜਾ ਕੇ ਅੱਧ 'ਚੋਂ ਮੁੜ ਆਨੀ ਆਂ।
ਫੋਟੋ ਤੇਰੀ ਦੇ ਸਾਹਮਣੇ ਬਹਿ ਕੇ, ਕਰ ਜਾਵਾਂ ਕਈ ਗੱਲਾਂ ਕਹਿਕੇ,
ਤੂੰ ਨਾ ਅੱਗੋਂ ਹੁੰਗਾਰਾ ਭਰਦਾ, ਡੁੱਬ ਜਾਂਦਾ ਏ ਦਿਲ ਮੇਰਾ ਤਰਦਾ।
ਅੱਖਾਂ ਦੀ ਲੋ ਜਾਵੇ ਘਟਦੀ, ਕੌਣ ਬਣੇ ਹੁਣ ਮੇਰਾ ਦਰਦੀ,
ਤੈਨੂੰ ਚਿੰਤਾ ਏ ਇਸ ਘਰ ਦੀ, ਥੋੜ੍ਹ ਨਹੀਂ ਇੱਥੇ ਕਿਸੇ ਗੱਲ ਦੀ।
ਭੈਣ ਤੇਰੀ ਤੈਨੂੰ ਤੱਕਦੀ ਰਹਿੰਦੀ,
ਮਨ ਦੀ ਗੱਲ ਉਹ ਕਦੇ ਨਾ ਕਹਿੰਦੀ,
ਆ ਜਾ ਮਿਲ ਹੁਣ ਬੈਠ ਕੇ ਸਾਰੇ,
ਕਰੀਏ ਹੁਣ ਉਸ ਦਾ ਕੁਝ ਉਪਚਾਰੇ।
ਕੁਝ ਗੱਲਾਂ ਜੋ ਹੋਣ ਜ਼ਰੂਰੀ,
ਕਰਨੀਆਂ ਪੈਣ ਫਿਰ ਸਮੇਂ ਤੇ ਪੂਰੀ,
ਖੁੰਝਿਆ ਵਕਤ ਫਿਰ ਹੱਥ ਨਹੀਂ ਆਉਂਦਾ, ਰਹਿ ਜਾਵੇ ਬੰਦਾ ਪਛਤਾਉਂਦਾ।
ਅੱਜ ਜਿਉਂਦਾ ਜੇ ਬਾਪੂ ਤੇਰਾ, ਕਰ ਲੈਂਦੀ ਫਿਰ ਮੈਂ ਵੀ ਜੇਰਾ,
ਪੈਸਾ ਉਸ ਵੀ ਖੂਬ ਕਮਾਇਆ, ਕੀ ਖੱਟਿਆ ਕੀ ਉਸ ਪਾਇਆ।
ਚਲਾ ਗਿਆ ਇਕ ਪਾਸੇ ਧਰ ਕੇ ਕੌਣ ਲਿਆਵੇ ਹੁਣ ਉਸ ਨੂੰ ਮੁੜਕੇ,
ਆ ਜਾ ਬੱਚਿਆ ਨਾ ਲਾਵੀਂ ਦੇਰੀ, ਝੁੱਲ ਜਾਏ ਨਾ ਕੋਈ ਹਨੇਰੀ।
ਰੱਲ ਕੇ ਸਾਰੇ ਗੁਜ਼ਰ ਕਰਾਂਗੇ, ਇਕ ਦੂਜੇ ਦਾ ਹਿਜ਼ਰ ਭਰਾਂਗੇ,
ਆ ਘਰ ਜਲਦੀ ਖੁਸ਼ੀ ਮਨਾਈਏ, ਭੈਣ ਤੇਰੀ ਦਾ ਵਿਆਹ ਰਚਾਈਏ।
'ਚਰਨ' ਕਹੇ ਸੁਣ ਗੱਲ ਹੁਣ ਮੇਰੀ, ਮਾਂ ਨਹੀਂ ਮਿਲਦੀ ਮਿਲੇ ਦੌਲਤ ਬਥੇਰੀ।

## ਫਾਦਰ ਡੇਅ ਨੂੰ ਸਮਰਪਿਤ ਕਵਿਤਾ



ਗੁਰਦਿਆਲ ਸਿੰਘ ਨੂਰਪੁਰ
(408) 449-2446

ਰੱਬ ਨੂੰ ਲੱਭਦਾ ਫਿਰਦੈਂ ਬੰਦਿਆ
ਅੱਠਸੱਠ ਤੀਰਥ ਕਰਦੈਂ ਬੰਦਿਆ

ਧਾਰਮਿਕ ਪੋਥੀਆਂ ਪੜ੍ਹਦੈਂ ਬੰਦਿਆ
ਗਿਆਨ ਦੀਆਂ ਗੱਲਾਂ ਕਰਦੈਂ ਬੰਦਿਆ

ਮੈਂ ਹੀ ਮੈਂ ਬੱਸ ਗਾਉਂਦਾ ਫਿਰਦੈਂ
ਸੜਕਾਂ ਤੇ ਲੰਗਰ ਲਾਉਂਦਾ ਫਿਰਦੈਂ

ਕੌਤਰ ਸੌ ਜੱਗ ਕਰਵਾ ਲੈ ਭਾਵੇਂ
ਸਰੋਵਰਾਂ ਵਿਚ ਚੁੱਭੀਆਂ ਲਾ ਲੈ ਭਾਵੇਂ

'ਨੂਰਪੁਰੀ' ਰੱਬ ਨੇ ਖੁਸ਼ ਨਹੀਂ ਹੋਣਾ
ਜੇ ਸੱਚ ਦਾ ਵਪਾਰ ਨਾ ਕੀਤਾ

ਸਵਰਗਾਂ ਦੀ ਕਦੇ ਆਸ ਨਾ ਰੱਖੀਂ
ਜੇ ਮਾਂ ਪਿਓ ਦਾ ਸਤਿਕਾਰ ਨਾ ਕੀਤਾ।

## ਪਾਣੀ ਦੇ ਲਈ ਤਿੰਨ ਵਿਆਹ

ਇਹ ਤਸਵੀਰ ਮਹਾਰਾਸ਼ਟਰ ਦੇ ਇਕ ਛੋਟੇ ਜਿਹੇ ਪਿੰਡ ਦੇਨਗਾਨਮਲ ਦੀ ਹੈ। ਸ਼ਿਵਾਰਤੀ ਨਾਮਦੇਵ ਦੀ ਦੂਜੀ ਪਤਨੀ ਹੈ। ਉਸਦਾ ਸਾਰਾ ਦਿਨ ਪਾਣੀ ਪੀਣ ਦਾ ਜੁਗਾੜ ਕਰਨ ਵਿਚ ਹੀ ਬੀਤਦਾ ਹੈ। ਪਾਣੀ ਲਿਆਉਣ ਦੇ ਲਈ ਉਸਨੂੰ ਪਿੰਡ ਤੋਂ ਬਾਹਰ ਧੁੱਪ ਵਿਚ ਮੀਲਾਂ ਪੈਦਲ ਚੱਲਣਾ ਪੈਂਦਾ ਹੈ।ਪਿੰਡ ਦੇ ਕੁਝ ਲੋਕਾਂ ਨੇ ਘਰ ਵਿਚ ਪੀਣ ਦੇ ਪਾਣੀ ਦਾ ਲੋੜੀਂਦਾ ਪ੍ਰਬੰਧ ਕਰਨ ਦੇ ਲਈ ਦੋ ਜਾਂ



ਤਿੰਨ ਵਿਆਹ ਕੀਤੇ ਹਨ। ਇਹਨਾਂ ਨੂੰ 'ਜਲ ਪਤਨੀ' ਕਿਹਾ ਜਾਂਦਾ ਹੈ। ਰੂੜੀਵਾਦੀ ਸਮਾਜ ਵਿਚ ਸਨਮਾਨ ਪ੍ਰਾਪਤ ਕਰਨ ਦੇ ਲਈ ਵਿਧਵਾ ਜਾਂ ਇਕੱਲੀ ਮਾਂ ਵੀ ਜਲ ਪਤਨੀ ਬਣਨ ਦੇ ਲਈ ਤਿਆਰ ਹੋ ਜਾਂਦੀ ਹੈ। ਦੂਰ ਖੂਹ ਤੋਂ ਪਾਣੀ ਲਿਆਉਣਾ ਹੀ ਇਹਨਾਂ ਦਾ ਮਕਸਦ ਹੁੰਦਾ ਹੈ। ਆਮ ਤੌਰ ਤੇ ਅਜਿਹੀਆਂ ਔਰਤਾਂ ਨੂੰ ਵਿਆਹੇ ਜੀਵਨ ਦਾ ਸੁਖ ਨਹੀਂ ਮਿਲਦਾ ਅਤੇ ਜਦੋਂ ਇਹ ਬੁੱਢੀਆਂ ਹੋ ਜਾਂਦੀਆਂ ਹਨਤਾਂ ਪਤੀ ਇਕ ਹੋਰ ਵਿਆਹ ਕਰਕੇ ਨੌਜਵਾਨ ਪਤਨੀ ਘਰ ਲੈ ਆਉਂਦਾ ਹੈ। ਪਾਣੀ ਦਾ ਸੰਕਟ ਦਿਨੋ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ।

## .ਗਜ਼ਲ

ਕੁਲਬੀਰ ਸਿੰਘ ਕੰਵਲ
98151-43028



ਮੁਹੱਬਤ ਦਾ ਜਗਾ ਦੀਵਾ ਬਰੂਹੀਂ ਰੱਖਣਾ ਆਪਾਂ
ਹਨੇਰੇ ਰਸਤਿਆਂ ਅੰਦਰ ਹੈ ਲੋਅ ਬਣ ਚਮਕਣਾ ਆਪਾਂ।।

ਬਹਾਰਾਂ ਨੂੰ ਉਡੀਕੋ ਬੈਠ ਕੇ ਹੁਣ ਘਰ ਤੁਸੀਂ ਅਪਣੇ
ਮਗਰ ਪਤਝੜ ਤੇ ਤਨਹਾਈ ਨੂੰ ਬਹਿਕੇ ਮਾਨਣਾ ਆਪਾਂ।।

ਘਰਾਂ ਵਿਚ ਖ਼ੌਫ ਹੈ ਮਾਤਮ ਸਿਰੇ ਦੀ ਨੇਰ੍ਹ ਗ਼ਰਦੀ ਹੈ
ਬਚਾਉਣਾ ਫੇਰ ਵੀ ਹੈ ਆਫ਼ਤਾਂ ਤੋਂ ਆਲ੍ਹਣਾ ਆਪਾਂ।।

ਕਿਨਾਰੇ ਤੇ ਜਦੋਂ ਲੱਗੂ ਸਫ਼ਰ 'ਚੋਂ ਆਣ ਕੇ ਕਿਸ਼ਤੀ
ਸਫ਼ਰ ਇਹ ਆਖਰੀ ਨਈਂ ਫੇਰ ਚੱਪੂ ਸਾਂਭਣਾ ਆਪਾਂ।।

ਮੁਹੱਬਤ ਕਰ ਸਕੇ ਹਾਂ ਪਲ ਦੋ ਪਲ ਹੀ ਹੈ ਇਹੀ ਕਾਫੀ
ਹੈ ਸਾਰੀ ਉਮਰ ਖੁਸ਼ਬੂ ਦੇ ਪਲਾਂ ਨੂੰ ਮਾਨਣਾ ਆਪਾਂ।।

ਦਿਲਾਂ ਦੀ ਸਾਂਝ ਤਾਂ ਰੱਖੀਏ ਦਿਲਾਂ ਵਿਚ ਨਿੱਘ ਤਾਂ ਰੱਖੀਏ
ਨਹੀਂ ਜੇ ਕੋਲ ਆਉਣਾ ਜੇ ਨਹੀਂ ਹੈ ਬੋਲਣਾ ਆਪਾਂ।।

## ਧੀਆਂ

ਕਸ਼ਮੀਰ ਘੇਸਲ
94636- 56047

ਪੇਕੇ ਸੌਹਰੇ ਦੋਹੀਂ ਘਰੀਂ ਇਹ
ਧੀਆਂ ਹੀ ਸੇਵਾ ਕਰਦੀਆਂ ਨੇ।
ਫਿਰ ਵੀ ਜੰਮਣ ਤੋਂ ਪਹਿਲਾਂ ਕਿਉਂ
ਕੁੱਖਾਂ ਦੇ ਵਿਚ ਇਹ ਮਰਦੀਆਂ ਨੇ।

ਨਾਜ਼ੁਕ ,ਸੋਹਲ ਤੇ ਫੁੱਲਾਂ ਵਰਗੀਆਂ
ਨਿੱਤ ਜ਼ੁਲਮ ਤਸ਼ੱਦਦ ਜ਼ਰਦੀਆਂ ਨੇ।
ਅੱਖਾਂ ਸਾਹਮਣੇ ਤੁਸਾਂ ਦੇਖ ਲਿਆ ਹੈ,
ਦਾਜ ਕੁਲਹਣੇ ਹੱਥੋਂ ਇਹ ਸੜ੍ਹਦੀਆਂ ਨੇ ।

ਮਰਦ-ਪ੍ਰਧਾਨ ਇਸ ਯੁੱਗ ਦੇ ਅੰਦਰ,
ਇਹ ਗ਼ਮਾਂ ਦੇ ਸਾਗਰ ਹੀ ਤਰਦੀਆਂ ਨੇ।
ਆਫ਼ਤ ਜਦ ਵੀ ਆਣ ਪਈ ਦੁਨੀਆਂ ਤੇ
ਝਾਂਸੀ ਦੀ ਰਾਣੀ ਬਣ ਕੇ ਲੜਦੀਆਂ ਨੇ।

ਮਾਤ-ਲੋਕ ਵਿਚ ਮਾਂ ਪਤਨੀ ਦੇ ਰੂਪ ਵਿਚ
ਮੁਹੱਬਤਾਂ ਦੀ ਹੀ ਹਾਮੀਂ ਭਰਦੀਆਂ ਨੇ।
ਲੱਖ-ਖੁਣੀਆਂ ਇਹ ਧੀਆਂ ਨੇ 'ਘੇਸਲ'
ਕੁਨਬੇ ਲਈ ਸੁੱਖ-ਅਰਦਾਸਾਂ ਕਰਦੀਆਂ ਨੇ।





ਭਾਰਤੀ ਸਵੈਹੋਂਦ ਸੰਗਠਨ (ਲਕਸ਼ੈ) ਵੱਲੋਂ ਉਤਰ ਪ੍ਰਦੇਸ਼ ਦੇ ਜ਼ਿਲ੍ਹਾ ਲਖਨਊ ਦੇ ਪਿੰਡ ਗਾਰਡੀਅਨ ਪੁਰਬਾ ਵਿਚ ਇਕ ਦਿਨਾ ਕੈਡਰ ਕੈਂਪ ਆਯੋਜਿਤ ਕੀਤਾ ਗਿਆ, ਜਿਸ ਵਿਚ ਔਰਤ ਕਮਾਂਡਰਾਂ ਦੁਆਰਾ ਬਹੁਜਨ ਸਮਾਜ ਨੂੰ ਭਾਰਤੀ ਸੰਵਿਧਾਨ ਦੁਆਰਾ ਮਿਲੇ ਅਧਿਕਾਰਾਂ ਦੇ ਸਬੰਧ ਵਿਚ ਵਿਸਥਾਰਿਤ ਚਰਚਾ ਕੀਤੀ। ਜਿਸ ਵਿਚ ਲੱਗਭੱਗ ਦੋ ਸੌ ਔਰਤਾਂ ਅਤੇ ਪੁਰਸ਼ਾਂ ਨੇ ਭਾਗ ਲਿਆ। ਉਕਤ ਕੈਂਪ ਵਿਚ ਔਰਤ ਕਮਾਂਡਰਾਂ ਸੰਘਮਿੱਤਰਾ ਗੌਤਮ, ਅੰਜੂ ਸਿੰਘ, ਕਮਲੇਸ਼ ਸਿੰਘ, ਰਜਨੀ ਸੋਲੰਕੀ, ਤਾਰਾ ਅਤੇ ਰੇਖਾ ਅਰੀਆ ਆਦਿ ਨੇ ਆਪਣੇ ਵਿਚਾਰ ਪ੍ਰਗਟ ਕੀਤੇ।




# ਕੋਈ 31, ਕੋਈ 25 ਤਾਂ ਕੋਈ 19, ਘੱਟ ਉਮਰ ਵਿਚ ਦੁਨੀਆਂ ਛੱਡ ਗਈਆਂ ਇਹ ਅਭਿਨੇਤਰੀਆਂ

**ਸਾਲ 2000 ਵਿਚ ਫਿਲਮ ਪਾਗਲਪਣ ਤੋਂ ਬਾਲੀਵੁੱਡ ਵਿਚ ਆਈ ਅਭਿਨੇਤਰੀ ਆਰਤੀ ਅਗਰਵਾਲ ਦਾ ਦੇਹਾਂਤ ਹੋ ਗਿਆ ਹੈ। ਦਿਲ ਦਾ ਦੌਰਾ ਪੈਣ ਤੋਂ ਬਾਅਦ ਨਿਊ ਜਰਸੀ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ। ਜਿੱਥੇ ਸ਼ਨੀਵਾਰ ਨੂੰ ਉਹਨਾਂ ਨੇ ਆਖਰੀ ਸਾਹ ਲਈ। ਉਸਦੇ ਮੈਨੇਜਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਵਰਣਨਯੋਗ ਹੈ ਕਿ ਬਾਲੀਵੁੱਡ ਤੋਂ ਜ਼ਿਆਦਾ ਉਹਨਾਂ ਨੇ ਤੇਲਗੂ ਫਿਲਮਾਂ ਦੇ ਲਈ ਕੰਮ ਕੀਤਾ। ਤੇਲਗੂ ਫਿਲਮਾਂ ਵਿਚ ਕੰਮ ਕਰਨ ਵਾਲੀ ਆਰਤੀ ਨੇ ਸਾਊਥ ਫਿਲਮ ਇੰਡਸਟਰੀ ਵਿਚ ਕਰੀਬ 20 ਫਿਲਮਾਂ ਵਿਚ ਕੰਮ ਕੀਤਾ ਸੀ।**



### 31 ਸਾਲ ਦੀ ਸੀ ਆਰਤੀ

ਆਰਤੀ ਅਗਰਵਾਲ ਹਾਲੇ ਕੇਵਲ 31 ਸਾਲ ਦੀ ਸੀ। ਉਸਦਾ ਜਨਮ 5 ਮਾਰਚ 1984 ਨੂੰ ਨਿਊਜਰਸੀ ਯੂਨਾਈਟਿਡ ਸਟੇਟ ਵਿਚ ਹੋਇਆ ਸੀ। ਪਿਛਲੇ ਕੁਝ ਸਮੇਂ ਤੋਂ ਉਹਨਾਂ ਦੇ ਮੋਟਾਪੇ ਅਤੇ ਫੇਫੜਿਆਂ ਦੀ ਬਿਮਾਰੀ ਦਾ ਇਲਾਜ ਚੱਲ ਰਿਹਾ ਸੀ। ਸ਼ਨੀਵਾਰ ਨੂੰ ਨਿਊ ਜਰਸੀ ਵਿਚ ਹੀ ਦਿਲ ਦਾ ਦੌਰਾ ਪਿਆ ਅਤੇ ਉਹਨਾਂ ਨੂੰ ਬਚਾਇਆ ਨਹੀਂ ਜਾ ਸਕਿਆ।

ਵੈਸੇ, ਆਰਤੀ ਪਹਿਲੀ ਸੈਲੀਬ੍ਰਿਟੀ ਨਹੀਂ ਹੈ, ਜਿਹਨਾਂ ਨੇ ਬੇਹੱਦ ਘੱਟ ਉਮਰ ਵਿਚ ਜ਼ਿੰਦਗੀ ਦਾ ਸਾਥ ਛੱਡ ਦਿੱਤਾ। ਬਾਲੀਵੁੱਡ ਵਿਚ ਅਜਿਹੇ ਕਈ ਸੈਲੀਬ੍ਰਿਟੀਜ਼ ਰਹੇ ਹਨ, ਜਿਹਨਾਂ ਵਿਚੋਂ 19 ਤਾਂ ਕੋਈ 25 ਸਾਲ ਦੀ ਉਮਰ ਵਿਚ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਇਸ ਪੈਕੇਜ ਦੇ ਜ਼ਰੀਏ ਨਜ਼ਰ ਪਾਉਂਦੇ ਹਾਂ ਅਜਿਹੇ ਵਿਚ ਹੀ ਕੁਝ ਸੈਲੀ-ਬ੍ਰਿਟੀਜ਼ ਤੇ ਜੋ 40 ਸਾਲ ਦੀ ਉਮਰ ਤੋਂ ਪਹਿਲਾਂ ਹੀ ਦੁਨੀਆਂ ਨੂੰ ਅਲਵਿਦਾ ਕਹਿ ਗਏ।



### ਜਿਆ ਖਾਨ

3 ਜੂਨ 2013 ਨੂੰ ਜਿਆ ਖਾਨ ਦੀ ਮੌਤ ਹੋ ਗਈ ਸੀ। ਜਿਆ ਜੁਹੂ ਸਥਿਤ ਆਪਣੇ ਅਪਾਰਟਮੈਂਟ ਵਿਚ ਮ੍ਰਿਤਕ ਪਾਈ ਗਈ ਸੀ। ਪੁਲਿਸ ਜਿੱਥੇ ਮਾਮਲੇ ਨੂੰ ਆਤਮ ਹੱਤਿਆ ਦਾ ਨਾਂ ਦੇ ਰਹੀ ਸੀ। ਉਥੇ ਹੀ ਜੀਆ ਦੇ ਪਰਿਵਾਰ ਵਾਲਿਆਂ ਦੀ ਮੰਨੀਏ ਤਾਂ ਉਹਨਾਂ ਦੀ ਹੱਤਿਆ ਕੀਤੀ ਗਈ ਸੀ। ਜੀਆ ਦੀ ਮੌਤ ਦੀ ਅਸਲੀ ਵਜ੍ਹਾ ਕੀ ਸੀ, ਇਹ ਰਾਜ਼ ਅੱਜ ਵੀ ਬਰਕਰਾਰ ਹੈ। ਇਸ ਮਾਮਲੇ ਵਿਚ ਉਹਨਾਂ ਦੇ ਕਥਿਤ ਬੁਆਏ ਫਰੈਂਡ ਸੂਰਜ ਪੰਚੋਲੀ ਤੋਂ ਪੁਲਿਸ ਨੇ ਕਈ ਵਾਰ ਪੁੱਛਗਿੱਛ ਕੀਤੀ ਹੈ। ਵਰਣਨਯੋਗ ਹੈ ਕਿ ਸੂਰਜ ਬਾਲੀਵੁੱਡ ਅਭਿਨੇਤਾ ਅਦਿਤਿਆ ਪੰਚੋਲੀ ਦੇ ਬੇਟੇ ਹਨ। ਜੀਆ ਖਾਨ ਬਾਲੀਵੁੱਡ ਦੇ ਉਹਨਾਂ ਸਟਾਰਾਂ ਵਿਚੋਂ ਇਕ ਹੈ, ਜਿਹਨਾਂ ਨੇ ਬੇਹੱਦ ਘੱਟ ਉਮਰ ਵਿਚ ਜ਼ਿੰਦਗੀ ਦਾ ਸਾਥ ਛੱਡ ਦਿੱਤਾ। ਜਿਸ ਵਕਤ ਉਸਦੀ ਮੌਤ ਹੋਈ, ਉਸ ਵਕਤ ਉਹਨਾਂ ਦੀ ਉਮਰ ਕੇਵਲ 25 ਸਾਲ ਦੀ ਸੀ। ਉਸਦਾ ਜਨਮ 20 ਫਰਵਰੀ 1988 ਵਿਚ ਨਿਊਯਾਰਕ ਵਿਚ ਹੋਇਆ ਸੀ।



### ਦਿਵਿਆ ਭਾਰਤੀ

ਖਬਰਾਂ ਦੀ ਮੰਨੀਏ ਤਾਂ 10 ਮਈ 1992 ਨੂੰ ਉਹਨਾਂ ਨੇ ਫਿਲਮ ਨਿ-ਰਦੇਸ਼ਕ ਸਾਜਿਦ ਨਾਡਿਆਡਵਾਲਾ ਨਾਲ ਵਿਆਹ ਕੀਤਾ। ਵਿਆਹ ਨੂੰ ਸਾਲ ਵੀ ਨਹੀਂ ਬੀਤਿਆ ਸੀ ਕਿ 5 ਅਪ੍ਰੈਲ 1993 ਨੂੰ ਉਹਨਾਂ ਨੇ ਆਪਦੇ ਪੰਜ ਮੰਜ਼ਿਲਾ ਅਪਾਰਟਮੈਂਟ ਦੀ ਛੱਤ ਤੋਂ ਕੁੱਦ ਕੇ ਆਤਮ ਹੱਤਿਆ ਕਰ ਲਈ। ਹਾਲਾਂਕਿ ਇਹ ਗੱਲ ਹੁਣ ਤੱਕ ਭੇਦ ਹੀ ਹੈ ਕਿ ਦਿਵਿਆ ਨੈ ਆਤਮ ਹੱਤਿਆ ਕਿਉਂ ਕੀਤੀ ਸੀ। ਦਿਵਿਆ ਦੀ ਜਿਸ ਵਕਤ ਮੌਤ ਹੋਈ, ਉਦੋਂ ਉਹ ਕੇਵਲ 19 ਸਾਲ ਦੀ ਸੀ। ਮੌਤ ਤੋਂ ਪਹਿਲਾਂ ਦਿਵਿਆ ਭਾਰਤੀ ਨੇ 20 ਤੋਂ ਜ਼ਿਆਦਾ ਫਿਲਮਾਂ ਵਿਚ ਕੰਮ ਕੀਤਾ ਸੀ। ਜਿਹਨਾਂ ਵਿਚ ਬਾਲੀਵੁੱਡ ਦੀ ਦੀਵਾਨਾ, ਗੀਤ ਦਿਲ ਹੀ ਤੋ ਹੈ, ਦਿਲ ਆਸ਼ਨਾ ਹੈ ਅਤੇ ਰੰਗ ਵਰਗੀਆਂ ਸ਼ਾਨਦਾਰ ਫਿਲਮਾਂ ਸ਼ਾਮਲ ਹਨ। ਵਰਣਨਯੋਗ ਹੈ ਕਿ ਇਹ ਸਾਰੀਆਂ ਫਿਲਮਾਂ ਉਹਨਾਂ ਨੇ 1991 ਤੋਂ 1993 ਵਿਚਕਾਰ ਕੀਤੀਆਂ ਹਨ।

### ਸਾਬਕਾ ਮਿਸ ਇੰਡੀਆ ਯੂਨੀਵਰਸ ਨਫੀਸਾ ਜੋਸਫ

ਟੀ. ਵੀ. ਅਭਿਨੇਤਰੀ ਅਤੇ ਮਾਡਲ ਨਫੀਸਾ ਜੋਸਫ ਦੀ ਮੌਤ ਕਿਸੇ ਭੇਦ ਤੋਂ ਘੱਟ ਨਹੀਂ ਹੈ। 1997 ਵਿਚ ਮਿਸ ਇੰਡੀਆ ਯੂਨੀਵਰਸ ਦਾ ਤਾਜ ਆਪਣੇ ਨਾਂ ਕਰਨ ਵਾਲੀ ਨਫੀਸਾ 2004 ਵਿਚ ਕੇਵਲ 26 ਸਾਲ ਦੀ ਉਮਰ ਵਿਚ ਫਾਂਸੀ ਲਟਕ ਗਈ ਸੀ। ਨਫੀਸਾ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਇਕ ਮਾਡਲ ਦੇ ਰੂਪ ਵਿਚ ਕੀਤੀ ਸੀ, ਪਰ ਉਹਨਾਂ ਨੇ ਇਕ ਅਭਿਨੇਤਰੀ ਦੇ ਰੂਪ ਵਿਚ ਆਪਣੀ ਪਛਾਣ ਬਣਾਈ ਸੀ। ਉਹਨਾਂ ਨੇ ਐਮ. ਟੀ. ਵੀ. ਤੇ ਇਕ ਸ਼ੋਅ ਹੋਸਟ ਕਰਨ ਦੇ ਲਈ ਵੀ ਜਾਣਿਆ ਜਾਂਦਾ ਸੀ। ਵਰਣਨਯੋਗ ਹੈ ਕਿ ਨਫੀਸਾ ਨੇ ਬਾਲੀਵੁੱਡ ਫਿਲਮ 'ਤਾਲ' ਅਤੇ ਟੀ ਵੀ ਸੀਰੀਅਲ ਵਿਚ ਮੁੱਖ ਭੂਮਿਕਾ ਨਿਭਾਈ ਸੀ।



# ਫੀਫਾ ਘਿਰੀ ਘਪਲੇ-ਘੁਟਾਲਿਆਂ ਵਿਚ



ਵਿਸ਼ਵ ਫੁੱਟਬਾਲ ਦੀ ਸੰਚਾਲਕ ਸੰਸਥਾ ਫੀਫਾ 'ਤੇ ਭ੍ਰਿਸ਼ਟ-ਾਚਾਰ ਨਾਲ ਜੁੜੇ ਦੋ ਮਾਮਲਿਆਂ ਦੀ ਜਾਂਚ ਦਾ ਸੰਕਟ ਮੰਡਰਾ ਰਿਹਾ ਹੈ। ਇਸ ਭ੍ਰਿਸ਼ਟਾਚਾਰ ਵਿਚ ਕੁੱਲ 14 ਲੋਕਾਂ ਦੇ ਸ਼ਾਮਲ ਹੋਣ ਦਾ ਸੰਕੇਤ ਮਿਲਿਆ ਹੈ ਜਿਸ ਮਗਰੋਂ ਅਮਰੀਕੀ ਅਧਿ-ਕਾਰੀਆਂ ਦੀ ਗੁਜ਼ਾਰਿਸ਼ 'ਤੇ ਸਵਿਟਜ਼ਰਲੈਂਡ ਵਿਚ ਫੀਫਾ ਦੇ ਸੱਤ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਕਥਿਤ ਤੌਰ 'ਤੇ ਇੱਥੇ 15 ਕਰੋੜ ਡਾਲਰ ਦੀ ਰਕਮ ਭਾਵ ਲੱਗਭੱਗ 970 ਕਰੋੜ ਰੁਪਏ ਤੋਂ ਜ਼ਿਆਦਾ ਦਾ ਭ੍ਰਿਸ਼ਟਾਚਾਰ ਮਾਮਲਾ ਹੈ। ਇਸ ਦੇ ਕੁਝ ਹੀ ਘੰਟੇ ਮਗਰੋਂ ਸਵਿਟਜ਼ਰਲੈਂਡ ਦੇ ਅਧਿਕ-ਾਰੀਆਂ ਨੇ ਖੁਦ ਸਾਲ 2018 ਅਤੇ 2022 ਦੀ ਵਿਸ਼ਵ ਕੱਪ ਮੇਜ਼ਬਾਨੀ ਦੀ ਬੋਲੀ ਦੀ ਪ੍ਰਕਿਰਿਆ ਦੀ ਅਪਰਾਧਿਕ ਜਾਂਚ ਸ਼ੁਰੂ ਕਰ ਦਿੱਤੀ ਹੈ। ਸਵਿਟਜ਼ਰਲੈਂਡ ਦੀ ਪੁਲਿਸ ਨੇ ਜਿਊਰਿਖ ਵਿਚ ਫੀਫਾ ਦੇ ਮੁੱਖ ਦਫਤਰ 'ਤੇ ਛਾਪਾ ਮਾਰਿਆ ਅਤੇ ਇਲੈਕਟ੍ਰਾਨਿਕ ਸਬੂਤਾਂ ਨੂੰ ਜ਼ਬਤ ਕਰ ਲਿਆ ਹੈ।

**ਮਾਮਲਾ ਕਿਉਂ ਹੈ ਅਹਿਮ:-** ਫੀਫਾ 'ਤੇ ਇਹ ਦੋਸ਼ 2011 ਵਿਸ਼ਵ ਕੱਪ ਦੀ ਮੇਜ਼ਬਾਨੀ ਦਾ ਅਧਿਕਾਰ ਕਤਰ ਨੂੰ ਦਿੱਤੇ ਜਾਣ 'ਤੇ ਲੱਗੇ ਹਨ। ਪਿਛਲੇ ਸਾਲ ਦਸੰਬਰ 'ਚ ਫੀਫਾ ਨੇ ਭ੍ਰਿਸ਼ਟਾਚਾਰ ਨਾਲ ਜੁੜੀ ਆਪਣੀ ਜਾਂਚ ਰਿਪੋਰਟ ਜਾਰੀ ਨਾ ਕਰਨ ਦਾ ਫੈਸਲਾ ਕੀਤਾ, ਫੀਫਾ ਦਾ ਕਹਿਣਾ ਸੀ ਕਿ ਇਸ ਜਾਂਚ 'ਚ ਬੋਲੀ ਦੀ ਪ੍ਰਕਿਰਿਆ ਨੂੰ ਦੋਸ਼ ਮੁਕਤ ਦੱਸਿਆ ਗਿਆ ਸੀ। ਇਸ ਰਿਪੋਰਟ ਦੇ ਲੇਖਕ ਅਮਰੀਕਾ ਵਾਸੀ ਮਾਈਕਲ ਗਾਰਸੀਆ ਨੇ ਅਸਤੀਫ਼ਾ ਦੇ ਦਿੱਤਾ। ਫੁੱਟਬਾਲ ਵਿਸ਼ਵ ਕੱਪ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਖੇਡ ਆਯੋਜਕਾਂ 'ਚ ਇਕ ਮੰਨਿਆ ਜਾਂਦਾ ਹੈ ਜਿਸ ਨਾਲ ਅਰਬਾਂ ਡਾਲਰ ਦੀ ਕਮਾਈ ਹੁੰਦੀ ਹੈ। ਇਹਨਾਂ ਗ੍ਰਿਫ਼ਤਾਰੀਆਂ ਅਤੇ ਜਾਂਚ ਨਾਲ ਪਿਛਲੇ ਤਿੰਨ ਟੂਰਨਾਮੈਂਟ ਦੇ ਆਯੋਜਨ ਪ੍ਰਕਿਰਿਆ 'ਚ ਪਾਰਦਰਸ਼ਤਾ ਅਤੇ ਇਮਾਨਦਾਰੀ 'ਤੇ ਸਵਾਲ ਖੜ੍ਹੇ ਹੋਏ ਹਨ।

ਅਮਰੀਕਾ ਦੇ ਦੋਸ਼ ਸਭ ਤੋਂ ਗੰਭੀਰ ਹਨ, ਜਿਹਨਾਂ ਦਾ ਸਬੰਧ 1991 ਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਵੀ ਹੈ। ਇਸ ਨਾਲ ਜੇਲ੍ਹ ਦੀ ਸਜ਼ਾ ਵੀ ਹੋ ਸਕਦੀ ਹੈ। ਸਵਿਟਜ਼ਰਲੈਂਡ ਦਾ ਅਪਰਾਧਿਕ ਮਾਮਲਾ ਹੁਣ ਵੀ ਜਾਂਚ ਦੇ ਪੱਧਰ 'ਤੇ ਹੈ ਪਰ ਇਸ ਨਾਲ ਆਗਾਮੀ ਵਿਸ਼ਵ ਕੱਪ ਦੀ ਮੇਜ਼ਬਾਨੀ ਦੇਣ ਨਾਲ ਜੁੜੇ ਮਾਮਲੇ ਸਾਹਮਣੇ ਆ ਸਕਦੇ ਹਨ। ਹਾਲਾਂਕਿ ਸਵਿਟਜ਼ਰਲੈਂਡ ਨੇ ਇਹ ਸਾਫ ਕਰ ਦਿੱਤਾ ਹੈ ਕਿ ਫੀਫਾ ਵਾਸਤਵ ਵਿਚ ਪੀੜਤ ਪੱਖ ਹੈ। ਇਸ ਦਾ ਮਤਲਬ ਇਹ ਹੈ ਕਿ ਉਹ ਕੁਝ ਅਜਿਹੇ ਲੋਕਾਂ ਦੀ ਜਾਂਚ ਕਰ ਰਹੇ ਹਨ, ਜਿਹਨਾਂ ਨੇ ਨਿੱਜੀ ਪੱਧਰ 'ਤੇ ਬੋਲੀ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕੀਤਾ ਅਤੇ ਇਸ ਦੀ ਵਰਤੋਂ ਕਾਲੇ ਧਨ ਨੂੰ ਜਾਇਜ਼ ਬਣਾਉਣ ਲਈ ਕੀਤੀ।

**ਭ੍ਰਿਸ਼ਟਾਚਾਰ ਦੇ ਦੋਸ਼ ਕਿਹਨਾਂ ਤੇ?**

ਅਮਰੀਕੀ ਅਧਿਕਾਰੀਆਂ ਦੀ ਅਪੀਲ 'ਤੇ ਜਿਹਨਾਂ ਸੀਨੀਅਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹ ਕੰਫੈਡਰੇਸ਼ਨ ਆਫ ਨਾਰਥ, ਸੈਂਟਰਲ ਅਮਰੀਕਾ ਐਂਡ ਕੈਰੇਬੀਅਨ ਐਸੋਸੀਏਸ਼ਨ ਫੁੱਟਬਾਲ (ਕਾਨਕਾਕੈਫ) ਨਾਲ ਜੁੜੇ ਹੋਏ ਹਨ, ਜੋ ਫੀਫਾ ਦਾ ਹਿੱਸਾ ਹਨ। ਮੁੱਖ ਤੌਰ 'ਤੇ ਇਹਨਾਂ ਖੇਤਰਾਂ ਵਿਚ ਇਹ ਸੰਸਥਾ ਫੁੱਟਬਾਲ ਦੀ ਪ੍ਰਭਾਰੀ ਹੈ। ਇਸ ਦੀ ਮੁੱਖ ਭੂਮਿਕਾ ਅਮਰੀਕਾ ਵਿਚ ਵਿਸ਼ਵ ਕੱਪ ਟੀ. ਵੀ. ਅਤੇ ਪ੍ਰਯੋਜਿਤ ਕਰਨ ਨਾਲ ਜੁੜੇ ਸੌਦਿਆਂ ਲਈ ਸਹਿਮਤੀ ਬਣਾਉਣਾ ਹੈ।

ਜੈਫਰੀ ਵੈਬ ਕਾਨਕਾਕੈਫ ਦੇ ਮੁਖੀ ਹਨ ਅਤੇ ਉਹਨਾਂ ਨੂੰ ਫੀਫਾ ਦੇ ਪ੍ਰਧਾਨ ਸੈਪ ਬਨੇਟਰ ਦੇ ਉਤਰਾਧਿਕ-ਾਰੀ ਦੇ ਤੌਰ 'ਤੇ ਦੇਖਿਆ ਜਾਂਦਾ ਹੈ। ਉਹਨਾਂ ਤੋਂ ਪਹਿਲਾਂ ਦੇ ਅਧਿਕਾਰੀ ਜੈਕ ਵਾਰਨਰ ਵੀ ਮੁਲਜ਼ਮ ਹਨ। ਵਾਰਨਰ 'ਤੇ ਧੋਖਾਧੜੀ ਦੇ ਦੋਸ਼ਾਂ ਦੀ ਜਾਂਚ ਸ਼ੁਰੂ ਹੋਣ ਕਾਰਨ ਹੀ ਵੇਬ ਨੇ ਉਹਨਾਂ ਦੀ ਥਾਂ ਲਈ ਹੈ। ਇਸ ਮਾਮਲੇ ਵਿਚ ਇਕ ਮੁੱਖ ਵਿਅਕਤੀ ਚਾਰਲਸ 'ਚਕ' ਬਲੇਜਰ ਵੀ ਹੈ ਜੋ ਫੀਫਾ ਵਿਚ ਅਮਰੀਕੀ ਫੁਟਬਾਲ ਦੇ ਸਾਬਕਾ ਪ੍ਰਤੀਨਿਧੀ ਰਹੇ ਹਨ ਅਤੇ ਅਮਰੀਕੀ ਜਾਂਚ ਸੰਸਥਾ ਐਫ. ਬੀ. ਆਈ. ਦੀ ਜਾਂਚ ਦਾ ਅਹਿਮ ਹਿੱਸਾ ਹਨ। ਉਹਨਾਂ ਨੇ ਪਹਿਲਾਂ ਹੀ ਗੁਨਾਹ ਮੰਨ ਕੇ 19 ਲੱਖ ਡਾਲਰ ਦਾ ਭੁਗਤਾਨ ਕਰ ਦਿੱਤਾ ਹੈ। ਗ੍ਰਿਫ਼ਤਾਰ ਹੋਏ ਲੋਕਾਂ 'ਚ ਮੱਧ ਅਤੇ ਦੱਖਣੀ ਅਮਰੀਕਾ ਦੇ ਫੀਫਾ ਅਧਿਕਾਰੀ ਵੀ ਹਨ।

**ਸੈਪ ਬਨੇਟਰ ਦੀ ਗ੍ਰਿਫ਼ਤਾਰੀ**

ਸੈਫ ਬਨੇਟਰ ਦੀ ਗ੍ਰਿਫ਼ਤਾਰੀ ਨਹੀਂ ਹੋਈ। ਫੀਫਾ ਪ੍ਰਧਾਨ ਫੁੱਟਬਾਲ ਦੇ ਸਭ ਤੋਂ ਤਾਕਤਵਰ ਸ਼ਖਸ ਹਨ ਅਤੇ ਅਮਰੀਕਾ ਦੇ ਦੋਸ਼ਾਂ 'ਚ ਉਹਨਾਂ ਦਾ ਨਾਂ ਨਹੀਂ ਹੈ। ਹਾਲਾਂਕਿ ਉਹਨਾਂ ਦਾ ਕਹਿਣਾ ਹੈ ਕਿ ਜੋ ਲੋਕ ਗ੍ਰਿਫ਼ਤਾਰ ਹੋਏ ਹਨ, ਉਹ ਫੀਫਾ ਦੇ ਇਕ ਹਿੱਸੇ ਦੇ ਤੌਰ 'ਤੇ ਕੰਮ ਕਰ ਰਹੇ ਸੀ ਜਿਸ ਦੇ ਮੁਖੀ ਬਨੇਟਰ ਹਨ। ਉਹਨਾਂ 'ਤੇ ਦਬਾਅ ਵਧਣ ਮਗਰੋਂ ਵੀ ਉਹਨਾਂ ਨੇ ਅਹੁਦਾ ਛੱਡਣ ਤੋਂ ਇਨਕਾਰ ਕਰ ਦਿੱਤਾ। ਇਸ ਵਿਵਾਦ ਵਿਚਾਲੇ ਹੀ ਸੈਪ ਬਨੇਟਰ ਨੂੰ ਪੰਜਵੀਂ ਵਾਰ ਫੀਫਾ ਪ੍ਰਧਾਨ ਚੁਣ ਲਿਆ ਗਿਆ। ਬਲੇਟਰ ਨੇ ਹਾਲ ਹੀ ਵਿਚ ਉਹਨਾਂ ਰਿਪੋਰਟਾਂ ਨੂੰ ਰੱਦ ਕਰ ਦਿੱਤਾ ਹੈ ਜਿਸ ਮੁਤਾਬਕ ਉਹ ਅਮਰੀਕਾ ਜਾਣ ਤੋਂ ਬਚ ਰਹੇ ਸੀ ਕਿਉਂਕਿ ਉਹਨਾਂ ਨੂੰ ਆਪਣੀ ਗ੍ਰਿਫ਼ਤਾਰੀ ਦਾ ਡਰ ਸੀ।

**ਅਧਿਕਾਰੀ ਕਿਉਂ ਹੋਏ ਗ੍ਰਿਫ਼ਤਾਰ:**

ਐਫ. ਬੀ. ਆਈ. ਪਿਛਲੇ ਤਿੰਨ ਸਾਲਾਂ ਤੋਂ ਫੀਫਾ ਦੀ ਜਾਂਚ ਕਰ ਰਹੀ ਹੈ। ਸ਼ੁਰੂਆਤੀ ਜਾਂਚ ਵਿਚ ਸਿਰਫ਼ 2018 ਵਿਚ ਰੂਸ ਨੂੰ ਅਤੇ 2022 ਵਿਚ ਕਤਰ ਨੂੰ ਵਿਸ਼ਵ ਕੱਪ ਦੀ ਮੇਜ਼ਬਾਨੀ ਦੇਣ 'ਚ ਗੜਬੜੀ ਦਾ ਮਾਮਲਾ ਸਾਹਮਣੇ ਆਇਆ ਪਰ ਪਿਛਲੇ ਸਾਲਾਂ ਵਿਚ ਫੀਫਾ ਦੀ ਕਾਰਵਾਈ ਦੀ ਜਾਂਚ ਹੋ ਰਹੀ ਹੈ। ਇਸ ਜਾਂਚ ਵਿਚ ਕਿਹਾ ਗਿਆ ਹੈ ਕਿ ਭ੍ਰਿਸ਼ਟਾਚਾਰ ਦੀ ਯੋਜਨਾ ਅਮਰੀਕਾ ਵਿਚ ਬਣੀ, ਬੇਬੁੱਕ ਇਸ 'ਤੇ ਦੂਜੀ ਜਗ੍ਹਾ 'ਤੇ ਅਮਲ ਕੀਤਾ ਗਿਆ ਹੋਵੇ। ਪੂਜੀ ਦੇ ਤਬਾਦਲੇ 'ਚ ਅਮਰੀਕੀ ਬੈਂਕਾਂ ਦੀ ਵਰਤੋਂ ਜਾਂਚ ਦਾ ਅਹਿਮ ਮਸਲਾ ਹੈ।

ਸਵਿਟਜ਼ਰਲੈਂਡ ਹੀ ਕਿਉ?- ਇਹ ਫੀਫਾ ਦਾ ਮੁੱਖ ਕੇਂਦਰ ਹੈ ਅਤੇ ਚੈਰਿਟੀ ਦੇ ਤੌਰ ਤੇ ਕੰਪਨੀ ਦਾ ਪੰਜੀਕਰਨ ਹੋਣ ਨਾਲ ਇਸ ਨੂੰ ਘੱਟ ਟੈਕਸ ਭੁਗਤਾਨ ਦੀ ਇਜਾਜ਼ਤ ਮਿਲੀ ਹੈ। ਸਵਿਟਜ਼ਰਲੈਂਡ ਨੂੰ ਇਕ ਅਜਿਹੇ ਦੇਸ਼ ਦੇ ਤੌਰ 'ਤੇ ਦੇਖਿਆ ਜਾ ਸਕਦਾ ਹੈ ਜਿੱਥੇ ਥੋੜ੍ਹੀ ਘੱਟ ਪਾਰ-ਦਰਸ਼ੀ ਕੰਪਨੀਆਂ ਦਾ ਸਵਾਗਤ ਕੀਤਾ ਜਾਂਦਾ ਹੈ। ਖਾਸ ਤੌਰ 'ਤੇ ਟੈਕਸ ਦੇ ਮਾਮਲੇ ਵਿਚ। ਪਰ ਅਮਰੀਕਾ ਦੇ ਨਾਲ ਇਸ ਦੇ ਆਪਸੀ ਸਮਝੌਤਿਆਂ ਵਿਚ ਇਹ ਸਪਸ਼ਟ ਹੈ ਕਿ ਸਵਿਟਜ਼ਰਲੈਂਡ ਅਪਰਾਧਿਕ ਮਾਮਲੇ ਵਿਚ ਸ਼ਾਮਲ ਲੋਕਾਂ ਨੂੰ ਅਮਰੀਕਾ ਨੂੰ ਸੌਂਪੇਗਾ।

ਕਥਿਤ ਤੌਰ ਤੇ ਇਸ ਵਿਚ ਕਾਫ਼ੀ ਪੈਸਾ ਲੱਗਾ ਹੈ। ਅਮਰੀਕਾ ਦੇ ਦੋਸ਼ਾਂ ਮੁਤਾਬਕ ਇਹ ਲੱਗਭੱਗ 7,970 ਕਰੋੜ ਰੁਪਏ ਦਾ ਮਾਮਲਾ ਹੈ। ਕੈਰੇਬਿਆਈ ਭ੍ਰਿਸ਼ਟਾਚਾਰ ਨਾਲ ਜੁੜੀ ਫੀਫਾ ਦੀ ਪਹਿਲਾਂ ਲੀਕ ਹੋਈ ਰਿਪੋਰਟ 'ਚ ਇਹ ਦੋਸ਼ ਸੀ ਕਿ ਅਧਿਕਾਰੀਆਂ ਨੂੰ ਬਤੌਰ ਰਿਸ਼ਵਤ ਲੱਗਭੱਗ 40 ਹਜ਼ਾਰ ਡਾਲਰ ਨਕਦ ਲਿਫਾਫੇ ਵਿਚ ਬੰਦ ਕਰਕੇ ਦਿੱਤੀ ਗਈ। ਫੀਫਾ ਮੁੱਖ ਤੌਰ ਤੇ ਵਿਸ਼ਵ ਕੱਲ ਤੋਂ ਹੀ ਕਮਾਈ ਕਰਦੀ ਹੈ ਅਤੇ ਮੁਨਾਫੇ ਦੇ ਲਿਹਾਜ ਨਾਲ ਇਹ ਸਭ ਤੋਂ ਆਕਰਸ਼ਕ ਖੇਡ ਆਯੋਜਨ ਹੈ। ਇਸ ਨੇ ਕਮਾਈ ਦੇ ਮਾਮਲੇ ਵਿਚ ਉਲੰਪਿਕ ਨੂੰ ਪਿੱਛੇ ਛੱਡ ਦਿੱਤਾ ਹੈ। ਪਿਛਲੇ ਸਾਲ ਫੀਫਾ ਦੇ ਮੇਜ਼ਬਾਨ ਦੇਸ਼ ਬ੍ਰਾਜੀਲ ਦੀ ਲਾਗਤ 4 ਅਰਬ ਡਾਲਰ ਸੀ ਜਦੋਂ ਕਿ ਫੀਫਾ ਨੇ 2 ਅਰਬ ਡਾਲਰ ਤੋਂ ਜ਼ਿਆਦਾ ਮੁਨਾਫ਼ਾ ਕਮਾਇਆ ਹੈ। ਅਜਿਹੀ ਉਮੀਦ ਹੈ ਕਿ ਅਗਲੇ ਦੋ ਵਿਸ਼ਵ ਕੱਪਾਂ ਦੀ ਲਾਗਤ ਕਾਫ਼ੀ ਵੱਧ ਸਕਦੀ ਹੈ। ਮੇਜ਼ਬਾਨੀ ਲਈ ਬੋਲੀ ਲਗਾਉਣ 'ਤੇ ਵੀ ਕਾਫ਼ੀ ਖਰਚਾ ਹੁੰਦਾ ਹੈ।

# INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (415) 706-7027
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

BRIDAL BOUTIQUE JEWELRY

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆਂ ਤੋਂ
ਵਧੀਆਂ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆਂ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ

KASH FABRICS
ONE STOP SHOPPING CENTRE
29576 Mission Blvd, Hayward, CA 94544
www.kashfabrics.com
Tel: 510-538-1138



ਕਸ਼ਮੀਰ ਸਿੰਘ ਧੂੰਗਾ ਅਤੇ ਗੁਰਜੀਤ ਕੌਰ ਧੂੰਗਾ

# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

# The Threading Queen



threading & Heena Tattoos
Call for appointment
(916) 297-0150, (916) 316-8199

EYEBROW THREADING & HENNA TATTOO (EACH HAND) ONLY FOR $5.00

REGULAR $8.00
WALK IN WELCOME
MON-SAT 10am TO 7pm
WE ACCEPT EBT CARDS

1265 PLEASANT GROVE BLVD. # 100 ROSEVILLE CA 95747
5203 ELKHORN BLVD.SACRAMENTO CA 95842
916-786-7666 • 916-338-5511

# Grant Line Insurance Agency, Inc.

## DBA Sky High Insurance Agency

One stop shop for all your Insurance needs

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email: nfo@skyhighinsuranceagency.com
Website: www.skyhighinsuranceagency.com


ਮਨਦੀਪ ਬਿਆੜਾ
ਏਜੰਟ
209-666-0032


ਜਸਵੀਰ ਕੌਰ
ਬਰੋਕਰ
925-895-8140


ਗਗਨਦੀਪ ਸਿੰਘ
ਏਜੰਟ
925-724-7070


ਹਰਮਨ ਸਿੰਘ
ਏਜੰਟ
510-415-8154



# Continental



ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।




Bhajji Gill
(510-277-6315),
Chain Gill
510-542-1181

42400 Boyce Rd., Unite F, Fremont, CA 94538

Truck, Trailer Repair & Tyre Servicse